ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 74 | 7 to 13 June, 2023 | Ph.: (510) 240-5949 | Email: asrtimes@gmail.com

# ਭਾਰਤ 'ਚ ਘੱਟ ਗਿਣਤੀਆਂ ਦੇ ਅਧਿਕਾਰ ਕਿੰਨੇ ਕੁ ਸੁਰੱਖਿਅਤ ?

- ਸਿੱਖਾਂ ਸਮੇਤ ਭਾਰਤ 'ਚ 6 ਘੱਟ ਗਿਣਤੀ ਭਾਈਚਾਰੇ ਮੌਜੂਦ
- ਘੱਟ ਗਿਣਤੀਆਂ 'ਚ ਬੇਗਾਨੇਪਣ ਦਾ ਅਹਿਸਾਸ ਕਿਉਂ ?
- ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਵਿਕਾਸ ਕਿਵੇਂ ਸੰਭਵ ?
- ਆਪਣੇ ਅਧਿਕਾਰਾਂ ਅਤੇ ਫ਼ਰਜ਼ਾਂ ਪ੍ਰਤੀ ਸੁਚੇਤ ਹੋਣ ਦੀ ਲੋੜ



ਪਟਿਆਲਾ/ਏ.ਟੀ.ਨਿਊਜ਼ : ਵਿਸ਼ਵ 'ਚ ਸਭ ਤੋਂ ਵੱਡੇ ਲੋਕਤੰਤਰ ਵਾਲੇ ਦੇਸ਼ ਮੰਨੇ ਜਾਂਦੇ ਭਾਰਤ ਵਿੱਚ ਇਸ ਸਮੇਂ ਘੱਟ ਗਿਣਤੀਆਂ ਆਪਣੇ ਆਪ ਨੂੰ ਅਸੁਰੱਖਿਅਤ ਅਤੇ ਬੇਗਾਨਾ ਮਹਿਸੂਸ ਕਰ ਰਹੀਆਂ ਹਨ। ਭਾਵੇਂ ਕਿ ਭਾਰਤ ਦੇ ਸੰਵਿਧਾਨ ਰਾਹੀਂ ਭਾਰਤ 'ਚ ਘੱਟ ਗਿਣਤੀਆਂ ਨੂੰ ਅਨੇਕਾਂ ਅਧਿਕਾਰ ਮਿਲੇ ਹੋਏ ਹਨ ਪਰ ਅਕਸਰ ਭਾਰਤ 'ਚ ਬਹੁਗਿਣਤੀ ਭਾਈਚਾਰੇ ਵੱਲੋਂ ਘੱਟ ਗਿਣਤੀ ਭਾਈਚਾਰਿਆਂ ਨੂੰ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ, ਜਿਸ ਦਾ ਸਬੂਤ ਪਿਛਲੇ ਸਾਲਾਂ ਦੌਰਾਨ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਵਾਪਰੀਆਂ ਘਟਨਾਵਾਂ ਤੋਂ ਮਿਲ ਜਾਂਦਾ ਹੈ।

ਭਾਰਤ 'ਚ ਸਿੱਖਾਂ ਨੂੰ ਵੀ ਘੱਟ ਗਿਣਤੀ ਭਾਈਚਾਰਾ ਮੰਨਿਆ ਜਾਂਦਾ ਹੈ। ਭਾਰਤ ਵਿੱਚ ਸੰਵਿਧਾਨ ਰਾਹੀਂ ਸਿੱਖਾਂ ਨੂੰ ਭਾਵੇਂ ਅਨੇਕਾਂ ਅਧਿਕਾਰ ਪ੍ਰਾਪਤ ਹਨ ਪਰ ਕੁੱਝ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਭਾਰਤ 'ਚ ਸਿੱਖਾਂ ਦੇ ਮੌਲਿਕ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਕੀਤੀ ਜਾ ਰਹੀ ਹੈ, ਜਿਸ ਕਾਰਨ ਲੰਬੇ ਸਮੇਂ ਤੋਂ ਸਿੱਖ ਭਾਰਤ 'ਚ ਬੇਗਾਨਗੀ ਦਾ ਅਹਿਸਾਸ ਕਰਦੇ ਆ ਰਹੇ ਹਨ। ਸੰਗਰੂਰ ਲੋਕ ਸਭਾ ਹਲਕੇ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਅਕਸਰ ਕਹਿੰਦੇ ਹਨ ਕਿ ਭਾਰਤ 'ਚ ਸਿੱਖਾਂ ਨੂੰ ਦੂਜੇ ਦਰਜ਼ੇ ਦੇ ਸ਼ਹਿਰੀ ਸਮਝਿਆ ਜਾਂਦਾ ਹੈ ਅਤੇ ਭਾਰਤ 'ਚ ਸਿੱਖਾਂ ਦੇ ਮਨੁੱਖੀ ਅਧਿਕਾਰ ਕੁਚਲੇ ਜਾ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਸਿੱਖ ਆਗੂ (ਬਾਕੀ ਸਫ਼ਾ 29 'ਤੇ)



## ਹਿਊਮਨ ਰਾਈਟਸ ਵਾਚ ਦੀ ਰਿਪੋਰਟ

ਹਿਊਮਨ ਰਾਈਟਸ ਵਾਚ ਨੇ ਦੁਨੀਆਂ ਦੇ 100 ਦੇਸ਼ਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਦੀ ਸਮੀਖਿਆ ਕਰਦੇ ਹੋਏ 712 ਪੰਨਿਆਂ ਦੀ ਵਿਸ਼ਵ ਰਿਪੋਰਟ 2023 ਜਾਰੀ ਕੀਤੀ ਹੈ। ਇਹ ਰਿਪੋਰਟ ਦਾ 33ਵਾਂ ਐਡੀਸ਼ਨ ਹੈ। ਇਸ ਰਿਪੋਰਟ 'ਚ ਭਾਰਤ ਬਾਰੇ ਕਿਹਾ ਗਿਆ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਅਤੇ ਕਮਜ਼ੋਰ ਵਰਗਾਂ ਦੇ ਲੋਕਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭਾਰਤੀ ਅਧਿਕਾਰੀ, ਪ੍ਰਸ਼ਾਸਨ ਆਪਣੀ ਕਾਰਵਾਈ ਨਾਲ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ, ਖਾਸ ਕਰਕੇ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੇ ਸ਼ਾਸਨ ਵਾਲੇ ਰਾਜਾਂ ਵਿੱਚ, ਅਪਮਾਨਜਨਕ ਅਤੇ ਪੱਖਪਾਤੀ ਨੀਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਰਿਪੋਰਟ ਵਿੱਚ ਸਾਲ 2022 ਵਿੱਚ ਦੇਸ਼ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਚਿੰਤਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਵਿੱਚ ਰਾਜ ਸਰਕਾਰਾਂ ਦੁਆਰਾ ਕਰੈਕਡਾਊਨ, ਢਾਹੁਣ, (ਬਾਕੀ ਸਫ਼ਾ 29 'ਤੇ)

## 'ਰਾਸ਼ਟਰੀ ਘੱਟ ਗਿਣਤੀ ਕਮਿਸ਼ਨ' ਦਾ ਗਠਨ

ਭਾਰਤ ਦੀ ਸੰਵਿਧਾਨ ਸਭਾ ਨੇ ਦੂਰ-ਅੰਦੇਸ਼ੀ ਦਿਖਾਉਂਦੇ ਹੋਏ ਸੰਵਿਧਾਨ ਵਿੱਚ ਧਾਰਮਿਕ ਅਤੇ ਭਾਸ਼ਾਈ ਆਧਾਰ 'ਤੇ ਘੱਟ ਗਿਣਤੀਆਂ ਦੀ ਸੁਰੱਖਿਆ ਦਾ ਉਪ ਬੰਧ ਤਾਂ ਕਰ ਦਿੱਤਾ ਪਰ ਘੱਟ-ਗਿਣਤੀਆਂ ਦੀ ਪਰਿਭਾਸ਼ਾ ਦੇਣ ਤੋਂ ਗੁਰੇਜ਼ ਕੀਤਾ।

ਜ਼ਿਕਰਯੋਗ ਹੈ ਕਿ 1992 ਵਿੱਚ ਸੰਸਦ ਨੇ ਕਾਨੂੰਨ ਪਾਸ ਕਰਕੇ 'ਰਾਸ਼ਟਰੀ ਘੱਟ ਗਿਣਤੀ ਕਮਿਸ਼ਨ' ਦਾ ਗਠਨ ਕੀਤਾ ਸੀ। ਇਸ ਕਾਨੂੰਨ ਦੀ ਧਾਰਾ 2 ਸੀ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਨੋਟੀਫਿਕੇਸ਼ਨ ਰਾਹੀਂ ਦੱਸੇਗੀ ਕਿ ਘੱਟ ਗਿਣਤੀ ਕੌਣ ਹਨ। ਇੱਕ ਸਾਲ ਬਾਅਦ ਭਾਵ 1993 ਵਿੱਚ, ਕੇਂਦਰ ਸਰਕਾਰ ਨੇ ਪੰਜ ਭਾਈਚਾਰਿਆਂ - ਮੁਸਲਮਾਨ, ਸਿੱਖ, ਈਸਾਈ, ਪਾਰਸੀ, ਬੋਧੀ ਨੂੰ ਘੱਟ ਗਿਣਤੀ ਦਾ ਦਰਜਾ ਦਿੱਤਾ ਗਿਆ। ਸਾਲ 2014 ਵਿੱਚ ਜੈਨ ਭਾਈਚਾਰੇ ਨੂੰ ਵੀ ਘੱਟ ਗਿਣਤੀਆਂ ਵਿੱਚ ਸ਼ਾਮਲ ਕੀਤਾ ਗਿਆ।

## ਭਾਈਚਾਰਿਆਂ ਦੀ ਗਿਣਤੀ

ਭਾਰਤ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀ ਗਿਣਤੀ 6 ਹੈ। ਭਾਰਤ ਵਿੱਚ ਦੋ ਤਰ੍ਹਾਂ ਦੇ ਘੱਟ ਗਿਣਤੀ ਭਾਈਚਾਰੇ ਹਨ। ਧਾਰਮਿਕ ਆਧਾਰ 'ਤੇ, ਮੁਸਲਮਾਨ, ਈਸਾਈ, ਬੋਧੀ, ਪਾਰਸੀ, ਸਿੱਖ ਅਤੇ ਜੈਨ ਘੱਟ ਗਿਣਤੀ ਮੰਨੇ ਜਾਂਦੇ ਹਨ। ਦੂਸਰਾ ਭਾਸ਼ਾ ਦੇ ਆਧਾਰ 'ਤੇ ਉਹ ਲੋਕ ਜੋ ਕਿਸੇ ਸੂਬੇ ਦੀ ਭਾਸ਼ਾ ਬੋਲਣ ਵਾਲੇ ਭਾਈਚਾਰੇ ਤੋਂ ਘੱਟ ਹਨ। ਰਾਜ ਨੂੰ ਭਾਸ਼ਾ ਦੇ ਆਧਾਰ 'ਤੇ ਘੱਟ ਗਿਣਤੀ ਭਾਈਚਾਰੇ ਦਾ ਫੈਸਲਾ ਕਰਨ ਦਾ ਅਧਿਕਾਰ ਹੈ।

## ਘੱਟ ਗਿਣਤੀ ਦੀ ਪਰਿਭਾਸ਼ਾ

ਘੱਟ ਗਿਣਤੀ ਸ਼ਬਦ ਦੀ ਕਿਤੇ ਵੀ ਪਰਿਭਾਸ਼ਾ ਨਹੀਂ ਦਿੱਤੀ ਗਈ ਹੈ - ਨਾ ਸੰਵਿਧਾਨ ਵਿੱਚ, ਨਾ ਕਾਨੂੰਨ ਵਿੱਚ, ਨਾ ਹੀ ਕੇਂਦਰ ਸਰਕਾਰ ਦੁਆਰਾ ਜਾਰੀ ਕੀਤੇ ਗਏ ਨੋਟੀਫਿਕੇਸ਼ਨਾਂ ਵਿੱਚ। ਇਸ ਲਈ ਸਮੇਂ-ਸਮੇਂ 'ਤੇ ਇਹ ਮੰਗ ਉੱਠਦੀ ਰਹਿੰਦੀ ਹੈ ਕਿ ਘੱਟ ਗਿਣਤੀ ਨੂੰ ਪਰਿਭਾਸ਼ਿਤ ਕੀਤਾ ਜਾਵੇ। ਕੁਝ ਆਧਾਰ ਤੈਅ ਕੀਤੇ ਜਾਣੇ ਚਾਹੀਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਘੱਟ ਗਿਣਤੀ ਤੈਅ ਕੀਤੀ ਜਾ ਸਕੇ। ਹਾਲਾਂ ਕਿ, ਭਾਰਤ ਇੱਕ ਧਰਮ ਨਿਰਪੱਖ, ਲੋਕਤੰਤਰੀ ਅਤੇ ਲੋਕ-ਕਲਿਆਣ ਵਾਲਾ ਰਾਜ ਹੈ। (ਬਾਕੀ ਸਫ਼ਾ 29 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ 'ਚ ਸਿੱਖ ਸ਼ਕਤੀ ਨੂੰ ਇਕੱਠੇ ਹੋਣ ਦੀ ਲੋੜ : ਜਥੇਦਾਰ ਗਿ. ਹਰਪ੍ਰੀਤ ਸਿੰਘ

## ਘੱਲੂਘਾਰਾ ਦਿਵਸ ਦੇ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕੌਮ ਦੇ ਨਾਂਅ ਸੰਦੇਸ਼

ਅੰਮ੍ਰਿਤਸਰ/ਏ.ਟੀ.ਨਿਊਜ਼ : ਘੱਲੂਘਾਰਾ ਦਿਵਸ ਦੇ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੌਮ ਦੇ ਨਾਂਅ 'ਤੇ ਸੰਦੇਸ਼ ਜਾਰੀ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸੰਦੇਸ਼ 'ਚ ਸਭ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ। ਜਥੇਦਾਰ ਨੇ ਕਿਹਾ ਕਿ ਛੋਟੇ-ਛੋਟੇ ਮਤਭੇਦਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਸਿੱਖ ਕੌਮ ਮਤਭੇਦਾਂ ਤੋਂ ਉੱਪਰ ਉੱਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਇਕੱਠੀ ਹੋਵੇ ਅਤੇ ਆਪਣੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦਾ ਯਤਨ ਕਰੀਏ। ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰ ਤੋਂ ਕੁੱਝ ਨਹੀਂ ਮਿਲਿਆ, ਉਸ ਨੂੰ ਹੋਰ ਕਿਤੇ ਵੀ ਕੁੱਝ ਨਹੀਂ ਮਿਲੇਗਾ ਕਿਉਂਕਿ ਇਸ ਦਰ ਤੋਂ ਵੱਡਾ ਕੋਈ ਦਰ ਨਹੀਂ ਹੈ। ਇਸ ਕਰਕੇ ਅਸੀਂ ਇਸ ਘਰ ਦੇ ਨਾਲ ਨੌਜਵਾਨੀ ਨੂੰ ਜੋੜਨ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਭ ਨੂੰ ਰਲ-ਮਿਲ ਕੇ ਬੈਠਣ ਦਾ ਮੌਕਾ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਡਰਨ ਜਾਂ ਘਬਰਾਉਣ ਵਾਲੀ ਕੌਮ ਨਹੀਂ ਹੈ। ਜਥੇਦਾਰ ਨੇ ਕਿਹਾ ਕਿ ਸਾਡੀਆਂ ਕੁੱਝ ਸੰਸਥਾਵਾਂ ਸਰਕਾਰੀ ਹੱਥਾਂ 'ਚ ਚਲੀਆਂ ਗਈਆਂ ਹਨ। ਸਾਨੂੰ ਝੋਲੀ ਅੱਡ ਕੇ ਇਨਸਾਫ਼



ਮੰਗਣ ਦੀ ਕੋਈ ਲੋੜ ਨਹੀਂ, ਇਸ ਤਰ੍ਹਾਂ ਸਾਨੂੰ ਇਨਸਾਫ਼ ਨਹੀਂ ਮਿਲਣਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ 'ਚ ਸਿੱਖ ਸ਼ਕਤੀ ਨੂੰ ਇਕੱਠੇ ਹੋਣ ਦੀ ਲੋੜ ਹੈ। 1984 ਦਾ ਸਾਕਾ ਸਾਨੂੰ ਮਜਬੂਰ ਨਹੀਂ ਮਜ਼ਬੂਤ ਕਰਦਾ ਹੈ। 1984 ਦਾ ਦੁਖਾਂਤ ਸਾਨੂੰ ਮਜਬੂਰ ਨਹੀਂ ਕਰਦਾ, ਮਜ਼ਬੂਤ ਕਰਦਾ ਹੈ ਕਿਉਂਕਿ ਅਸੀਂ ਡਰਨ ਵਾਲੀ ਕੌਮ ਨਹੀਂ ਹਾਂ। ਉਨ੍ਹਾਂ ਕਿਹਾ ਕਿ ਜਿਨ੍ਹਾਂ ਜ਼ਖ਼ਮ ਦਿੱਤੇ, ਉਨ੍ਹਾਂ ਮੱਲ੍ਹਮ ਤਾਂ ਕੀ ਲਾਉਣੀ ਸੀ, ਬਾਅਦ ਵਾਲੀਆਂ ਹਕੂਮਤਾਂ ਨੇ ਵੀ ਇਸ ਦੀ ਕੋਸ਼ਿਸ਼ ਨਹੀਂ ਕੀਤੀ। ਸਰਕਾਰਾਂ 'ਤੇ ਨਿਆਂ ਦੀ ਟੇਕ ਨਹੀਂ ਰੱਖਣੀ ਚਾਹੀਦੀ, ਖਾਲਸਾ ਸਮਰੱਥ ਹੈ ਪਰ ਸਾਡੀ ਸ਼ਕਤੀ ਖਿੱਲਰੀ ਹੋਈ ਹੈ। ਜਥੇਦਾਰ ਨੇ ਕਿਹਾ ਕਿ ਮਤਭੇਦ ਛੱਡ ਕੇ ਸਾਰੇ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਇਕੱਠੇ ਹੋਈਏ ਤੇ ਕਾਫ਼ਲੇ ਬਣਾ ਕੇ ਪਿੰਡਾਂ 'ਚ ਵਿਚਰੀਏ। ਸਮਾਗਮ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਇਸ ਤੋਂ ਪਹਿਲਾਂ ਇਕੱਠੇ ਹੋਏ ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਮਾਨ ਦਲ ਤੇ ਹੋਰ ਗਰਮਖਿਆਲੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਖਾਲਿਸਤਾਨ ਅਤੇ ਸੰਤ ਭਿੰਡਰਾਂਵਾਲਾ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ। (ਬਾਕੀ ਸਫ਼ਾ 29 'ਤੇ)

# ਸੈਨ ਫਰਾਂਸਿਸਕੋ ਵਿਖੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਹਰਿਮੰਦਰ ਸਾਹਿਬ ’ਤੇ ਹਮਲੇ ਦੀ ਯਾਦ ਵਿੱਚ ਕਰਵਾਏ ‘ਆਜ਼ਾਦੀ ਮਾਰਚ’ ’ਚ ਹਜ਼ਾਰਾਂ ਸਿੱਖਾਂ ਵੱਲੋਂ ਸ਼ਮੂਲੀਅਤ















ਸੈਨ ਫਰਾਂਸਿਸਕੋ/ਏ.ਟੀ.ਨਿਊਜ਼ :ਕੈਲੀਫੋਰਨੀਆ ਦੇ ਹਜ਼ਾਰਾਂ ਸਿੱਖ 4 ਜੂਨ, 2023 ਨੂੰ ਸੈਨ ਫਰਾਂਸਿਸਕੋ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ, ਦਰਬਾਰ ਸਾਹਿਬ ਉੱਤੇ ਭਾਰਤੀ ਫ਼ੌਜਾਂ ਦੁਆਰਾ ਕੀਤੇ ਗਏ ਹਮਲੇ ਦੀ 39ਵੀਂ ਬਰਸੀ ਮਨਾਉਣ ਲਈ ਇਕੱਠੇ ਹੋਏ।

ਇਸ ਸਮਾਗਮ, ਜਿਸ ਨੂੰ ‘ਆਜ਼ਾਦੀ ਮਾਰਚ’ ਵਜੋਂ ਵੀ ਜਾਣਿਆ ਜਾਂਦਾ ਹੈ, ਇਸ ਦਾ ਉਦੇਸ਼ ਧਾਰਮਿਕ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਅਖੌਤੀ ‘ਆਪ੍ਰੇਸ਼ਨ ਬਲੂ ਸਟਾਰ’ ਦੀਆਂ ਦੁਖਦਾਈ ਘਟਨਾਵਾਂ ਨੂੰ ਯਾਦ ਕਰਨਾ ਹੈ।

ਇਹ ਯਾਦਗਾਰੀ ਸਮਾਗਮ ਗੁਰੂ ਅਰਜਨ ਦੇਵ ਜੀ ਦੀ ਅਟੁੱਟ ਸ਼ਰਧਾ ਅਤੇ ਉਨ੍ਹਾਂ ਦੇ ਸਿਧਾਂਤਾਂ ਦੀ ਯਾਦ ਦਿਵਾਉਂਦਾ ਹੈ, ਜੋ ਸਿੱਖਾਂ ਦੀਆਂ ਪੀੜ੍ਹੀਆਂ ਨੂੰ ਵਿਸ਼ਵਾਸ, ਦਇਆ ਅਤੇ ਸਮਾਨਤਾ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ।

ਇਤਿਹਾਸਕਾਰ ਜੋਇਸ ਜੇ.ਐਮ. ਪੇਟੀਗਰਿਊ ਨੇ ਟਿੱਪਣੀ ਕੀਤੀ ਹੈ ਕਿ ਇਸ ਕਾਰਵਾਈ ਦਾ ਉਦੇਸ਼ ਸਿਰਫ਼ ਕਿਸੇ ਸਿਆਸੀ ਸ਼ਖਸੀਅਤ ਜਾਂ ਲਹਿਰ ਨੂੰ ਖ਼ਤਮ ਕਰਨਾ ਨਹੀਂ ਸੀ, ਸਗੋਂ ਸਿੱਖ ਸੱਭਿਆਚਾਰ ਨੂੰ ਦਬਾਉਣ, ਉਨ੍ਹਾਂ ਦੀ ਭਾਵਨਾ ’ਤੇ ਹਮਲਾ ਕਰਨਾ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ ਨੂੰ ਕਮਜ਼ੋਰ ਕਰਨਾ ਸੀ।

1 ਜੂਨ ਤੋਂ 6 ਜੂਨ, 1984 ਤੱਕ ਹੋਏ ਹਮਲੇ ਦੌਰਾਨ, ਭਾਰਤੀ ਫੌਜ ਨੇ ਟੈਂਕਾਂ, ਬਖਤਰਬੰਦ ਵਾਹਨਾਂ ਅਤੇ ਹੈਲੀਕਾਪਟਰ ਗਨਸ਼ਿਪਾਂ ਦੁਆਰਾ ਸਮਰਥਤ ਛੇ ਇਨਫੈਂਟਰੀ ਬਟਾਲੀਅਨ ਅਤੇ ਕਮਾਂਡੋਜ਼ ਦੀ ਇੱਕ ਟੁਕੜੀ ਤਾਇਨਾਤ ਕੀਤੀ। ਇਸ ਹਮਲੇ ਵਿੱਚ ਨਾ ਸਿਰਫ਼ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਕੰਪਲੈਕਸ ਬਲਕਿ ਪੰਜਾਬ ਭਰ ਦੇ 34 ਹੋਰ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ।

## ਐਲਸਬਰਾਂਟੇ ਗੁਰਦੁਆਰਾ ਸਾਹਿਬ ਕੈਲੀ.ਫੋਰਨੀਆ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਐਲਸਬਰਾਟੇ-ਕੈਲੀਫੋਰਨੀਆ / ਪ੍ਰਮਿੰਦਰ ਸਿੰਘ ਪ੍ਰਵਾਨਾ: ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਐਲਸਬਰਾਟੇ ਗੁਰਦੁਆਰਾ ਸਾਹਿਬ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਮੰਚ ਸੰਚਾਲਕ ਪ੍ਰਵਾਨਾ ਵੱਲੋਂ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਸਮੇਂ ਵਿੱਚ ਹਜ਼ਾਰਾਂ ਲੋਕ ਸਮੇਤ ਹਿੰਦੂ ਅਤੇ ਮੁਸਲਮਾਨ ਗੋਇੰਦਵਾਲ ਵਿਖੇ ਸਿੱਖ ਧਰਮ ਵਿੱਚ ਆਉਣ ਲੱਗੇ। ਮੁਗਲ ਧਾਰਮਿਕ ਆਗੂਆਂ ਨੇ ਇਸ ਤੇ ਈਰਖਾ ਹੇਠ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਇਸਲਾਮ ਲਈ ਖੱਤਰਾ ਦਸਿਆ। ਜੋ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ। ਬਾਦਸ਼ਾਹ ਜਹਾਂਗੀਰ ‘ਤੁਜਕ-ਏ-ਜਹਾਂਗੀਰੀ’ ਵਿੱਚ ਲਿਖਦਾ ਹੈ ਕਿ ਗੋਇੰਦਵਾਲ ਜੋ ਬਿਆਸ ਨਦੀ



ਦੇ ਕੰਢੇ ਹੈ, ਵਿਖੇ ਅਰਜਨ ਨਾਮ ਦਾ ਇੱਕ ਹਿੰਦੂ ਸੀ, ਜੋ ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿੱਚ ਰਹਿੰਦਾ ਸੀ। ਕਈ ਸਾਧਾਰਣ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸਨ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਨਾਉਣ ਲਈ ਨਾਲ ਜੋੜ ਲਿਆ ਹੈ। ਉਸਨੇ ਸੰਤਪੁਣੇ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੱਚਾ ਪਾਤਿਸ਼ਾਹ ਕਿਹਾ ਜਾਂਦਾ ਸੀ। ਬਹੁਤ ਥਾਂਵਾਂ ਤੋਂ ਚਰਵਾਹੇ ਅਤੇ ਬੇਵਕੂਫ ਉਸਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸਨੇ 3-4 ਪੀੜ੍ਹੀਆਂ ਤੋਂ ਚਲਾਇਆ ਹੈ। ਕਾਫ਼ੀ ਸਮੇਂ ਤੋਂ ਮੇਰੇ ਮਨ ਵਿੱਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਮੁਸਲਮਾਨ ਮੱਤ ਵਿੱਚ ਲਿਆਉਣ ਦਾ ਖਿਆਲ ਸੀ। ਧਾਰਮਿਕ ਕਵੀ ਦਰਬਾਰ ਵਿੱਚ ਕਵੀ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਤ੍ਰਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮੈਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਬੀਬੀ ਬਲਵਿੰਦਰ ਕੌਰ ਸ਼ਾਮਲ ਸਨ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ (ਬਾਕੀ ਸਫ਼ਾ 29 ’ਤੇ)

# ਅਮਰੀਕਾ ਖ਼ਬਰਨਾਮਾ

## ਅਜੇ ਬੰਗਾ ਨੇ ਵਿਸ਼ਵ ਬੈਂਕ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ

ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤਵੰਸ਼ੀ ਅਜੇ ਸਿੰਘ ਬੰਗਾ ਨੇ ਵਿਸ਼ਵ ਬੈਂਕ ਦੇ ਮੁਖੀ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਇਸ ਸੰਸਥਾ ਦੀ ਅਗਵਾਈ ਕਰਨ ਵਾਲੇ ਪਹਿਲੇ ਭਾਰਤਵੰਸ਼ੀ ਹਨ। ਉਨ੍ਹਾਂ ਡੇਵਿਡ ਮਾਲਪਸ ਦੀ ਜਗ੍ਹਾ ਲਈ ਹੈ ਜਿਨ੍ਹਾਂ ਫਰਵਰੀ 'ਚ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ। ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਨੇ ਤਿੰਨ ਮਈ ਨੂੰ 63 ਸਾਲਾ ਬੰਗਾ ਦੀ ਚੋਣ ਕੀਤੀ ਸੀ। ਉਹ ਇਸ ਦੇ 14ਵੇਂ ਮੁਖੀ ਹੋਣਗੇ। ਉਨ੍ਹਾਂ ਦਾ ਕਾਰਜਕਾਲ ਪੰਜ ਸਾਲ ਦਾ ਹੋਵੇਗਾ। ਇਸ ਸਾਲ ਫਰਵਰੀ 'ਚ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ



ਅਜੇ ਬੰਗਾ ਨੂੰ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਨਾਮਜ਼ਦ ਕਰੇਗਾ। ਵਿਸ਼ਵ ਬੈਂਕ ਵੱਲੋਂ ਟਵੀਟ ਰਾਹੀਂ ਇਕ ਤਸਵੀਰ ਜਾਰੀ ਕੀਤੀ ਗਈ ਹੈ। ਇਸ ਵਿੱਚ ਉਹ ਬੈਂਕ ਦੇ ਮੁੱਖ ਦਫ਼ਤਰ 'ਚ ਦਾਖ਼ਲ ਹੁੰਦੇ ਹੋਏ ਨਜ਼ਰ ਆ ਰਹੇ ਹਨ। ਟਵੀਟ 'ਚ ਕਿਹਾ ਗਿਆ ਕਿ ਵਿਸ਼ਵ ਬੈਂਕ ਦੇ ਨਵੇਂ ਮੁਖੀ ਦੇ ਰੂਪ ਵਿਚ ਅਜੇ ਬੰਗਾ ਦਾ ਸਵਾਗਤ ਹੈ। ਅਸੀਂ ਇਕ ਅਜਿਹੇ ਵਿਸ਼ਵ ਦੇ ਨਿਰਮਾਣ ਲਈ ਪ੍ਰਤੀਬੱਧ ਹਾਂ ਜੋ ਗਰੀਬੀ ਮੁਕਤ ਹੋਵੇ। ਕੌਮਾਂਤਰੀ ਮੁਦਰਾਕੋਸ਼ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਾਲਿਨਾ ਜਾਰਜਿਵਾ ਨੇ ਟਵੀਟ 'ਚ ਕਿਹਾ ਕਿ ਬੰਗਾ ਨੂੰ ਵਿਸ਼ਵ ਬੈਂਕ 'ਚ ਨਵੀਂ ਭੂਮਿਕਾ ਲਈ ਬਹੁਤ-ਬਹੁਤ ਵਧਾਈਆਂ।

## ਕੈਲੀਫੋਰਨੀਆ 'ਚ ਇੱਕ ਹਮਲਾਵਰ ਵੱਲੋਂ 3 ਲੋਕਾਂ ਦੀ ਹੱਤਿਆ, 9 ਜ਼ਖ਼ਮੀ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਕੈਲੀਫੋਰਨੀਆ ਦੇ ਸੈਨਹੋਜੇ ਖੇਤਰ ਵਿੱਚ ਇੱਕ ਹਮਲਾਵਰ ਵੱਲੋਂ 3 ਵਿਅਕਤੀਆਂ ਦੀ ਹੱਤਿਆ ਕਰਨ ਤੇ 9 ਹੋਰ ਨੂੰ ਜ਼ਖਮੀ ਕਰ ਦੇਣ ਦੀ ਰਿਪੋਰਟ ਹੈ। ਸੈਨਹੋਜੇ ਤੇ ਮਿਲਪਿਟਸ ਪੁਲਿਸ



ਅਨੁਸਾਰ 31 ਸਾਲਾ ਸ਼ੱਕੀ ਦੋਸ਼ੀ ਕੈਵਿਨ ਪਰਕੌਰਾਨਾ, ਜੋ ਇਸ ਸਮੇ ਪੁਲਿਸ ਹਿਰਾਸਤ ਵਿੱਚ ਹੈ , ਨੇ ਇੱਕ ਵਿਅਕਤੀ ਦੀ ਛੁਰਾ ਮਾਰ ਕੇ ਹੱਤਿਆ ਕੀਤੀ, ਜਦ ਕਿ ਬਾਕੀ 2 ਨੂੰ ਆਪਣੇ ਵਾਹਣ ਹੇਠਾਂ ਦਰੜ ਦਿੱਤਾ। ਮਿਲਪਿਟਸ ਪੁਲਿਸ ਮੁੱਖੀ ਜੇਰਡ ਹਰਨਾਂਡੇਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸ਼ੱਕੀ ਦੋਸ਼ੀ ਵਿਰੁੱਧ ਫੌਰੀ ਪ੍ਰਭਾਵਸ਼ਾਲੀ ਕਾਰਵਾਈ ਕਰਕੇ ਹੋਰ ਲੋਕਾਂ ਦੀਆਂ ਜਾਨਾਂ ਬਚਾਉਣ ਵਿੱਚ ਕਾਮਯਾਬ ਹੋਏ ਹਾਂ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ ਦਾ ਮਕਸਦਕਿਸੇ ਵਿਸ਼ੇਸ਼ ਵਿਅਕਤੀ ਨੂੰ ਨਿਸ਼ਾਨ ਬਣਾਉਣਾ ਨਹੀਂ ਸੀ ਤੇ ਉਸ ਦਾ ਮਕਸਦ ਹਿੰਸਾ ਫੈਲਾਉਣਾ ਸੀ। ਸੈਨਹੋਜੇ ਪੁਲਿਸ ਮੁਖੀ ਐਨਥਨੀ ਮਾਟਾ ਅਨੁਸਾਰ ਦੋ ਸ਼ਹਿਰਾਂ ਵਿੱਚ ਹਿੰਸਾ ਕਰਨ ਲਈ ਪਰਕੌਰਾਨਾ ਵਿਰੁੱਧ ਸ਼ੱਕੀ ਹੱਤਿਆ ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਜਾਣ ਦੀਸੰਭਾਵਨਾ ਹੈ।

## ਵਿਸ਼ਵ ਗੱਤਕਾ ਫੈਡਰੇਸ਼ਨ ਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਵੱਲੋਂ ਗੱਤਕੇ ਨੂੰ ਕੌਮੀ ਖੇਡਾਂ 'ਚ ਸ਼ਾਮਲ ਕਰਨ 'ਤੇ ਖ਼ੁਸ਼ੀ ਦਾ ਪ੍ਰਗਟਾਵਾ

ਨਿਊਯਾਰਕ/ਏ.ਟੀ.ਨਿਊਜ਼: ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਨੇ ਭਾਰਤ ਵਿੱਚ ਗੱਤਕਾ ਖੇਡ ਨੂੰ ਨੈਸ਼ਨਲ ਖੇਡਾਂ ਵਿੱਚ ਸ਼ਾਮਲ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਪ੍ਰਾਪਤੀ ਦਾ ਸਦਕਾ ਕੁੱਲ ਦੁਨੀਆਂ ਦੇ ਗੱਤਕਾ ਖਿਡਾਰੀਆਂ ਵਿੱਚ ਵੱਡੀ ਖੁਸ਼ੀ ਦੀ ਲਹਿਰ ਹੈ ਅਤੇ ਭਾਰਤ ਵਿੱਚ ਗੱਤਕਾ ਖੇਡ ਨੂੰ ਮਾਨਤਾ ਤੇ ਮਿਲੀ ਤਰੱਕੀ ਦਾ ਮਾਡਲ ਹੋਰਨਾਂ ਮੁਲਕਾਂ ਵਿੱਚ ਵੀ ਲਾਗੂ ਕਰਵਾਇਆ ਜਾਵੇਗਾ ਤਾਂ ਜੋ ਇਸ ਮਾਣ-ਮੱਤੀ ਖੇਡ ਨੂੰ ਸਮੁੱਚੀ ਦੁਨੀਆਂ ਵਿੱਚ ਮਾਨਤਾ ਦਿਵਾ ਕੇ ਮਕਬੂਲ ਕੀਤਾ ਜਾ ਸਕੇ।

ਇੱਕ ਬਿਆਨ 'ਚ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ



ਸਕੱਤਰ ਡਾ. ਦੀਪ ਸਿੰਘ ਨਿਊਯਾਰਕ (ਅਮਰੀਕਾ) ਨੇ ਦੱਸਿਆ ਕਿ ਉਲਪਿੰਕ ਕਮੇਟੀ ਵੱਲੋਂ ਲਗਭਗ 86 ਸਾਲ ਬਾਅਦ ਗੱਤਕਾ ਖੇਡ ਨੂੰ ਦੁਬਾਰਾ ਮਾਨਤਾ ਦੇਣਾ ਜਿੱਥੇ ਇਸ ਵਿਰਾਸਤੀ ਖੇਡ ਵਿੱਚ ਦੁਬਾਰਾ ਜਾਨ ਪਾਵੇਗੀ, ਉੱਥੇ ਹੀ ਇਸ ਖੇਡ ਨਾਲ ਜੁੜੀਆਂ ਫੈਡਰੇਸ਼ਨਾਂ, ਕੋਚਾਂ ਅਤੇ ਖਿਡਾਰੀਆਂ ਲਈ ਵੀ ਬਹੁਤ ਹੀ ਲਾਹੇਵੰਦ ਸਾਬਿਤ ਹੋਵੇਗੀ। ਇਸ ਮੌਕੇ ਜਿੱਥੇ ਉਹਨਾਂ ਵੱਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਮਾਨਤਾ ਪ੍ਰਾਪਤ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ, ਜੋ ਕਿ ਭਾਰਤ ਵਿੱਚ ਗੱਤਕਾ ਖੇਡ ਦੀ ਤਰੱਕੀ ਲਈ ਪੱਬਾ ਭਾਰ ਹੋ ਕੇ ਕੰਮ ਕਰ ਰਹੀ ਹੈ, ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਸ੍ਰ. ਹਰਜੀਤ ਸਿੰਘ ਗਰੇਵਾਲ ਨੂੰ ਵਧਾਈ ਵੀ ਦਿੱਤੀ, ਉੱਥੇ ਹੀ ਉਹਨਾਂ ਵੱਲੋਂ ਉਲਪਿੰਕ ਐਸੋਸੀਏਸ਼ਨ ਦਾ ਧੰਨਵਾਦ ਵੀ ਕੀਤਾ ਗਿਆ। ਉਹਨਾਂ ਵਿਰਾਸਤੀ ਖੇਡ ਦੇ ਮਾਣ-ਮੱਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਗੱਤਕਾ ਖੇਡ ਸੰਨ 1936 ਵਿੱਚ ਅਣਵੰਡੇ ਪੰਜਾਬ ਦੀ ਲਾਹੌਰ ਯੂਨੀਵਰਸਿਟੀ (ਹੁਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਿੱਚ ਬਤੌਰ ਯੂਨੀਵਰਸਟੀ ਦੇ ਖੇਡ ਕੈਲੰਡਰ ਦਾ ਹਿੱਸਾ ਹੋਇਆ ਕਰਦੀ ਸੀ। ਉਸ ਸਮੇਂ ਦੀ ਸਚਿੱਤਰ ਰੂਲ-ਬੁੱਕ (ਇੰਗਲਿਸ਼ ਵਿੱਚ) ਸ੍ਰ. ਕੇ.ਐਸ. ਅਕਾਲੀ, ਖੇਡ ਡਾਇਰੈਕਟਰ, ਆਰ.ਐਸ.ਡੀ. ਕਾਲਜ, ਫਿਰੋਜ਼ਪੁਰ, ਪੰਜਾਬ ਰਾਜ ਵੱਲੋਂ ਲਿਖੀ ਗਈ ਸੀ, ਜੋ ਕਿ ਉਸ ਸਮੇਂ ਯੂਨੀਵਰਸਿਟੀ ਅਤੇ ਕਾਲਜਾਂ ਵਿੱਚ ਹੋਣ ਵਾਲੇ ਗੱਤਕਾ ਖੇਡ ਦੇ ਮੁਕਾਬਲਿਆਂ ਵਿੱਚ ਅਧਿਕਾਰਿਤ ਤੌਰ 'ਤੇ ਵਰਤੀ ਜਾਂਦੀ ਰਹੀ ਹੈ।

ਉਹਨਾਂ ਕਿਹਾ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਵੱਲੋਂ ਗੱਤਕਾ ਖੇਡ ਨੂੰ ਪ੍ਰਫੁੱਲਿਤ ਅਤੇ ਕੁੱਲ ਦੁਨੀਆਂ ਤੱਕ ਪ੍ਰਚਾਰਨ ਹਿੱਤ ਰੋਡ ਮੈਪ ਉਲੀਕਦਿਆਂ ਇੱਕ 'ਵਿਜਨ ਡਾਕੂਮੈਂਟ-2030' ਵੀ ਤਿਆਰ ਕੀਤਾ ਗਿਆ ਹੈ। ਜਿਸ ਤਹਿਤ ਅਗਲਾ (ਬਾਕੀ ਸਫ਼ਾ 29 'ਤੇ)

## ਸਕੂਲ ਬੱਸ ਨੂੰ ਅਚਨਚੇਤ ਲੱਗੀ ਅੱਗ, ਡਰਾਈਵਰ ਦੀ ਹੁਸ਼ਿਆਰੀ ਨਾਲ 37 ਬੱਚੇ ਵਾਲ-ਵਾਲ ਬਚੇ



ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਵਿਸਕੋਨਸਿਨ ਰਾਜ ਦੇ ਮਿਲਵੌਕੀ ਸ਼ਹਿਰ ਵਿੱਚ ਇੱਕ ਸਕੂਲ ਬੱਸ ਨੂੰ ਅਚਾਨਕ ਅੱਗ ਲੱਗ ਗਈ। ਬੱਸ ਦੀ ਡਰਾਈਵਰ ਬੀਬੀ ਇਮੂਨੇਕ ਵਿਲੀਅਮਸ ਦੀ ਹੁਸ਼ਆਰੀ ਨਾਲ ਬੱਸ ਵਿੱਚ ਸਵਾਰ 37 ਬੱਚੇ ਵਾਲ-ਵਾਲ ਬਚ ਗਏ। ਬੀਤੇ ਦਿਨ ਸਵੇਰ ਵੇਲੇ ਵਾਪਰੀ ਇਸ ਘਟਨਾ ਦੇ ਪ੍ਰਾਪਤ ਹੋਏ ਵੇਰਵੇ ਅਨੁਸਾਰ ਬੱਸ ਮਿਲਵੌਕੀ ਅਕੈਡਮੀ ਆਫ ਸਾਇੰਸ ਜਿਥੇ ਬੱਚਿਆਂ ਨੂੰ ਛੱਡਣਾ ਸੀ, ਤੋਂ ਕੁਝ ਹੀ ਦੂਰ ਸੀ ਕਿ ਡਰਾਈਵਰ ਨੂੰ ਕਿਸੇ ਚੀਜ ਦੇ ਸੜਣ ਦੀ ਬੋ ਆਈ। ਪਹਿਲਾਂ ਉਸ ਨੇ ਸੋਚਿਆ ਕਿ ਬਦਬੂ ਬਾਹਰੋਂ ਕਿਸੇ ਹੋਰ ਵਾਹਣ ਵਿਚੋਂ ਆ ਰਹੀ ਹੈ ਪਰੰਤੂ ਇਸ ਦੇ ਤੁਰੰਤ ਬਾਅਦ ਬੱਸ ਦੇ ਇੰਜਣ ਵਿਚੋਂ ਧੂੰਆ ਨਿਕਲਣਾ ਸ਼ੁਰੂ ਹੋ ਗਿਆ। ਵਿਲੀਅਮ ਨੇ ਫੌਰੀ ਕਾਰਵਾਈ ਕਰਦਿਆਂ 37 ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਜਿਸ ਉਪਰੰਤ ਕੁਝ ਹੀ ਸਕਿੰਟਾਂ ਵਿੱਚ ਸਮੁੱਚੀ ਬੱਸ ਅੱਗ ਦੀ ਲਪੇਟ ਵਿਚ ਆ ਗਈ। ਬੱਚੇ ਐਲਮੈਂਟਰੀ ਤੋਂ ਲੈ ਕੇ ਹਾਈ ਸਕੂਲ ਦੇ ਵਿਦਿਆਰਥੀ ਹਨ। ਵਿਲਿਅਮ, ਜੋ ਗਰਭਵਤੀ ਹੈ, ਨੂੰ ਅਹਿਤਿਆਤ ਵਜੋਂ ਹਸਪਤਾਲ ਲਿਜਾਇਆ ਗਿਆ।

## ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ 'ਚ ਇੱਕ ਗੈਸ ਸਟੇਸ਼ਨ ਦੇ ਮਾਲਕ ਵਿਰੁੱਧ ਹੱਤਿਆ ਦੇ ਦੋਸ਼ ਆਇਦ

### ਚੋਰੀ ਦੇ ਸ਼ੱਕ 'ਚ 14 ਸਾਲਾ ਲੜਕੇ ਨੂੰ ਮਾਰੀ ਸੀ ਗੋਲੀ

ਸੈਕਰਾਮੈਂਟੋ, ਕੈਲਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ ਵਿੱਚ ਇਕ ਗੈਸ ਸਟੇਸ਼ਨ ਦੇ ਮਾਲਕ ਵਿਰੁੱਧ 14 ਸਾਲਾ ਲੜਕੇ ਦੀ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਲੰਘੇ



ਐਤਵਾਰ ਵਾਪਰੀ ਇਸ ਘਟਨਾ ਤੋਂ ਬਾਅਦ ਲੋਕਾਂ ਵਿੱਚ ਗੁੱਸਾ ਤੇ ਰੋਹ ਵੇਖਣ ਨੂੰ ਮਿਲਿਆ। ਲੋਕਾਂ ਨੇ ਸਟੋਰ ਵਿੱਚ ਲੁੱਟਮਾਰ ਤੇ ਭੰਨਤੋੜ ਕੀਤੀ। ਰਿਚਲੈਂਡ ਕਾਊਂਟੀ ਦੇ ਸ਼ੈਰਿਫ ਲੀਓਨ ਲੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 58 ਸਾਲਾ ਰਿਕ ਚੋਅ ਨੂੰ ਸ਼ੱਕ ਸੀ ਕਿ ਲੜਕੇ ਨੇ ਉਸ ਦੇ ਐਕਸਪ੍ਰੈਸ ਮਾਰਟ ਸ਼ੈਲ ਸਟੋਰ, ਕੋਲੰਬੀਆ ਵਿਚੋਂ ਕੁਝ ਵਸਤਾਂ ਚੋਰੀ ਕੀਤੀਆਂ ਹਨ ਇਸ ਲਈ ਚੋਅ ਤੇ ਉਸ ਦੇ ਪੁੱਤਰ ਨੇ ਭਜੇ ਜਾਂਦੇ ਸਾਈਰਸ ਕਾਰਮੈਕ ਬੈਲਟਨ ਨਾਮੀ ਲੜਕੇ ਦੀ ਪਿੱਠ ਵਿੱਚ ਗੋਲੀ ਮਾਰੀ ਜਿਸ ਨਾਲ ਉਸ ਦੀ ਮੌਤ ਹੋ ਗਈ। ਉਨਾਂ ਕਿਹਾ ਕਿ ਕਾਲਾ ਲੜਕਾ ਬੈਲਟਨ ਮਿਡਲ ਸਕੂਲ ਦਾ ਵਿਦਿਆਰਥੀ ਸੀ। ਉਹ ਤਕਰੀਬਨ ਸ਼ਾਮ 8 ਵਜੇ ਸਟੋਰ ਵਿੱਚ ਗਿਆ। ਲੋਟ ਨੇ ਸਪੱਸ਼ਟ ਕੀਤਾ ਕਿ ਲੜਕੇ ਨੇ ਸਟੋਰ ਵਿਚੋਂ ਕੋਈ ਚੋਰੀ ਨਹੀਂ ਕੀਤੀ। ਉਨਾਂ ਕਿਹਾ ਕਿ ਬੈਲਟਨ ਨੇ ਪਾਣੀ ਦੀਆਂ 4 ਬੋਤਲਾਂ ਕੂਲਰ ਤੋਂ ਚੁੱਕੀਆਂ ਸਨ ਤੇ ਵਾਪਿਸ ਫਿਰ (ਬਾਕੀ ਸਫ਼ਾ 30 'ਤੇ)

## ਸਪਰਿੰਗਫੀਲਡ ਵਿਖੇ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਨੂੰ ਪਰੇਡ ਰਾਹੀਂ ਦਿੱਤੀ ਸ਼ਰਧਾਂਜਲੀ

ਡੇਟਨ/ਏ.ਟੀ.ਨਿਊਜ਼: ਸ਼ਹੀਦ ਹੋਏ ਅਮਰੀਕੀ ਫ਼ੌਜੀਆਂ ਨੂੰ ਯਾਦ ਕਰਨ ਲਈ ਅਮਰੀਕਾ 'ਚ ਹਰ ਸਾਲ 'ਮੈਮੋਰੀਅਲ ਡੇਅ' ਮਨਾਇਆ ਜਾਂਦਾ ਹੈ ਤੇ ਇਸ ਦਿਨ ਕੌਮੀ ਛੁੱਟੀ ਹੁੰਦੀ ਹੈ। ਅਮਰੀਕਾ ਦੇ ਹੋਰਨਾਂ ਸ਼ਹਿਰਾਂ ਵਾਂਗ ਓਹਾਇਹੋ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿਖੇ ਵੀ ਇਹ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਇੱਥੋਂ ਦੀ ਬਹੁਤ ਹੀ ਪ੍ਰਸਿੱਧ ਸਲਾਨਾ ਪਰੇਡ ਦਾ ਆਯੋਜਨ ਕੀਤਾ ਗਿਆ। ਜਦ 4 ਕਿਲੋਮੀਟਰ ਲੰਬੀ ਪਰੇਡ ਸ਼ਹਿਰ ਦੇ ਵੱਖ ਵੱਖ ਬਜ਼ਾਰਾਂ ਵਿਚੋਂ ਲੰਘੀ ਤਾਂ ਸੜਕ ਦੇ ਦੋਵੇਂ ਪਾਸੇ ਖੜ੍ਹੇ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਉਸ ਨੂੰ ਜੀ ਆਇਆਂ ਕਿਹਾ।

ਵੱਖ ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆਂ ਝਲਕੀਆਂ, ਇਸ ਪਰੇਡ ਦੀ ਵਿਸ਼ੇਸ਼





ਖਿੱਚ ਸਨ। ਫ਼ੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ। ਪਰੇਡ ਵਿੱਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਪੋਸਟਰਾਂ 'ਤੇ ਲਾ ਕੇ ਉਹਨਾਂ ਨੂੰ ਯਾਦ ਕੀਤਾ ਗਿਆ।

ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿੱਖ ਝਾਕੀਆਂ ਵੀ ਇਸ ਪਰੇਡ ਵਿੱਚ ਖਿੱਚ ਦਾ ਕੇਂਦਰ ਰਹੀ। ਇਹਨਾਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ, ਤਸਵੀਰਾਂ ਦਾ ਪ੍ਰਦਰਸ਼ਨ ਤੇ ਸ਼ੁਭ- ਕਾਮਨਾਵਾਂ ਭੇਟ ਕੀਤੀਆਂ ਗਈਆਂ। ਇਹ ਪਰੇਡ ਜਦ ਬਜਾਰਾਂ ਵਿੱਚੋਂ ਲੰਘੀ, ਤਾਂ ਹਮੇਸ਼ਾਂ ਦੀ ਤਰ੍ਹਾਂ ਸਿੱਖ ਝਾਕੀ ਦਾ ਸੜ੍ਹਕ ਕੰਢੇ ਖੜ੍ਹੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਪਿਛਲੇ 25 ਸਾਲਾਂ ਤੋਂ ਸਪਰਿੰਗਫੀਲਡ ਦੇ ਸਮਾਜ ਸੇਵੀ ਅਵਤਾਰ ਸਿੰਘ, ਉਹਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਹਨਾਂ ਵੱਲੋਂ ਕਈ ਵਰ੍ਹਿਆਂ ਪਹਿਲਾਂ (ਬਾਕੀ ਸਫ਼ਾ 29 'ਤੇ)

# ਅੰਤਰਰਾਸ਼ਟਰੀ ਝਰੋਖਾ

## ਸਿੰਗਾਪੁਰ ਵਿੱਚ 24 ਦੇਸ਼ਾਂ ਦੇ ਖ਼ੁਫ਼ੀਆ ਮੁਖੀਆਂ ਦੀ ਗੁਪਤ ਮੀਟਿੰਗ



ਸਿੰਗਾਪੁਰ/ਏ.ਟੀ.ਨਿਊਜ਼ :ਪਿਛਲੇ ਹਫ਼ਤੇ ਸਿੰਗਾਪੁਰ ਵਿੱਚ 24 ਤੋਂ ਵੱਧ ਦੇਸ਼ਾਂ ਦੇ ਖ਼ੁਫ਼ੀਆ ਮੁਖੀਆਂ ਦੀ ਇੱਕ ਗੁਪਤ ਮੀਟਿੰਗ ਹੋਈ ਸੀ। ਦੁਨੀਆਂ ਦੇ ਸਾਰੇ ਸ਼ਕਤੀਸ਼ਾਲੀ ਦੇਸ਼ਾਂ ਦੇ ਖ਼ੁਫ਼ੀਆ ਮੁਖੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਭਾਰਤ, ਅਮਰੀਕਾ ਅਤੇ ਚੀਨ ਸ਼ਾਮਲ ਹਨ।

ਖ਼ੁਫ਼ੀਆ ਏਜੰਸੀ ਦੇ ਮੁਖੀਆਂ ਦਾ ਇੱਕ ਮੰਚ 'ਤੇ ਇਕੱਠੇ ਹੋਣਾ ਕੋਈ ਵੱਡੀ ਗੱਲ ਨਹੀਂ ਹੈ। ਪਰ, ਇਸ ਵਿੱਚ ਕੀ ਖਾਸ ਹੈ, ਇਹ ਹੈਰਾਨੀਜਨਕ ਹੈ। ਦਰਅਸਲ, ਇਹ ਮੁਲਾਕਾਤ ਕਈ ਸਾਲਾਂ ਤੋਂ ਹੋ ਰਹੀ ਹੈ। ਪਰ, ਇਸ ਦੀ ਖ਼ਬਰ ਕਦੇ ਮੀਡੀਆ ਵਿੱਚ ਨਹੀਂ ਆਈ। ਅਜਿਹਾ ਪਹਿਲੀ ਵਾਰ ਹੋਇਆ ਜਦੋਂ ਦੁਨੀਆ ਨੂੰ ਇਸ ਬਾਰੇ ਪਤਾ ਲੱਗਾ। ਹਾਲਾਂਕਿ, ਏਜੰਡਾ ਅਤੇ ਹੋਰ ਚੀਜ਼ਾਂ ਅਜੇ ਵੀ ਕਿਸੇ ਨੂੰ ਪਤਾ ਨਹੀਂ ਹਨ।

ਸਿੰਗਾਪੁਰ ਵਿੱਚ 2022 ਤੋਂ ਸ਼ਾਂਗਰੀਲਾ ਸੰਵਾਦ ਅਤੇ ਸੁਰੱਖਿਆ ਮੀਟਿੰਗ ਕੀਤੀ ਜਾਂਦੀ ਹੈ। ਇਸ ਸਾਲ ਇਹ ਮੀਟਿੰਗ ਪਿਛਲੇ ਹਫ਼ਤੇ ਹੋਈ ਸੀ। ਨਿਊਜ਼ ਏਜੰਸੀ ਰਾਇਟਰਜ਼ ਨੇ ਪੰਜ ਚਸ਼ਮਦੀਦਾਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ।

ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਸਿੰਗਾਪੁਰ ਸਰਕਾਰ ਵੱਲੋਂ ਅਜਿਹੀਆਂ ਮੀਟਿੰਗਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਦੇ ਲਈ ਜਗ੍ਹਾ ਵੀ ਗੁਪਤ ਰੱਖੀ ਗਈ ਹੈ। ਇਹ ਪਹਿਲੀ ਵਾਰ ਹੈ ਜਦੋਂ ਖ਼ੁਫ਼ੀਆ ਮੁਖੀਆਂ ਦੀ ਇਸ ਮੀਟਿੰਗ ਦਾ ਵੇਰਵਾ ਸਾਹਮਣੇ ਆਇਆ ਹੈ।

ਇੰਟੈਲੀਜੈਂਸ ਦੇ ਡਾਇਰੈਕਟਰ ਐਵਰਿਲ ਹੇਨਸ ਅਮਰੀਕਾ ਦੇ ਪੱਖ ਲਈ ਪਹੁੰਚੇ। ਹਾਲਾਂਕਿ ਕਈ ਮੁੱਦਿਆਂ 'ਤੇ ਅਮਰੀਕਾ ਅਤੇ ਚੀਨ ਵਿਚਾਲੇ ਜ਼ਬਰਦਸਤ ਤਣਾਅ ਹੈ ਪਰ ਚੀਨ ਦੇ ਖ਼ੁਫ਼ੀਆ ਮੁਖੀ ਇੱਥੇ ਮੌਜੂਦ ਸਨ।

ਭਾਰਤ ਦੀ ਵਿਦੇਸ਼ੀ ਖ਼ੁਫ਼ੀਆ ਏਜੰਸੀ ਰਾਅ (ਰਿਸਰਚ ਐਂਡ ਐਨਾਲਿਸਿਸ ਵਿੰਗ) ਦੇ ਮੁਖੀ ਸਾਮੰਤ ਗੋਇਲ ਵੀ ਇੱਥੇ ਮੌਜੂਦ ਸਨ। ਮੀਟਿੰਗ ਤੋਂ ਜਾਣੂ ਇੱਕ ਸੂਤਰ ਨੇ ਕਿਹਾ ਕਿ ਇੱਥੇ ਇੱਕ ਅੰਤਰਰਾਸ਼ਟਰੀ ਸ਼ੈਡੋ ਏਜੰਡਾ ਸੀ। ਇੱਥੇ ਵਪਾਰ ਜਾਂ ਹੋਰ ਮਾਮਲਿਆਂ 'ਤੇ ਨਹੀਂ, ਸਗੋਂ ਬਹੁਤ ਹੀ ਸੰਵੇਦਨਸ਼ੀਲ ਮੁੱਦਿਆਂ 'ਤੇ ਚਰਚਾ ਕੀਤੀ ਗਈ ਹੈ।

ਮੀਟਿੰਗ ਵਿੱਚ ਸ਼ਾਮਲ ਹਰੇਕ ਦੇਸ਼ ਦੇ ਖ਼ੁਫ਼ੀਆ ਮੁਖੀ ਨੇ ਦੂਜੇ ਦੇਸ਼ ਦੇ ਖ਼ੁਫ਼ੀਆ ਮੁਖੀ ਨਾਲ ਵੀ ਵੱਖਰੇ ਤੌਰ 'ਤੇ ਮੁਲਾਕਾਤ ਕੀਤੀ। ਮਾਮਲਾ ਕਿੰਨਾ ਸੰਵੇਦਨਸ਼ੀਲ ਰਿਹਾ ਹੋਵੇਗਾ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿੰਗਾਪੁਰ ਸਥਿਤ ਅਮਰੀਕੀ ਦੂਤਾਵਾਸ ਨੇ ਅਜਿਹੀ ਕੋਈ ਵੀ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਭਾਰਤ ਅਤੇ ਚੀਨ ਵੱਲੋਂ ਵੀ ਬੈਠਕ ਨੂੰ ਲੈ ਕੇ ਡੂੰਘੀ ਚੁੱਪ ਧਾਰੀ ਹੋਈ ਸੀ। ਬ੍ਰਿਟੇਨ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਖ਼ੁਫ਼ੀਆ ਮੁਖੀ ਵੀ ਇੱਥੇ ਮੌਜੂਦ ਸਨ। ਅਜਿਹੀਆਂ ਮੀਟਿੰਗਾਂ ਆਮ ਤੌਰ 'ਤੇ ਨਹੀਂ ਹੁੰਦੀਆਂ।

ਰਿਪੋਰਟ ਮੁਤਾਬਕ ਰੂਸੀ ਪੱਖ ਦਾ ਕੋਈ ਵੀ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਨਹੀਂ ਸੀ। ਹਾਲਾਂਕਿ ਸ਼ਾਂਗਰੀਲਾ ਡਾਇਲਾਗ ਵਿੱਚ ਉਨ੍ਹਾਂ ਦੇ ਅਧਿਕਾਰੀ ਮੌਜੂਦ ਸਨ। ਸ਼ਾਂਗਰੀਲਾ ਵਿੱਚ 49 ਦੇਸ਼ਾਂ ਦੇ 600 ਡੈਲੀਗੇਟ ਸ਼ਾਮਲ ਹੋਏ। ਜਾਪਾਨ, ਇੰਡੋਨੇਸ਼ੀਆ ਅਤੇ ਦੱਖਣੀ ਕੋਰੀਆ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ ਸੀ।

ਮੰਨਿਆ ਜਾ ਰਿਹਾ ਹੈ ਕਿ ਦੁਨੀਆਂ ਨੂੰ ਕਿਸੇ ਵੀ ਵੱਡੇ ਖ਼ਤਰੇ ਤੋਂ ਬਚਾਉਣ (ਬਾਕੀ ਸਫ਼ਾ 30 'ਤੇ)

## ਚੀਨ ਨੇ ਕਿਹੜੇ ਰਹੱਸ ਦੀ ਭਾਲ ਕਾਰਨ ਜ਼ਮੀਨ ਵਿੱਚ 10 ਹਜ਼ਾਰ ਮੀਟਰ ਡੂੰਘਾ ਛੇਕ ਕੱਢਿਆ



ਸ਼ਿਆਂਗ/ਏ.ਟੀ.ਨਿਊਜ਼: ਚੀਨੀ ਵਿਗਿਆਨੀਆਂ ਨੇ ਧਰਤੀ ਦੀ ਕੁਖ ਵਿੱਚ 10,000 ਮੀਟਰ (10 ਕਿਲੋਮੀਟਰ ਜਾਂ 32,808 ਫੁੱਟ) ਡੂੰਘੇ ਛੇਕ ਕਰਨੇ ਸ਼ੁਰੂ ਕਰ ਦਿੱਤੇ ਹਨ। ਚੀਨ ਸਤ੍ਹਾ ਦੇ ਉੱਪਰ ਅਤੇ ਹੇਠਾਂ ਨਵੀਆਂ ਸਰਹੱਦਾਂ ਲੱਭਣਾ ਚਾਹੁੰਦਾ ਹੈ।

ਚੀਨ ਵਿੱਚ ਮੁਸਲਮਾਨ ਅਤੇ ਸਰਕਾਰ ਆਹਮੋ-ਸਾਹਮਣੇ ਹਨ। ਚੀਨ ਵਿੱਚ ਮੁਸਲਮਾਨਾਂ ਦੀ ਮਸਜਿਦ ਢਾਹੇ ਜਾਣ ਦਾ ਮਾਮਲਾ ਅਜੇ ਠੰਡਾ ਵੀ ਨਹੀਂ ਹੋਇਆ ਸੀ ਕਿ ਉਸ ਤੋਂ ਬਾਅਦ ਖਬਰ ਆਈ ਕਿ ਚੀਨ ਨੇ ਇਕ ਹੋਰ ਮੁਸਲਿਮ ਇਲਾਕੇ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਟੋਆ ਪੁੱਟਣਾ ਸ਼ੁਰੂ ਕਰ ਦਿੱਤਾ ਹੈ। ਚੀਨ ਇਸ ਮੁਸਲਿਮ ਖੇਤਰ ਵਿੱਚ 10 ਹਜ਼ਾਰ ਮੀਟਰ ਡੂੰਘਾ ਟੋਆ ਪੁੱਟ ਰਿਹਾ ਹੈ। ਇਹ ਟੋਆ ਭਾਰਤ ਤੋਂ ਦੂਰ ਨਹੀਂ ਹੈ। ਚੀਨ ਨੇ ਦੇਸ਼ ਦੇ ਤੇਲ ਨਾਲ ਭਰਪੂਰ ਸ਼ਿਨਜਿਆਂਗ ਖੇਤਰ ਵਿੱਚ ਆਪਣੇ ਹੁਣ ਤੱਕ ਦੇ ਸਭ ਤੋਂ ਡੂੰਘੇ ਬੋਰਹੋਲ ਲਈ ਖੁਦਾਈ ਸ਼ੁਰੂ ਕੀਤੀ ਹੋਈ ਹੈ। ਵਰਤਮਾਨ ਵਿੱਚ, ਧਰਤੀ ਉੱਤੇ ਸਭ ਤੋਂ ਡੂੰਘਾ ਸੁਰਾਖ ਰੂਸ ਵਿੱਚ ਹੈ। ਇਹ ਪ੍ਰੋਜੈਕਟ ਬਹੁਤ ਔਖਾ ਹੈ। ਚੀਨੀ ਅਕੈਡਮੀ ਆਫ਼ ਇੰਜੀਨੀਅਰਿੰਗ ਦੇ ਵਿਗਿਆਨੀ ਸਨ ਜਿਨਸ਼ੇਂਗ ਨੇ ਡ੍ਰਿਲਿੰਗ ਦੌਰਾਨ ਆਈਆਂ ਮੁਸ਼ਕਲਾਂ ਦੀ ਤੁਲਨਾ 'ਦੋ ਪਤਲੀਆਂ ਤਾਰਾਂ 'ਤੇ ਚੱਲ ਰਹੇ ਇੱਕ ਵੱਡੇ ਟਰੱਕ' ਨਾਲ ਕੀਤੀ ਸੀ।

## ਇਟਲੀ ਵਿਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲਾ ਫਤਿਹਗੜ੍ਹ ਸਾਹਿਬ 'ਚੋਂ ਗ੍ਰਿਫ਼ਤਾਰ



ਰੋਮ/ਏ.ਟੀ.ਨਿਊਜ਼ : ਬੀਤੇ ਦਿਨੀਂ ਇਟਲੀ ਨਾਲ ਸਬੰਧਤ ਇਕ ਵਿਅਕਤੀ ਵੱਲੋਂ ਇੱਕ ਵੀਡੀਓ ਜਾਰੀ ਕਰ ਸੋਸ਼ਲ ਮੀਡੀਆ ਰਾਹੀਂ ਸ੍ਰੀ ਗੁਟਕਾ ਸਾਹਿਬ ਜੀ ਦੇ ਅੰਗਾਂ ਨੂੰ ਪਾੜ ਕੇ ਸਮੁੱਚੇ ਜਗਤ ਦੀਆਂ ਸੰਗਤਾਂ ਦੇ ਦਿਲਾਂ ਨੂੰ ਠੇਸ ਪਹੁੰਚਾਈ ਸੀ। ਇਸ ਘਟਨਾ ਬਾਰੇ ਇਟਲੀ ਦੀ ਇੰਡੀਅਨ ਸਿੱਖ ਕਮਿਊਨਿਟੀ ਵਿੱਚ ਸਖਤ ਰੋਸ ਪਾਇਆ ਜਾ ਰਿਹਾ ਸੀ। ਇੰਡੀਅਨ ਸਿੱਖ ਭਾਈਚਾਰੇ ਇਟਲੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਗ ਨੇ ਦੱਸਿਆ ਕਿ ਪੰਜਾਬ ਦੇ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਪੁਲਿਸ ਵੱਲੋਂ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਹਰਮਿੰਦਰ ਸਿੰਘ ਵਾਸੀ ਬਦੂਸ਼ੀ ਕਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਬੰਧੀ ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਉਹ ਇਟਲੀ ਸਥਿਤ ਭਾਰਤੀ ਦੂਤਾਵਾਸ ਅਤੇ ਇਟਲੀ ਦੀ ਪੁਲਿਸ ਦੇ ਸੰਪਰਕ ਵਿੱਚ ਸਨ ਅਤੇ ਉਨ੍ਹਾਂ ਵੱਲੋਂ ਇਸ ਦੋਸ਼ੀ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਗਈ ਅਤੇ ਆਖਿਰਕਾਰ ਵਾਹਿਗੁਰੂ ਦੀ ਮੇਹਰ ਸਦਕਾ ਇਸ ਦੋਸ਼ੀ ਤੱਕ ਪਹੁੰਚ ਹੀ ਗਏ। ਉਨ੍ਹਾਂ ਦੱਸਿਆ ਕਿ ਦੋਸ਼ੀ ਨੇ ਸ੍ਰੀ ਗੁਟਕਾ ਸਾਹਿਬ ਦੀ ਬੇਅਦਬੀ ਕਿੱਥੇ ਕੀਤੀ, ਇਹ ਹਾਲੇ ਜਾਂਚ ਅਧੀਨ ਹੈ ਅਤੇ ਪੰਜਾਬ ਪੁਲਿਸ ਇਸ ਬਾਰੇ ਦੋਸ਼ੀ ਤੋਂ ਜਾਣਕਾਰੀ ਹਾਸਲ ਕਰਕੇ ਜ਼ਰੂਰ ਨਸ਼ਰ ਕਰੇਗੀ ਕਿ ਆਖ਼ਰਕਾਰ ਦੋਸ਼ੀ ਨੇ ਇਸ ਘਟਨਾ ਨੂੰ ਕਿਉਂ ਅੰਜਾਮ ਦਿੱਤਾ।

## ਅਮਰੀਕਾ ਕਾਰਨ ਭਾਰਤ ਤੇ ਰੂਸ ਦੇ ਆਰਥਿਕ ਸੰਬੰਧ ਵਿਗੜਨ ਲਗੇ

➢ ਰੂਸ ਤੇਲ ਲਈ ਭਾਰਤ ਦੀ ਥਾਂ ਪਾਕਿਸਤਾਨ ਨੂੰ ਪਹਿਲ ਦੇਣ ਲਗਾ ➢ ਅਮਰੀਕਾ ਭਾਰਤ ਨੂੰ ਨਾਟੋ ਦਾ ਹਿਸਾ ਬਣਾਉਣ ਲਈ ਸਰਗਰਮ



ਮਾਸਕੋ/ਏ.ਟੀ.ਨਿਊਜ਼ : ਯੂਕਰੇਨ ਵਿੱਚ ਜੰਗ ਕਾਰਨ ਰੂਸ ਅਤੇ ਪੱਛਮੀ ਦੇਸ਼ਾਂ ਵਿਚਾਲੇ ਟਕਰਾਅ ਵਧਣ ਕਾਰਣ ਭਾਰਤ ਨਾਲ ਰੂਸ ਦੇ ਰਿਸ਼ਤੇ ਨਵੇਂ ਮੋੜ 'ਤੇ ਪਹੁੰਚ ਗਏ ਸਨ। ਇਸ ਯੁੱਧ ਦੌਰਾਨ ਹੀ ਰੂਸ ਨੇ ਭਾਰਤ ਨੂੰ ਤੇਲ ਸਸਤਾ ਵੇਚਣਾ ਸ਼ੁਰੂ ਕਰ ਦਿੱਤਾ ਸੀ। ਭਾਰਤ ਰੂਸੀ ਤੇਲ ਲਈ ਚੋਟੀ ਦਾ ਖਰੀਦਦਾਰ ਬਣ ਗਿਆ ਸੀ ਤੇ ਉਹ ਯੂਰਪ ਵਿੱਚ ਤੇਲ ਵੇਚ ਕੇ ਚੰਗੀ ਕਮਾਈ ਕਰ ਰਿਹਾ ਸੀ। ਦੋਹਾਂ ਦੇਸ਼ਾਂ ਦੇ ਰਿਸ਼ਤੇ ਬਹੁਤ ਹੀ ਇਤਿਹਾਸਕ ਬਣ ਗਏ ਸਨ ਪਰ ਭਾਰਤ ਦੀ ਅਮਰੀਕਾ ਤੇ ਨਾਟੋ ਨਾਲ ਨੇੜਤਾ ਕਾਰਨ ਹੁਣ ਰੁਪਿਆ ਇਨ੍ਹਾਂ ਰਿਸ਼ਤਿਆਂ 'ਤੇ ਭਾਰੂ ਪੈ ਰਿਹਾ ਹੈ। ਰੂਸ ਨੇ ਅਮਰੀਕੀ ਡਾਲਰਾਂ 'ਚ ਭੁਗਤਾਨ ਪ੍ਰਣਾਲੀ ਨੂੰ ਹਟਾ ਦਿੱਤਾ ਸੀ ਅਤੇ ਹੁਣ ਉਸ ਕੋਲ ਰੁਪਏ ਦੇ ਢੇਰ ਲੱਗ ਗਏ ਸਨ। ਕਿਉਂ ਕਿ ਇੰਡੀਆ ਨੂੰ ਤੇਲ ਖਰੀਦਣ ਲਈ ਉਸਨੇ ਇੰਡੀਆ ਦੀ ਕਰੰਸੀ ਰੁਪਿਆ ਨੂੰ ਮਾਨਤਾ ਦਿੱਤੀ ਸੀ। ਰੂਸ ਕੋਲ ਇਸ ਸਮੇਂ ਲਗਭਗ 147 ਬਿਲੀਅਨ ਡਾਲਰ ਦੇ ਰੁਪਏ ਪਏ ਹਨ। ਰੂਸ ਨੇ ਹੁਣ ਇੰਡੀਆ ਤੋਂ ਤੀਲ ਖਰੀਦਣ ਲਈ ਚੀਨੀ ਕਰੰਸੀ ਯੂਆਨ ਦੀ ਮੰਗ ਕੀਤੀ ਹੈ। ਚੀਨ ਦੀ ਸਿਫਾਰਸ਼ ਉਪਰ ਰੂਸ ਨੇ ਪਾਕਿਸਤਾਨ ਨੂੰ ਯੂਆਨ ਕਰੰਸੀ ਬਦਲੇ ਤੇਲ ਵੇਚਣਾ ਸ਼ੁਰੂ ਕਰ ਦਿੱਤਾ ਹੈ। ਹੁਣ ਪਾਕਿਸਤਾਨ ਯੂਰਪ ਦੇਸ਼ਾਂ ਨੂੰ ਤੇਲ ਵੇਚੇਗਾ ਤੇ ਚੀਨ ਦਾ ਕਰਜ਼ਾ ਉਤਾਰੇਗਾ।

ਬਲੂਮਬਰਗ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਮਾਸਕੋ ਇਸ ਸਮੇਂ ਹਰ ਮਹੀਨੇ ਇੱਕ ਅਰਬ ਡਾਲਰ ਦੀ ਕੀਮਤ ਵਾਲੇ ਰੁਪਏ ਦੀ ਸੰਪਤੀ ਇਕੱਠੀ ਕਰ ਰਿਹਾ ਹੈ ਪਰ ਇਹ ਇਕਪਾਸੜ ਵਪਾਰਕ ਸੰਬੰਧਾਂ ਕਾਰਨ ਰੂਸ ਦੇ ਬਾਹਰ ਫਸੇ ਹੋਏ ਹਨ। ਹਰ ਤਿਮਾਹੀ ਵਿੱਚ ਵਪਾਰਕ ਅਸੰਤੁਲਨ ਦੇ 2 ਬਿਲੀਅਨ ਡਾਲਰ ਤੋਂ 3 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ ਅਤੇ ਰੂਸ ਇਸ ਦੀ ਵਰਤੋਂ ਵੀ ਨਹੀਂ ਕਰ ਸਕਦਾ।

ਰੂਸ ਅਤੇ ਭਾਰਤ ਦੋਵੇਂ ਇਸ ਦਾ ਬਦਲ ਲੱਭਣ ਵਿੱਚ ਅਸਫਲ ਰਹੇ ਹਨ। ਇੱਕ ਤਰੀਕਾ ਹੈ ਕਿ ਰੂਸ ਭਾਰਤ ਦੇ ਪੂੰਜੀ ਬਾਜ਼ਾਰ ਵਿੱਚ ਨਿਵੇਸ਼ ਕਰੇ । ਦੂਸਰਾ ਚੀਨੀ ਯੂਆਨ ਜਾਂ ਯੂਏਈ ਦਿਰਹਾਮ ਵਿਚ ਭਾਰਤ ਰੂਸ ਨੂੰ ਭੁਗਤਾਨ ਕਰੇ। ਅਜਿਹੇ ਹੱਲ 'ਤੇ ਸਹਿਮਤ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ।

ਬਲੂਮਬਰਗ ਇਕਨਾਮਿਕਸ ਨਾਲ ਜੁੜੇ ਰੂਸੀ ਅਰਥ ਸ਼ਾਸਤਰੀ ਅਲੈਗਜ਼ੈਂਡਰ ਇਸਾਕੋਵ ਨੇ ਕਿਹਾ ਕਿ ਭਾਰਤ ਨਾਲ ਰੂਸ ਦਾ ਵਪਾਰ ਲਗਾਤਾਰ ਅਸੰਤੁਲਿਤ ਹੁੰਦਾ ਜਾ ਰਿਹਾ ਹੈ। ਭਾਰਤ ਲਈ ਰੂਸ ਤੋਂ ਨਿਰਯਾਤ ਵਧਿਆ ਹੈ ਪਰ ਦਰਾਮਦ ਇੰਨੀ ਨਹੀਂ ਵਧੀ ਹੈ। ਰੂਸ ਕੋਲ ਆਪਣੇ ਚਾਲੂ ਖਾਤੇ ਦੇ ਸਰਪਲੱਸ ਨੂੰ ਰੁਪਏ ਵਿੱਚ ਬਚਾਉਣ ਦੀ ਸੀਮਾ ਹੈ। ਉਨ੍ਹਾਂ ਕਿਹਾ ਕਿ ਰੂਸ ਕੋਲ ਭਾਰਤ ਦੀ ਸਮਰੱਥਾ ਦੇ ਬਰਾਬਰ ਤੇਲ ਦਰਾਮਦ ਕਰਨ ਵਾਲਾ ਕੋਈ ਬਦਲ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਬਰਾਮਦਕਾਰ ਅਤੇ ਬੈਂਕ ਹੌਲੀ-ਹੌਲੀ ਰੁਪਏ ਵਿੱਚ ਸੈਟਲਮੈਂਟ ਸਵੀਕਾਰ ਕਰਨਗੇ।

ਭਾਵੇਂ ਭਾਰਤ ਆਪਣੀ ਤੇਲ ਦਰਾਮਦ ਵਧਾਉਣਾ ਚਾਹੁੰਦਾ ਹੈ, ਮਾਸਕੋ ਨੇ ਤੇਲ ਦੀਆਂ ਕੀਮਤਾਂ 'ਤੇ ਛੋਟ ਘਟਾਉਣ ਕਰਕੇ ਭਾਰਤ ਲਈ ਔਖਾ ਹੋ ਰਿਹਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

(ਬਾਕੀ ਸਫ਼ਾ 30 'ਤੇ)

# ਹੌਲੀ-ਹੌਲੀ ਖ਼ੁਦਕੁਸ਼ੀ ਵੱਲ ਕਦਮ ਵਧਾਉਂਦੇ ਜਾਣਾ ਹੈ ਤੰਬਾਕੂਨੋਸ਼ੀ

## ਇੱਕ ਖ਼ਾਮੋਸ਼ ਕਾਤਲ ਦਾ ਕੰਮ ਵੀ ਕਰਦੇ ਹਨ 'ਤੰਬਾਕੂਨੋਸ਼'

## ਮਹਾਂਨਗਰਾਂ 'ਚ 'ਸਟੇਟਸ ਸਿੰਬਲ' ਬਣਦਾ ਜਾ ਰਿਹੈ ਸਿਗਰਟ ਪੀਣਾ



-ਗੁਰੂ ਸਾਹਿਬਾਨ ਨੇ ਤੰਬਾਕੂ ਨੂੰ ਜਗਤ ਦੀ ਜੂਠ ਕਹਿ ਕੇ 'ਜਗਤ ਜੂਠ ਤੰਬਾਕੂ ਨਹ ਸੇਵ' ਦਾ ਉਪਦੇਸ਼ ਦਿੱਤਾ ਹੈ। ਇਤਿਹਾਸ ਵਿੱਚ ਲਿਖਿਆ ਹੈ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਪੰਜਾਬ ਦੇ ਮਾਲਵਾ ਇਲਾਕੇ ਦੇ ਬਰਨਾਲਾ ਜ਼ਿਲ੍ਹੇ ਦੇ ਇਤਿਹਾਸਕ ਨਗਰ ਹੰਡਿਆਇਆ ਤੋਂ ਧੌਲਾ ਆਦਿ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਅੱਗੇ ਗਏ ਸਨ। ਉਸ ਵੇਲੇ ਪਿੰਡ ਧੌਲਾ ਦੇ ਨਜ਼ਦੀਕ ਇੱਕ ਖੇਤ ਵਿੱਚ ਤੰਬਾਕੂ ਬੀਜਿਆ ਹੋਇਆ ਸੀ, ਜਿਸ ਕਾਰਨ ਗੁਰੂ ਸਾਹਿਬ ਦਾ ਘੋੜਾ ਅੜੀ ਪੈ ਗਿਆ ਅਤੇ ਉਹ ਤੰਬਾਕੂ ਦੇ ਖੇਤ 'ਚੋਂ ਨਾ ਲੰਘਿਆ, ਜਿਥੇ ਅੱਜ ਕੱਲ ਗੁਰਦੁਆਰਾ ਅੜੀਸਰ ਸਾਹਿਬ ਸਥਿਤ ਹੈ।

ਹੁਣ ਜੇ ਅੱਜ ਦੇ ਸਮੇਂ ਦੀ ਗਲ ਕੀਤੀ ਜਾਵੇ ਤਾਂ ਬੀੜੀ ਸਿਗਰਟ ਪੀਣ ਵਾਲਿਆਂ ਦੇ ਢਿੱਡਾਂ ਅੰਦਰ ਪਤਾ ਨਹੀਂ ਤੰਬਾਕੂ ਦੇ ਕਿੰਨੇ ਖੇਤ ਚਲੇ ਗਏ ਹੋਣਗੇ, ਜਿਸ ਤੋਂ ਪਤਾ ਚੱਲਦਾ ਹੈ ਕਿ ਤੰਬਾਕੂ, ਬੀੜੀ, ਸਿਗਰਟ ਦੀ ਵਰਤੋਂ ਕਿੰਨੀ ਵੱਧ ਗਈ ਹੈ।

'ਤੰਬਾਕੂਨੋਸ਼ੀ' ਦਾ ਸਿਹਤ ਵਿਗਿਆਨ ਅਨੁਸਾਰ ਅਰਥ ਇਹ ਨਿਕਲਦਾ ਹੈ ਕਿ ਹੌਲੀ-ਹੌਲੀ ਖੁਦਕੁਸ਼ੀ ਵੱਲ ਕਦਮ ਵਧਾਉਂਦੇ ਜਾਣਾ। ਇਹ ਅਜਿਹਾ ਨਸ਼ਾ ਹੈ ਜਿਹੜਾ ਨਸ਼ਾਖੋਰ ਨੂੰ ਹੀ ਨੁਕਸਾਨ ਨਹੀਂ ਪਹੁੰਚਾਉਂਦਾ, ਸਗੋਂ ਨਸ਼ਾ ਨਾ ਕਰਨ ਵਾਲਿਆਂ ਨੂੰ ਸੰਗੀਨ ਬਿਮਾਰੀਆਂ ਦਾ 'ਅਣਭੋਲ' ਹੀ ਸ਼ਿਕਾਰ ਬਣਾ ਦਿੰਦਾ ਹੈ। ਤੰਬਾਕੂ ਦਾ ਕਸ਼ ਲਾਉਂਦੇ ਹੋਏ, ਜ਼ਹਿਰੀਲੇ ਧੂੰਏਂ ਦੇ ਛੱਲੇ ਬਣਾ ਕੇ ਲੁਤਫ਼ ਲੈਂਦੇ ਹਨ ਤਾਂ ਧੂੰਆਂ ਕੋਲ ਬੈਠਣ ਵਾਲਿਆਂ, ਕੋਲ ਖੜ੍ਹਨ ਵਾਲਿਆਂ ਤੇ ਕੋਲੋਂ ਦੀ ਲੰਘਣ ਵਾਲਿਆਂ 'ਨਿਰਦੋਸ਼' ਲੋਕਾਂ ਦੇ ਫੇਫੜਿਆਂ ਤਕ ਜ਼ਹਿਰ ਪਹੁੰਚਾਉਣ ਵਿੱਚ ਕੋਈ ਕਮੀ ਨਹੀਂ ਛੱਡਦੇ। ਮਹਿੰਗੀਆਂ ਸਿਗਰਟਾਂ ਪੀਣਾ ਅੱਜ 'ਸਟੇਟਸ ਸਿੰਬਲ' ਬਣਦਾ ਜਾ ਰਿਹਾ ਹੈ। ਚੰਡੀਗੜ੍ਹ, ਮੋਹਾਲੀ ਅਤੇ ਹੋਰ ਵੱਡੇ ਸ਼ਹਿਰਾਂ 'ਚ ਸ਼ਾਮ ਅਤੇ ਰਾਤ ਸਮੇਂ ਮਹਿੰਗੀਆਂ ਕਾਰਾਂ 'ਚ ਬੈਠੇ ਨੌਜਵਾਨ ਮੁੰਡੇ ਕੁੜੀਆਂ ਨੂੰ ਅਕਸਰ ਮਹਿੰਗੀਆਂ ਵਿਦੇਸ਼ੀ ਸਿਗਰਟਾਂ ਪੀਂਦੇ ਵੇਖਿਆ ਜਾਂਦਾ ਹੈ, ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਕਿਹੜੇ ਪਾਸੇ ਜਾ ਰਹੀ ਹੈ।

ਤੰਬਾਕੂ ਸੰਸਾਰ ਦਾ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਸਭ ਤੋਂ ਸਸਤਾ ਤੇ ਸਭ ਤੋਂ ਖਤਰਨਾਕ ਪਦਾਰਥ ਹੈ। ਬੀਤੀ 31 ਮਈ ਨੂੰ ਵਿਸ਼ਵ ਸਿਹਤ ਸੰਗਠਨ ਨੇ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ। ਸਾਲ 2023 ਦੀ ਥੀਮ "ਸਾਨੂੰ ਭੋਜਨ ਦੀ ਲੋੜ ਹੈ ਤੰਬਾਕੂ ਦੀ ਨਹੀਂ"। ਇਸ ਥੀਮ ਤਹਿਤ ਤੰਬਾਕੂ ਦੀ ਪੈਦਾਵਾਰ ਦੀ ਥਾਂ ਹੋਰ ਫਸਲਾਂ ਪੈਦਾ ਕਰਨ ਲਈ ਮੁਹਿੰਮਾਂ ਚਲਾਈਆਂ ਜਾਣਗੀਆਂ ਅਤੇ ਵਿਸ਼ਵ ਦੀਆਂ ਵੱਡੀਆਂ ਸੰਸਥਾਵਾਂ ਵੱਲੋਂ ਉਹਨਾਂ ਦੀ ਮਦਦ ਕੀਤੀ ਜਾਵੇਗੀ ਤਾਂ ਜੋ ਤੰਬਾਕੂ ਦੀ ਪੈਦਾਵਾਰ ਕਰਨ ਵਾਲੇ ਕਿਸਾਨ ਅਨਾਜ ਦੀ ਪੈਦਾਵਾਰ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਣ।

ਇਸ ਦੇ ਇਤਿਹਾਸ ਵੱਲ ਜਾਈਏ ਤਾਂ ਪਹਿਲਾਂ 7 ਅਪ੍ਰੈਲ ਨੂੰ ਪੂਰੀ ਦੁਨੀਆਂ ਵਿੱਚ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾਂਦਾ ਸੀ। ਇਸ ਤੋਂ ਬਾਅਦ 1988 ਵਿੱਚ ਵਿਸ਼ਵ ਸਿਹਤ ਸੰਗਠਨ ਵੱਲੋਂ 31 ਮਈ ਨੂੰ ਤੰਬਾਕੂ ਵਿਰੋਧੀ ਦਿਵਸ ਮਨਾਉਣ ਲਈ ਕਿਹਾ ਗਿਆ, ਉਸ ਤੋਂ ਬਾਅਦ 31 ਮਈ ਨੂੰ ਹੀ ਤੰਬਾਕੂ ਵਿਰੋਧੀ ਦਿਵਸ ਮਨਾਇਆ ਜਾ ਰਿਹਾ ਹੈ।



ਤੰਬਾਕੂ ਪੀਣ ਵਾਲੇ ਲੋਕ ਅਰਬਾਂ ਰੁਪਏ ਖਰਚ ਕੇ ਮਾੜਾ ਸੰਤਾਪ ਮੁੱਲ ਲੈਂਦੇ ਹਨ, ਇਸ ਦੀ ਇੱਕ ਉਦਾਹਰਣ ਹੈ ਕਿ 22 ਜੂਨ 1997 ਨੂੰ ਟਾਈਮਜ਼ ਆਫ਼ ਅਮਰੀਕਾ ਦੀ ਇਕ ਖ਼ਬਰ ਮੁਤਾਬਿਕ ਅਮਰੀਕਾ ਦੀਆਂ 3 ਵੱਡੀਆਂ ਸਿਗਰਟ ਕੰਪਨੀਆਂ 'ਤੇ ਉਹਨਾਂ ਉਪਰ ਹਜ਼ਾਰਾਂ ਦਾਅਵੇ ਹੋਏ, ਜਿਹੜੇ ਸਿਹਤ ਲਈ ਮਾੜੇ ਸਨ, ਕੰਪਨੀਆਂ ਨੇ ਕਚਹਿਰੀਓਂ ਬਾਹਰ ਮਾਮਲੇ ਨਿਬੇੜਨ ਲਈ 368 ਬਿਲੀਅਨ ਅਮਰੀਕਨ ਡਾਲਰ ਦੇਣੇ ਮੰਨੇ ਪਰ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਜੇ ਤਕ ਸੁੱਤੀਆਂ ਪਈਆਂ ਹੈ।

ਸਿਗਰਟ ਪਹਿਲੀ ਵਾਰ 1880 ਵਿੱਚ ਬਾਜ਼ਾਰ ਵਿੱਚ ਆਈ ਸੀ। ਅਮਰੀਕਾ ਦੇ ਉੱਤਰੀ ਕੈਰੋਲਿਨਾ ਸ਼ਹਿਰ ਵਿੱਚ ਜੇਮਜ਼ ਬੁਕਾਨਨ ਡਿਊਕ ਨਾਂਅ ਦੇ ਵਿਅਕਤੀ ਨੇ ਹੱਥਾਂ ਨਾਲ ਬਣਾਈਆਂ ਸਿਗਰਟਾਂ ਨੂੰ ਬਾਜ਼ਾਰ ਵਿੱਚ ਉਤਾਰਿਆ ਸੀ। ਹੋਲੀ ਹੋਲੀ ਇਸ ਸਿਗਰਟ ਦੀ ਪ੍ਰਸਿੱਧੀ ਵਧਦੀ ਗਈ। 1990 ਵਿੱਚ ਦੁਨੀਆਂ ਭਰ ਵਿੱਚ ਸਿਗਰਟ ਪੀਣ ਵਾਲਿਆਂ ਦੀ ਗਿਣਤੀ 990 ਮਿਲੀਅਨ ਹੋ ਗਈ ਸੀ।

ਪੰਜਾਬ ਸਮੇਤ ਚੰਡੀਗੜ੍ਹ ਵਿੱਚ ਹੁੱਕਾ ਬਾਰਾਂ 'ਤੇ ਪਾਬੰਦੀ ਹੈ। ਇਸ ਦੀ ਉਲੰਘਣਾ ਕਰਨ 'ਤੇ ਸਖ਼ਤ ਸਜ਼ਾ ਦਿੱਤੀ ਜਾਵੇਗੀ, ਜਿਸ ਵਿੱਚ 3 ਸਾਲ ਤਕ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ ਲਗਾਇਆ ਜਾਵੇਗਾ।

ਪੀ.ਜੀ.ਆਈ. ਚੰਡੀਗੜ੍ਹ ਦੀ ਸਟੱਡੀ ਤਹਿਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨੂੰ ਹੀ ਤੰਬਾਕੂਨੋਸ਼ੀ ਮੁਕਤ ਐਲਾਨਿਆ ਗਿਆ ਹੈ। ਜਿਸ ਦਾ ਮਤਲਬ ਇਹ ਹੈ ਕਿ ਪੰਜਾਬ ਵਿੱਚ ਜਨਤਕ ਥਾਂਵਾਂ 'ਤੇ ਤੰਬਾਕੂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਹਨਾਂ ਜ਼ਿਲ੍ਹਿਆਂ ਵਿੱਚ 739 ਪਿੰਡ ਅਜਿਹੇ ਹਨ, ਜਿਨ੍ਹਾਂ ਨੇ ਪੰਚਾਇਤ ਪੱਧਰ 'ਤੇ ਮਤਾ ਪਾਸ ਕਰਕੇ ਆਪੋ-ਆਪਣੇ ਪਿੰਡਾਂ ਨੂੰ ਤੰਬਾਕੂ ਮੁਕਤ ਬਣਾਉਣ ਦਾ ਟੀਚਾ ਮਿਥਿਆ ਅਤੇ ਪੰਚਾਇਤਾਂ ਦੇ ਇਸ ਉਪਰਾਲੇ ਨਾਲ 739 ਪਿੰਡ ਤੰਬਾਕੂ ਮੁਕਤ ਹੋਣ ਦੀਆਂ ਸੰਭਾਵਨਾਵਾਂ ਹਨ।

ਭਾਰਤ :ਫਾਊਂਡੇਸ਼ਨ ਫਾਰ ਸਮੋਕ ਫਰੀ ਵਰਲਡ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ ਕਰੀਬ 6.6 ਕਰੋੜ ਲੋਕ ਸਿਗਰਟ ਪੀਂਦੇ ਹਨ। 26 ਕਰੋੜ ਤੋਂ ਵੱਧ ਲੋਕ ਤੰਬਾਕੂ ਅਤੇ ਹੋਰ ਪਦਾਰਥਾਂ ਦੀ ਵਰਤੋਂ ਕਰਦੇ ਹਨ। ਇਹ ਭਾਰਤ ਵਰਗੇ ਦੇਸ਼ ਵਿੱਚ 21 ਫੀਸਦੀ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਕਾਰਨ ਕੈਂਸਰ ਹੁੰਦਾ ਹੈ। ਭਾਰਤ ਵਿੱਚ ਹਰ ਸਾਲ 3.5 ਫ਼ੀਸਦੀ ਲੋਕ ਸਿਗਰਟਨੋਸ਼ੀ ਦੇ ਪ੍ਰਭਾਵ ਕਾਰਨ ਮਰਦੇ ਹਨ, ਅਮਰੀਕਾ ਵਿੱਚ ਇਹ ਗਿਣਤੀ 4.8 ਲੱਖ ਦੇ ਕਰੀਬ ਕਰੀਬ ਦਸੀ ਜਾਂਦੀ ਹੈ। ਸਿਗਰਟ ਨਾਲ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਨਿਕੋਟੀਨ ਦੀ ਓਵਰਡੋਜ਼ ਹੈ।

2018 ਵਿੱਚ ਨੈਸ਼ਨਲ ਕੌਂਸਲ ਆਫ਼ ਅਪਲਾਈਡ ਇਕਨਾਮਿਕ ਰਿਸਰਚ ਨੇ ਇੱਕ ਸਰਵੇਖਣ ਕੀਤਾ, ਜਿਸ ਵਿੱਚ ਦੱਸਿਆ ਗਿਆ ਕਿ ਸਿਗਰਟਨੋਸ਼ੀ ਕਰਨ ਵਾਲੇ 46 ਫੀਸਦੀ ਲੋਕ ਅਨਪੜ੍ਹ ਹਨ ਅਤੇ 16 ਫੀਸਦੀ ਕਾਲਜ ਜਾਣ ਵਾਲੇ ਵਿਦਿਆਰਥੀ ਹਨ।

**ਭਾਰਤ ਵਿੱਚ ਤੰਬਾਕੂ 'ਤੇ ਟੈਕਸ**

ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਭਾਰਤ ਵਿੱਚ ਬੀੜੀਆਂ 'ਤੇ 22 ਫੀਸਦੀ ਟੈਕਸ, ਸਿਗਰਟ 'ਤੇ 53 ਫੀਸਦੀ, ਧੂੰਆਂ ਰਹਿਤ ਤੰਬਾਕੂ 'ਤੇ 64 ਫੀਸਦੀ ਟੈਕਸ ਲਗਾਇਆ ਜਾ ਰਿਹਾ ਹੈ ਪਰ ਡਬਲਯੂ.ਐਸ.ਓ. ਨੇ ਭਾਰਤ ਸਰਕਾਰ ਨੂੰ ਤੰਬਾਕੂ ਉਤਪਾਦਾਂ 'ਤੇ 75 ਫੀਸਦੀ ਟੈਕਸ ਲਗਾਉਣ ਲਈ ਕਿਹਾ ਸੀ।

ਭਾਰਤ ਤੋਂ ਇਲਾਵਾ ਹੋਰਨਾਂ ਮੁਲਕਾਂ ਦੀ ਗਲ ਕੀਤੀ ਜਾਵੇ ਤਾਂ ਇੱਥੇ ਕੁਝ ਦੇਸ਼ਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹਨਾਂ ਨੇ ਤੰਬਾਕੂਨੋਸ਼ੀ ਰੋਕਣ ਲਈ ਵੱਡੇ ਕਦਮ ਚੁੱਕੇ ਹਨ।

**ਸਵੀਡਨ:** ਸਵੀਡਨ ਸਿਰਫ਼ ਪੰਜ ਫੀਸਦੀ ਲੋਕਾਂ ਦੇ ਨਾਲ ਪਹਿਲਾ ਤੰਬਾਕੂ ਮੁਕਤ ਦੇਸ਼ ਬਣਨ ਦੇ ਨੇੜੇ ਹੈ। ਇਸ ਦੇਸ਼ ਨੇ 2005 'ਚ ਬਾਰਾਂ ਤੇ ਰੈਸਟੋਰੈਂਟਾਂ ਵਿੱਚ ਸਿਗਰਟਨੋਸ਼ੀ 'ਤੇ ਪਾਬੰਦੀ ਲਗਾ ਦਿੱਤੀ ਸੀ ਤੇ ਪਿਛਲੇ ਕੁੱਝ ਸਾਲਾਂ ਵਿੱਚ ਸਿਗਰਟਨੋਸ਼ੀ ਨੂੰ ਰੋਕਣ ਲਈ ਇੱਕ ਸਖ਼ਤ ਨੀਤੀ ਵੀ ਲਾਗੂ ਕੀਤੀ ਸੀ।

ਸਵੀਡਨ ਨੇ 2018 ਵਿੱਚ ਜਨਤਕ ਸਿਗਰਟਨੋਸ਼ੀ 'ਤੇ ਪੂਰਨ ਪਾਬੰਦੀ ਦਾ ਐਲਾਨ ਕੀਤਾ, ਜਿਸ ਵਿੱਚ ਪਾਰਕ, ਰੇਲਵੇ ਸਟੇਸ਼ਨ, ਬੱਸ ਸਟੈਂਡ ਆਦਿ ਸ਼ਾਮਲ ਸਨ। 2019 ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਉਥੋਂ ਦੇ 15 ਸਾਲ ਤੋਂ ਵੱਧ ਉਮਰ ਦੇ ਸਵੀਡਨ ਵਿਚੋਂ ਸਿਰਫ਼ 6.4 ਫੀਸਦੀ ਰੋਜ਼ਾਨਾਂ ਸਿਗਰਟਨੋਸ਼ੀ ਕਰਦੇ ਸਨ। ਸਵੀਡਨ ਦੀ ਪਬਲਿਕ ਹੈਲਥ ਏਜੰਸੀ ਦੇ ਅੰਕੜੇ ਦੱਸਦੇ ਹਨ ਕਿ ਸਮੱਸਿਆ ਉਦੋਂ ਤੋਂ ਘਟੀ ਹੈ ਅਤੇ ਪਿਛਲੇ ਸਾਲ 5.6 ਫੀਸਦੀ ਤਕ ਪਹੁੰਚ ਗਈ ਹੈ। ਸਵੀਡਨ ਆਪਣੇ ਸੁਪਨੇ ਨੂੰ ਤਿਆਰ ਕਰਨ ਲਈ ਪੂਰੀ ਤਰਾਂ ਤਿਆਰ ਹੈ। ਇਹ ਸੁਪਨਾ ਉਸਨੇ ਕਰੀਬ 20 ਪਹਿਲਾਂ ਵੇਖਿਆ ਸੀ ਕਿ ਸਵੀਡਨ ਨੂੰ 2025 ਤਕ ਸਮੋਕ ਮੁਕਤ ਦੇਸ਼ ਬਣਾਉਣਾ ਹੈ।

ਸਨਸ (ਇੱਕ ਪਾਊਡਰ ਤੰਬਾਕੂ) ਉਪਰਲੇ ਬੁੱਲਾਂ ਦੇ ਹੇਠਾਂ ਰੱਖਿਆ ਜਾਂਦਾ ਹੈ। ਜ਼ਿਆਦਾਤਰ ਯੂਰੋਪੀਅਨ ਦੇਸ਼ਾਂ ਵਿੱਚ ਇਸ 'ਤੇ ਪਾਬੰਦੀ ਹੈ, ਪਰ ਸਵੀਡਨ ਨੇ ਇਸ ਨੂੰ ਸਿਗਰਟਨੋਸ਼ੀ ਨੂੰ ਰੋਕਣ ਲਈ ਵਰਤਣ ਦੀ ਆਗਿਆ ਦਿੱਤੀ ਹੈ। ਸਵੀਡਨ ਵਾਸੀਆਂ ਨੇ ਸਰਕਾਰ ਦੇ ਦਖਲ ਤੋਂ ਬਿਨਾਂ 1990 ਵਿੱਚ ਇਹ ਸਨਸ ਪਾਊਡਰ ਲੱਭ ਲਿਆ ਸੀ। 1984 ਵਿੱਚ 34 ਫੀਸਦੀ ਲੋਕ ਇਥੇ ਸਿਗਰਟਨੋਸ਼ੀ ਕਰਦੇ ਸਨ, ਪਰ 1990 ਦੇ ਦਹਾਕੇ ਦੇ ਬਾਅਦ ਇਹ ਗ੍ਰਾਫ ਹੇਠਾਂ ਆਉਣਾ ਸ਼ੁਰੂ ਹੋ ਗਿਆ, ਜਦੋਂ ਲੋਕਾਂ ਨੂੰ ਸਨਸ ਪਾਊਡਰ ਦੇ ਰੂਪ ਵਿੱਚ ਬਦਲ ਮਿਲ ਗਿਆ। 1996 ਤਕ ਸਿਗਰਟਾਂ ਨਾਲੋਂ ਜ਼ਿਆਦਾ (ਬਾਕੀ ਸਫ਼ਾ 31 'ਤੇ)



## ਯੂ.ਕੇ. ਦੇ ਮੀਡੀਆ ਆਊਟਲੇਟ ਵੱਲੋਂ ਜਾਰੀ ਰਿਪੋਰਟ 'ਚ ਦਾਅਵਾ

# ਇੱਕ ਅੱਤਵਾਦੀ ਸੀ ਰਿਸ਼ੀ ਸੁਨਕ ਦਾ ਦਾਦਾ

## ਬਾਗ਼ੀਆਂ ਨੂੰ ਸਿਖਾਉਂਦਾ ਸੀ ਗੁਰੀਲਾ ਤਕਨੀਕਾਂ

ਲੰਡਨ/ਏ.ਟੀ.ਨਿਊਜ਼ : ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦਾ ਦਾਦਾ ਇੱਕ ਅੱਤਵਾਦੀ ਸੀ, ਜੋ ਕੀਨੀਆ ਵਿੱਚ ਬ੍ਰਿਟਿਸ਼ ਨਾਲ ਲੜਿਆ ਸੀ ਅਤੇ ਬਾਗੀਆਂ ਨੂੰ ਗੁਰੀਲਾ ਤਕਨੀਕਾਂ ਸਿਖਾਉਂਦਾ ਸੀ। ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਦਾਦਾ ਨੇ ਬ੍ਰਿਟਿਸ਼ਾਂ ਦੇ ਖ਼ਿਲਾਫ਼ 1950 ਦੇ ਕੀਨੀਆ ਦੇ ਵਿਦਰੋਹ ਵਿੱਚ ਸਹਾਇਤਾ ਕੀਤੀ।

ਯੂ.ਕੇ. ਦੇ ਮੀਡੀਆ ਆਊਟਲੇਟ ਦੁਆਰਾ ਪੇਸ਼ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਕਿ ਰਾਮਦਾਸ ਸੁਨਕ ਅੰਗਰੇਜ਼ਾਂ ਦੀ ਤਨਖਾਹ 'ਤੇ ਰਹਿੰਦਿਆਂ ਆਜ਼ਾਦੀ ਪੱਖੀ ਗਤੀਵਿਧੀਆਂ ਕਰ ਰਿਹਾ ਸੀ। ਉਸਨੇ ਪਹਿਲਾਂ ਇੱਕ ਕਲਰਕ ਅਤੇ ਫਿਰ ਵਿੱਤ ਅਤੇ ਨਿਆਂ ਵਿਭਾਗਾਂ ਵਿੱਚ ਇੱਕ ਸੀਨੀਅਰ ਪ੍ਰਸ਼ਾਸਕ ਵਜੋਂ ਕੰਮ ਕੀਤਾ।

ਡੇਲੀ ਮੇਲ ਦੀ ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਰਾਮਦਾਸ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਜੁੜੇ ਭਾਰਤ ਦੇ ਰਾਸ਼ਟਰਵਾਦੀ ਸਮੂਹ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦਾ ਮੈਂਬਰ ਸੀ। ਇਸ ਸਮੂਹ 'ਤੇ ਵਿਆਪਕ ਹਿੰਸਾ ਦਾ ਦੋਸ਼ ਲਗਾਇਆ ਗਿਆ ਹੈ ਅਤੇ ਇਸ ਦਾ ਇੱਕ ਮੈਂਬਰ 1948 ਵਿੱਚ ਮਹਾਤਮਾ ਗਾਂਧੀ ਦੀ ਹੱਤਿਆ ਲਈ ਜ਼ਿੰਮੇਵਾਰ ਸੀ।

ਇਨ੍ਹਾਂ ਦੋਨਾਂ ਰਿਪੋਰਟਾਂ ਅਧਾਰਿਤ ਕਿਹਾ ਜਾ ਸਕਦਾ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦਾ ਪਿਛੋਕੜ ਹਿੰਦੂ ਤਵੀ ਵਿਚਾਰਾਂ ਵਾਲਾ ਤੇ ਅੰਗਰੇਜ਼ਾਂ ਵਿਰੋਧੀ ਰਿਹਾ।

ਰਾਮਦਾਸ ਕਥਿਤ ਤੌਰ 'ਤੇ ਇੱਕ ਨੌਜਵਾਨ ਦੇ ਰੂਪ ਵਿੱਚ ਭਾਰਤ ਦੇ ਪੰਜਾਬ ਤੋਂ ਕੀਨੀਆ ਦੇ ਨੈਰੋਬੀ ਗਿਆ ਸੀ ਅਤੇ ਬਾਅਦ ਵਿੱਚ ਮੱਖਣ ਸਿੰਘ ਨਾਮ ਦੇ ਇੱਕ ਬਚਪਨ ਦੇ ਦੋਸਤ ਦੁਆਰਾ ਚਲਾਈ ਦੇਸ਼ ਦੀ



ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਲਿਆ ਸੀ। ਬਾਅਦ ਵਿੱਚ ਉਹ ਕੀਨੀਆ ਵਿੱਚ ਇੱਕ ਪ੍ਰਮੁੱਖ ਟਰੇਡ ਯੂਨੀਅਨਿਸਟ ਅਤੇ ਮਾਓ ਲੜਾਕਿਆਂ ਦਾ ਸਮਰਥਕ ਬਣ ਗਿਆ।ਆਜ਼ਾਦੀ ਤੋਂ ਬਾਅਦ, ਰਾਮਦਾਸ ਨੇ ਕੀਨੀਆ ਵਿੱਚ ਨਸਲਵਾਦ ਦਾ ਸਾਹਮਣਾ ਕਰਨ ਤੋਂ ਬਾਅਦ ਬਰਤਾਨੀਆ ਜਾਣ ਦਾ ਫੈਸਲਾ ਕੀਤਾ। ਇਸ ਲਈ 1971 ਵਿੱਚ, ਉਹ ਬ੍ਰਿਟੇਨ ਗਿਆ ਜਿੱਥੇ ਪਹਿਲਾਂ ਹੀ ਯੂਨੀਵਰਸਿਟੀ ਵਿੱਚ ਉਸ ਦੇ ਦੋ ਬਾਲਗ ਪੁੱਤਰ ਉੱਚ ਸਿੱਖਿਆ ਲੈ ਰਹੇ ਸਨ । ਰਿਪੋਰਟ ਦੇ ਅਨੁਸਾਰ, ਉਹ ਬਾਅਦ ਵਿੱਚ ਸਾਊਥੈਂਪਟਨ ਵਿੱਚ ਸੈਟਲ ਹੋ ਗਿਆ, ਜਿੱਥੇ ਉਸਨੇ ਵੈਦਿਕ ਸੁਸਾਇਟੀ ਹਿੰਦੂ ਮੰਦਰ ਦੀ ਸਥਾਪਨਾ ਵਿੱਚ ਮਦਦ ਕੀਤੀ।ਮੰਦਿਰ ਬਾਰੇ ਪਿਛਲੇ ਸਾਲ ਬਣੀ ਇੱਕ ਡਾਕੂਮੈਂਟਰੀ ਵਿੱਚ, ਉਸ ਦੇ ਬਚਪਨ ਦੀਆਂ ਫੋਟੋਆਂ ਵਿੱਚ ਹਿੰਦੂ ਮਿਥਿਹਾਸ ਤੋਂ ਸਿਆਸਤਦਾਨ ਬਣਨ ਵਾਲੇ ਦ੍ਰਿਸ਼ ਦਿਖਾਏ ਗਏ ਸਨ।

ਸਿਆਸੀ ਨਿਰੀਖਕਾਂ ਦਾ ਕਹਿਣਾ ਹੈ ਕਿ ਰਾਮਦਾਸ ਦੇ ਆਰਐਸਐਸ ਨਾਲ ਸਬੰਧ ਪ੍ਰਧਾਨ ਮੰਤਰੀ ਲਈ ਸ਼ਰਮਨਾਕ ਹੋਣ ਦੀ ਸੰਭਾਵਨਾ ਹੈ, ਕਿਉਂਕਿ ਇਸ ਸਮੂਹ ਨੂੰ ਭਾਰਤ ਵਿੱਚ ਕੱਟੜਪੰਥ ਲਈ ਤਿੰਨ ਵਾਰ ਪਾਬੰਦੀ ਲਗਾਈ ਗਈ ਸੀ।ਆਰਐਸਐਸ ਦੀ ਯੂਕੇ ਸ਼ਾਖਾ, ਦੀ ਚੈਰਿਟੀ ਕਮਿਸ਼ਨ ਦੁਆਰਾ 2015 ਵਿੱਚ ਆਈਟੀਵੀ ਦਸਤਾਵੇਜ਼ੀ ਤੋਂ ਬਾਅਦ ਜਾਂਚ ਕੀਤੀ ਗਈ ਸੀ ਕਿ ਕਿਵੇਂ ਇੱਕ ਸਮਰ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਸੀ ਕਿ ਚੰਗੇ ਮੁਸਲਮਾਨਾਂ ਦੀ ਗਿਣਤੀ ਇੱਕ ਉਂਗਲੀ 'ਤੇ ਗਿਣੀ ਜਾ ਸਕਦੀ ਹੈ।

**ਮਾਓ ਖਾੜਕੂ ਕੌਣ ਸਨ ?**

ਮਾਓ ਖਾੜਕੂ ਕੀਨੀਆ ਦੇ ਰਾਸ਼ਟਰਵਾਦੀਆਂ ਦਾ ਇੱਕ ਸਮੂਹ ਸਨ ਜਿਨ੍ਹਾਂ ਨੇ 1950 ਦੇ ਦਹਾਕੇ ਵਿੱਚ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਤੋਂ ਆਜ਼ਾਦੀ ਦੇ ਸੰਘਰਸ਼ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਸ਼ਬਦ 'ਮਾਓ' ਅਸਲ ਵਿੱਚ ਭੂਮੀ ਅਤੇ ਸੁਤੰਤਰਤਾ ਸੈਨਾ ਦਾ ਹਵਾਲਾ ਦਿੰਦਾ ਹੈ, ਜੋ ਕਿ ਇੱਕ ਹਥਿਆਰਬੰਦ ਅੰਦੋਲਨ ਸੀ ਜੋ ਮੁੱਖ ਤੌਰ 'ਤੇ ਕੀਨੀਆ ਵਿੱਚ ਸਭ ਤੋਂ ਵੱਡੇ ਨਸਲੀ ਸਮੂਹ ਕਿਕੂਯੂ ਨਸਲੀ ਸਮੂਹ ਦੇ ਮੈਂਬਰਾਂ ਦੀ ਬਣੀ ਹੋਈ ਸੀ।

ਬ੍ਰਿਟਿਸ਼ ਅਧਿਕਾਰੀਆਂ ਨੇ 1952 ਵਿੱਚ ਐਮਰਜੈਂਸੀ ਦੀ ਘੋਸ਼ਣਾ ਕਰਦੇ ਹੋਏ

(ਬਾਕੀ ਸਫ਼ਾ 29 'ਤੇ)

# ਵਿਦੇਸ਼ਾਂ ਵਿੱਚ ਸਰਗਰਮ ਪੰਥਕ ਜਥੇਬੰਦੀਆਂ ਦਾ ਤੀਜੇ ਘੱਲੂਘਾਰੇ ਦੀ ਵਰ੍ਹੇਗੰਢ 'ਤੇ ਸਾਂਝਾ ਬਿਆਨ

## ਭਾਈ ਦਲਜੀਤ ਸਿੰਘ ਤੇ ਹੋਰਨਾਂ ਪੰਥ ਸੇਵਕ ਸ਼ਖ਼ਸੀਅਤਾਂ ਦੇ ਉੱਦਮਾਂ ਦੀ ਪੂਰਨ ਹਿਮਾਇਤ ਕੀਤੀ

ਓਂਟਾਰੀਓ/ਲੰਡਨ/ਨਿਊਯਾਰਕ/ਏ.ਟੀ.ਨਿਊਜ਼ :- ਵਿਦੇਸ਼ਾਂ ਵਿੱਚ ਸਰਗਰਮ ਪੰਥਕ ਜਥੇਬੰਦੀਆਂ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ, ਜਰਮਨੀ; ਸਿੱਖ ਕੌਂਸਲ ਆਫ ਬੈਲਜੀਅਮ, ਸਿੱਖ ਫੈਡਰੇਸ਼ਨ ਆਫ ਆਸਟ੍ਰੇਲੀਆ, ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਫੈਡਰੇਸ਼ਨ ਇਟਲੀ, ਸਿੱਖ ਫੈਡਰੇਸ਼ਨ ਸਪੇਨ, ਸਿੱਖ ਫੈਡਰੇਸ਼ਨ ਸਵਿਟਜ਼ਰਲੈਂਡ, ਸਿੱਖ ਫੈਡਰੇਸ਼ਨ ਜਰਮਨੀ, ਸਿੱਖ ਫੈਡਰੇਸ਼ਨ ਫਰਾਂਸ, ਸਿੱਖ ਫੈਡਰੇਸ਼ਨ ਯੂ.ਕੇ., ਸਿੱਖ ਯੂਥ ਆਫ ਅਮਰੀਕਾ, ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ (ਸਰੀ) ਕੈਨੇਡਾ ਅਤੇ ਨੈਸ਼ਨਲ ਸਿੱਖ ਫੈਡਰੇਸ਼ਨ ਗ੍ਰੀਸ ਨੇ ਤੀਜੇ ਘੱਲੂਘਾਰੇ ਦੀ ਵਰ੍ਹੇਗੰਢ 'ਤੇ ਇੱਕ ਸਾਂਝਾ ਬਿਆਨ ਜਾਰੀ ਕੀਤਾ ਹੈ।

ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ 1699 ਤੋਂ ਲੈ ਕੇ ਹੁਣ ਤੱਕ ਖਾਲਸਾ ਜੀ ਦਾ ਸੰਘਰਸ਼ ਹਮੇਸ਼ਾਂ ਪਾਤਸ਼ਾਹੀ ਦਾਅਵੇ ਨੂੰ ਮੁੱਖ ਰੱਖਦਿਆਂ ਹੋਇਆਂ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਕਰਨ ਲਈ ਸਾਂਝੀਵਾਲਤਾ ਵਾਲਾ ਨਿਆਂਕਾਰੀ ਸਮਾਜ ਅਤੇ ਰਾਜ ਸਥਾਪਤ ਕਰਨ ਦਾ ਰਿਹਾ ਹੈ। ਇਸੇ ਵਿਰਾਸਤ ਨੂੰ ਅੱਗੇ ਤੋਰਦਿਆਂ 4 ਜੂਨ, 1984 ਤੋਂ ਖਾਲਿਸਤਾਨ ਦੀ ਸਥਾਪਤੀ ਲਈ ਅਰੰਭਿਆ ਸੰਘਰਸ਼ ਗੁਰੂ ਸਾਹਿਬ ਵੱਲੋਂ ਸਰਬੱਤ ਦੇ ਭਲੇ ਵਾਲਾ ਸੁਤੰਤਰ ਹਲੇਮੀ ਰਾਜ ਸਥਾਪਤ ਕਰਨ ਲਈ ਜੱਦੋ-ਜਹਿਦ ਦਾ ਹੀ ਮੌਜੂਦਾ ਰੂਪ ਹੈ।

ਇਹ ਸੰਘਰਸ਼ ਜਾਲਮ ਇੰਡੀਅਨ ਸਟੇਟ, ਪੂੰਜੀਵਾਦੀ ਆਰਥਕ ਲੁੱਟ ਅਤੇ ਬਿੱਪਰ ਦੇ ਗਲਬੇ ਦੇ ਖ਼ਾਤਮੇ ਨਾਲ ਉਪ-ਮਹਾਂਦੀਪ ਦੇ ਦੱਬੇ ਕੁਚਲਿਆਂ ਦੀ ਮੁਕਤੀ ਲਈ ਵੀ ਵਚਨਬੱਧਤਾ ਨਾਲ ਲੜਿਆ ਗਿਆ। ਸਾਡੇ ਸ਼ਹੀਦਾਂ, ਜੁਝਾਰੂਆਂ ਅਤੇ ਜਲਾਵਤਨੀ ਯੋਧਿਆਂ ਨੇ ਖਾਲਸਾ ਜੀ ਦੀ ਅਕਾਲੀ ਪ੍ਰਭੂਸੱਤਾ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਾਨਾਮੱਤਾ ਇਤਿਹਾਸ ਸਿਰਜਿਆ। ਇਸ ਸੰਘਰਸ਼ ਦਾ ਸਪੱਸ਼ਟ ਨਿਸ਼ਾਨਾ ਅਜ਼ਾਦ ਦੇਸ਼, ਖਾਲਿਸਤਾਨ, ਬਨਾਉਣਾ ਹੈ ਜੋ ਗੁਰਮਤਿ ਦੇ ਆਸ਼ੇ ਸਰਬੱਤ ਦਾ ਭਲਾ ਅਤੇ ਹਲੇਮੀ ਰਾਜ ਉੱਤੇ ਅਧਾਰਿਤ ਹੈ। ਇਸ ਸੰਘਰਸ਼ ਦੇ ਪਹਿਲੇ ਪੜਾਅ ਵਜੋਂ ਲੜੀ ਗਈ ਹਥਿਆਰਬੰਦ ਜੰਗ ਵਿੱਚ ਸ਼ਹੀਦ ਹੋਏ, ਲੰਬੀਆਂ ਜੇਲ੍ਹਾਂ ਅਤੇ ਜਲਾਵਤਨੀ ਕੱਟ ਰਹੇ ਬਜ਼ੁਰਗਾਂ ਦੇ ਕਿਰਦਾਰ ਇਸੇ ਸੰਘਰਸ਼ ਦੀ ਅਗਲੀ ਪੀੜੀ ਲਈ ਮਿਸਾਲ ਅਤੇ ਚਾਨਣ ਮੁਨਾਰੇ ਹਨ।



**ਮੌਜੂਦਾ ਹਲਾਤ: ਖ਼ਤਰੇ ਅਤੇ ਸੰਭਾਵਨਾਵਾਂ**

ਪੰਜਾਬ, ਦੱਖਣੀ ਏਸ਼ੀਆ ਅਤੇ ਆਲਮੀ ਭੂ-ਸਿਆਸਤ ਵਿੱਚ ਉਥਲ-ਪੁਥਲ ਦੇ ਚਲਦਿਆਂ ਪੰਥ ਅਤੇ ਪੰਜਾਬ ਲਈ ਬਹੁਤ ਸਾਰੇ ਨਵੇਂ ਖ਼ਤਰੇ ਅਤੇ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ।

ਇਨ੍ਹਾਂ ਬਦਲੇ ਹੋਏ ਹਲਾਤਾਂ ਅਤੇ ਸਿੱਖ ਨੌਜਵਾਨਾਂ ਵਿੱਚ ਵੱਧ ਰਹੀ ਚੇਤਨਾ ਤੋਂ ਭੈਅ ਭੀਤ ਹੋ ਕੇ ਇੰਡੀਅਨ ਸਥਾਪਤੀ ਅਤੇ ਖ਼ੁਫ਼ੀਆ ਜੰਸੀਆਂ ਨਸਲਘਾਤੀ ਦਮਨ ਕਰਨ ਦੀਆਂ ਵਿਓਂਤਾਂ ਬੁਣ ਰਹੇ ਹਨ ਜਿਸ ਦਾ ਨਮੂਨਾ 18 ਮਾਰਚ ਤੋਂ ਬਾਅਦ ਦੀਆਂ ਕਾਰਵਾਈਆਂ ਵਿੱਚ ਦੇਖਣ ਨੂੰ ਮਿਲਿਆ ਹੈ। ਜਿੱਥੇ ਨੌਜਵਾਨਾਂ ਦੀ ਨਾਜਾਇਜ਼ ਫੜੋ-ਫੜੀ ਚੱਲ ਰਹੀ ਹੈ ਉੱਥੇ ਹੀ ਪੰਜਾਬ ਦੇ ਲੋਕਾਂ ਨੂੰ ਮੁੜ ਖੌਫ਼ਜ਼ਦਾ ਕਰਨ ਲਈ ਨਿਵੇਕਲੇ ਕਿਸਮ ਦੇ ਮਨੋ-ਵਿਗਿਆਨਕ ਹਮਲੇ ਵੀ ਕੀਤੇ ਜਾ ਰਹੇ ਹਨ। ਇਸ ਮਨਸੂਬੇ ਦੇ ਤਹਿਤ ਬਿਜਲ ਸੱਥ ਅਤੇ ਹੋਰ ਸਾਧਨਾਂ ਰਾਹੀਂ ਆਪਸੀ ਬੇਇਤਫ਼ਾਕੀ ਅਤੇ ਵਿਵਾਦ ਵਧਾਉਂਦੇ ਹੋਏ ਖਾਲਿਸਤਾਨ ਦੀ ਲਹਿਰ ਨੂੰ ਬਦਨਾਮ ਕਰਨ ਹਿੱਤ ਪੰਥਕ ਸ਼ਖਸੀਅਤਾਂ ਅਤੇ ਜੁਝਾਰੂਆਂ ਦੀ ਮਿੱਥ ਕੇ ਕਿਰਦਾਰਕੁਸ਼ੀ ਵੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਨਾਲ ਸਿੱਖਾਂ ਨੂੰ ਵਹਿਸ਼ੀ ਹਿੰਸਾ ਦੇ ਸ਼ਿਕਾਰ ਹੋਣ ਅਤੇ ਇਨ੍ਹਾਂ ਹਮਲਿਆਂ ਨੂੰ ਰੋਕਣ ਦੇ ਅਸਮਰੱਥ ਬਨਾਉਣ ਲਈ ਸਿੱਖ ਸੰਘਰਸ਼ ਦੀਆਂ ਨੀਂਹਾਂ ਨੂੰ ਜੜ੍ਹੋਂ ਉਖੇੜਨ ਅਤੇ ਅੰਦਰੂਨੀ ਕਲੇਸ਼ ਨੂੰ ਵਧਾਉਣ ਲਈ ਸਮੁੱਚਾ ਸਟੇਟ ਤੰਤਰ ਸਿਰ ਤੋੜ ਯਤਨ ਕਰ ਰਹੀ ਹੈ।

ਜ਼ਾਹਰ ਹੈ ਕਿ ਅਸਥਿਰਤਾ ਅਤੇ ਤਣਾਅ ਵਾਲੇ ਮਾਹੌਲ ਦੇ ਚਲਦਿਆਂ ਕਿਸੇ ਵੀ ਸੰਘਰਸ਼ ਨੂੰ ਸਫਲਤਾ ਨਾਲ ਚਲਾਉਣ ਅਤੇ ਕਿਸੇ ਮੁਕਾਮ ਤੱਕ ਪਹੁੰਚਾਉਣ ਦੀ ਪਹਿਲੀ ਸ਼ਰਤ ਭਰੋਸੇਯੋਗ ਅਤੇ ਪਾਏਦਾਰ ਅਗਵਾਈ ਕਰਨ ਯੋਗ ਢਾਂਚੇ ਹਨ ਜੋ ਲੜ ਰਹੀ ਧਿਰ ਵਿਚਕਾਰ ਸਾਂਝੀ ਰਾਏ ਅਤੇ ਰਣਨੀਤੀ ਨੂੰ ਉਸਾਰ ਕੇ ਦੁਸ਼ਮਣ ਦੇ ਵਾਰਾਂ ਨੂੰ ਰੋਕਦੇ ਹੋਏ ਆਪਣੇ ਮਿਥੇ ਟੀਚਿਆਂ ਨੂੰ ਹਾਸਲ ਕਰਨ ਦੇ ਸਮਰੱਥ ਵੀ ਹੋਣ। ਇਸ ਤਰ੍ਹਾਂ ਦੀ ਅਗਵਾਈ ਸਿਰਜਣ ਵੇਲੇ ਸ਼ਖਸੀਅਤਾਂ ਦੀ ਯੋਗਤਾ ਦੇ ਨਾਲ ਨਾਲ ਸਾਰਥਕ ਅਤੇ ਮਜ਼ਬੂਤ ਢਾਂਚਿਆਂ (ਜਥੇਬੰਦਕ ਸਫ਼ਬੰਦੀ) ਅਤੇ ਫੈਸਲੇ ਲੈਣ ਦੀ ਵਿਧੀ ਦੀ ਵੱਡੀ ਅਹਿਮੀਅਤ ਹੈ।

ਅਜਿਹੀ ਸਾਂਝੀ ਅਗਵਾਈ ਸਿਰਜ ਕੇ ਹੀ ਮੌਜੂਦਾ ਦੌਰ ਦੇ ਖ਼ਤਰਿਆਂ ਤੋਂ ਬਚਾਅ ਅਤੇ ਸੰਭਾਵਨਾਵਾਂ ਦਾ ਫਾਇਦਾ ਲੈਣ ਦੇ ਕਾਬਲ ਹੋਵਾਂਗੇ ਤਾਂ ਕਿ ਪੰਥ ਵੱਲੋਂ ਮਿਥੇ ਟੀਚੇ, ਖਾਲਿਸਤਾਨ, ਦੀ ਪ੍ਰਾਪਤੀ ਵੱਲ ਵੱਧ ਸਕੀਏ।

**ਸਿੱਖ ਸੰਘਰਸ਼ ਦੇ ਅਗਲੇ ਪੜਾਅ ਦੀ ਤਿਆਰੀ ਅਤੇ ਮਜ਼ਬੂਤ ਸਫ਼ਬੰਦੀ :** ਇਸ ਤਰ੍ਹਾਂ ਚੱਲ ਰਹੇ ਸੰਘਰਸ਼ ਦੇ ਅਗਲੇ ਪੜਾਅ ਦਾ ਆਗਾਜ਼ ਮੌਜੂਦਾ ਦੌਰ ਵਿੱਚ ਹੋ ਰਿਹਾ ਹੈ। ਸਫਲਤਾ ਵੱਲ ਵਧਣ ਅਤੇ ਸਰਕਾਰੀ ਮਨਸ਼ਿਆਂ ਨੂੰ

(ਬਾਕੀ ਸਫ਼ਾ 29 'ਤੇ)


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੈਲੀ.ਫੋਰਨੀਆ 'ਚ ਸਿੱਖਾਂ ਨੂੰ ਬਿਨਾਂ ਹੈਲਮੇਟ ਦੇ ਬਾਈਕ ਚਲਾਉਣ ਦੀ ਮਿਲੀ ਇਜਾਜ਼ਤ

## ਕੈਲੀ.ਫੋਰਨੀਆ ਦੀ ਸੈਨੇਟ ਵੱਲੋਂ ਬਿੱਲ ਨੂੰ 21-8 ਵੋਟਾਂ ਨਾਲ ਮਨਜ਼ੂਰੀ



ਨਿਊਯਾਰਕ/ਏ.ਟੀ.ਨਿਊਜ਼ : ਕੈਲੀਫੋਰਨੀਆ ਦੀ ਸੈਨੇਟ ਨੇ ਮੋਟਰਸਾਈਕਲ ਚਲਾਉਂਦੇ ਸਮੇਂ ਸਿੱਖਾਂ ਨੂੰ ਸੁਰੱਖਿਆ ਹੈਲਮੇਟ ਪਹਿਣਨ ਤੋਂ ਛੋਟ ਦੇਣ ਵਾਲੇ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ। 2021 ਦੇ ਅਮਰੀਕੀ ਸਮੁਦਾਇਕ ਸਰਵੇਖਣ ਦੇ ਅਨੁਮਾਨ ਮੁਤਾਬਕ 2,11,000 ਸਿੱਖ ਕੈਲੀਫੋਰਨੀਆ ਵਿੱਚ ਰਹਿੰਦੇ ਹਨ ਜੋ ਅਮਰੀਕਾ ਵਿੱਚ ਰਹਿਣ ਵਾਲੇ ਸਾਰੇ ਸਿੱਖਾਂ ਦੀ ਲਗਭਗ ਅੱਧੀ ਗਿਣਤੀ ਹੈ। ਸੈਨੇਟਰ ਬ੍ਰਾਇਨ ਡਾਹਲੇ ਦੁਆਰਾ ਲਿਖੇ ਗਏ ਸੈਨੇਟ ਬਿੱਲ ਨੂੰ ਇਸ ਹਫ਼ਤੇ ਰਾਜ ਦੀ ਸੈਨੇਟ ਦੁਆਰਾ 21-8 ਵੋਟਾਂ ਨਾਲ ਮਨਜ਼ੂਰੀ ਦਿੱਤੀ ਗਈ ਅਤੇ ਹੁਣ ਇਹ ਵਿਧਾਨ ਸਭਾ ਵਿੱਚ ਜਾਵੇਗਾ। ਡੈਹਲੇ ਨੇ ਸੈਨੇਟ ਵਿੱਚ ਬਿੱਲ ਪੇਸ਼ ਕੀਤੇ ਜਾਣ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ ਕਿ ਧਰਮ ਦੀ ਆਜ਼ਾਦੀ ਇਸ ਦੇਸ਼ ਦੀ ਇੱਕ ਮੁੱਖ ਨੀਂਹ ਹੈ।

ਉਸ ਨੇ ਕਿਹਾ ਕਿ ਅਮਰੀਕੀ ਹੋਣ ਦੇ ਨਾਤੇ ਸਾਡੇ ਕੋਲ ਆਪਣੇ ਧਰਮ ਨੂੰ ਸੁਤੰਤਰ ਤੌਰ 'ਤੇ ਪ੍ਰਗਟਾਉਣ ਦਾ ਅਧਿਕਾਰ ਹੈ ਅਤੇ ਮੇਰਾ ਮੰਨਣਾ ਹੈ ਕਿ ਇਹ ਅਧਿਕਾਰ ਸਾਰਿਆਂ ਨੂੰ ਬਰਾਬਰ ਹੋਣਾ ਚਾਹੀਦਾ ਹੈ। ਉਸਨੇ ਕਿਹਾ ਕਿ ਪੱਗ ਜਾਂ ਪਟਕਾ ਪਹਿਨਣ ਵਾਲਿਆਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਦੇਣਾ ਇਹ ਯਕੀਨੀ ਬਣਾਉਣ ਦਾ ਇੱਕ ਆਸਾਨ ਤਰੀਕਾ ਹੈ ਕਿ ਹਰ ਕਿਸੇ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ ਜਾਵੇ। ਸਟੇਟ ਸੈਨੇਟ ਨੂੰ ਦੱਸਿਆ ਗਿਆ ਕਿ ਅਜੇ ਤੱਕ ਬਜ਼ਾਰ ਵਿੱਚ ਅਜਿਹਾ ਕੋਈ ਹੈਲਮੇਟ ਉਪਲਬਧ ਨਹੀਂ ਹੈ, ਜਿਸ ਵਿੱਚ ਪੱਗ ਜਾਂ ਪਟਕਾ ਹੋਵੇ, ਪਰ ਸਿੱਖ ਭਾਈਚਾਰੇ ਦੇ ਮੈਂਬਰਾਂ ਅਨੁਸਾਰ ਦਸਤਾਰ ਇੱਕ ਚੰਗੀ ਸੁਰੱਖਿਆ ਹੈ। ਵਰਤਮਾਨ ਵਿੱਚ 18 ਰਾਜਾਂ ਅਤੇ ਵਾਸ਼ਿੰਗਟਨ ਡੀਸੀ ਵਿੱਚ ਸਾਰੇ ਸਵਾਰੀਆਂ ਲਈ ਇੱਕ ਯੂਨੀਵਰਸਲ ਹੈਲਮੇਟ ਕਾਨੂੰਨ ਹੈ। 29 ਰਾਜਾਂ ਵਿੱਚ ਖਾਸ ਸਵਾਰੀਆਂ ਲਈ ਇੱਕ ਨਿਸ਼ਚਿਤ ਉਮਰ (18 ਜਾਂ 21) ਤੋਂ ਬਾਅਦ ਹੈਲਮੇਟ ਦੀ ਲੋੜ ਹੁੰਦੀ ਹੈ। ਸਿਰਫ਼ ਇਲੀਨੋਇਸ, ਆਇਓਵਾ ਅਤੇ ਨਿਊ ਹੈਂਪਸ਼ਾਇਰ ਵਿੱਚ ਮੋਟਰਸਾਈਕਲ ਹੈਲਮੇਟ ਕਾਨੂੰਨ ਨਹੀਂ ਹਨ।

# ਅਮਰੀਕਾ 'ਚ ਲੱਗੇ 'ਰਾਹੁਲ ਗਾਂਧੀ ਗੋ ਬੈਕ' ਦੇ ਨਾਅਰੇ

## ਖ਼ਾਲਿਸਤਾਨ ਸਮਰਥਕਾਂ ਨੇ ਕਾਂਗਰਸੀ ਆਗੂਆਂ ਦਾ ਕੀਤਾ ਵਿਰੋਧ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ 'ਚ ਰਾਹੁਲ ਗਾਂਧੀ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਆਪਣੇ ਅਮਰੀਕਾ ਦੌਰੇ ਦੌਰਾਨ ਭਾਜਪਾ ਅਤੇ ਆਰਐਸਐਸ 'ਤੇ ਤਿੱਖੇ ਹਮਲੇ ਕਰ ਰਹੇ ਹਨ।

ਇਸ ਦੌਰਾਨ ਰਾਹੁਲ ਗਾਂਧੀ ਦਾ ਨਿਊਯਾਰਕ ਜਾਣ ਤੋਂ ਪਹਿਲਾਂ ਵਿਰੋਧ ਵੀ ਹੋਇਆ ਹੈ। ਦਰਅਸਲ ਰਾਹੁਲ ਗਾਂਧੀ ਨੇ ਭਾਰਤੀ-ਅਮਰੀਕੀ ਡਾਇਸਪੋਰਾ ਨੂੰ ਸੰਬੋਧਨ ਕਰਨਾ ਸੀ ਅਤੇ ਇਸ ਤੋਂ ਪਹਿਲਾਂ ਕੁਝ ਖਾਲਿਸਤਾਨ ਸਮਰਥਕਾਂ ਨੇ ਉਨ੍ਹਾਂ ਦਾ ਵਿਰੋਧ ਕੀਤਾ। ਰਾਹੁਲ ਗਾਂਧੀ ਦੇ ਸੰਬੋਧਨ ਤੋਂ ਪਹਿਲਾਂ ਹੀ ਨਿਊਯਾਰਕ ਵਿੱਚ ਖਾਲਿਸਤਾਨ ਸਮਰਥਕਾਂ ਦੇ ਇੱਕ ਸਮੂਹ ਨੇ ਰਾਹੁਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ 'ਗੋ ਬੈਕ' ਦੇ ਨਾਅਰੇ ਵੀ ਲਾਏ ਗਏ। ਪ੍ਰਦਰਸ਼ਨਕਾਰੀ ਲੋਕਾਂ ਨੇ ਹੱਥਾਂ ਵਿੱਚ ਖਾਲਿਸਤਾਨੀ ਝੰਡੇ ਵੀ ਚੁੱਕੇ ਹੋਏ ਸਨ।

ਵਿਰੋਧ ਦੇ ਦੂਜੇ ਪਾਸੇ ਪ੍ਰਵਾਸੀ ਭਾਰਤੀਆਂ ਨੇ ਰਾਹੁਲ ਦਾ ਵੱਖਰੇ ਤਰੀਕੇ ਨਾਲ ਸਵਾਗਤ ਕੀਤਾ। ਬੱਚਿਆਂ ਸਮੇਤ ਹੋਰ ਹਾਜ਼ਰ ਲੋਕਾਂ ਨੇ ਤਿਰੰਗਾ ਫੜ ਕੇ ਆਪਣਾ ਉਤਸ਼ਾਹ ਦਿਖਾਇਆ ਅਤੇ ਰਾਹੁਲ ਦੇ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕੀਤਾ।

ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਰਾਹੁਲ ਗਾਂਧੀ ਨੇ ਬੀਜੇਪੀ ਅਤੇ ਆਰਐਸਐਸ ਉੱਤੇ ਹਮਲਾ ਬੋਲਿਆ। ਕਾਂਗਰਸ ਆਗੂ ਨੇ ਕਿਹਾ ਕਿ ਅੱਜ ਭਾਰਤ ਵਿੱਚ ਦੋ ਵਿਚਾਰਧਾਰਾਵਾਂ ਹਨ, ਇੱਕ ਕਾਂਗਰਸ ਜੋ ਮਹਾਤਮਾ ਗਾਂਧੀ ਦੇ ਦਰਸਾਏ ਮਾਰਗ 'ਤੇ ਚੱਲਦੀ ਹੈ ਅਤੇ ਦੂਜੀ ਭਾਜਪਾ-ਆਰਐਸਐਸ ਦੀ ਜੋ ਨੱਥੂਰਾਮ ਗੋਡਸੇ ਦੇ ਵਿਚਾਰਾਂ 'ਤੇ ਚੱਲਦੀ ਹੈ।

# ਅਮਰੀਕਾ 'ਚ ਪੰਜਾਬੀਆਂ ਨੇ ਘੇਰੀ ਰਾਜਾ ਵੜਿੰਗ ਦੀ ਕਾਰ



ਨਿਊਯਾਰਕ/ਏ.ਟੀ.ਨਿਊਜ਼ : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਕਾਰ ਨੂੰ ਉਨ੍ਹਾਂ ਦੇ ਅਮਰੀਕਾ ਦੌਰੇ ਦੌਰਾਨ ਕੁਝ ਪੰਜਾਬੀਆਂ ਨੇ ਘੇਰ ਲਿਆ ਤੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੀ। ਇਸ 'ਤੇ ਡਰਾਈਵਰ ਨੇ ਵੜਿੰਗ ਦੀ ਕਾਰ ਭਜਾ ਲਈ। ਵੜਿੰਗ ਦੀ ਕਾਰ ਭਜਾਉਂਦਿਆਂ ਦੀ ਵੀਡੀਓ ਵੀ ਸਾਹਮਣੇ ਆਈ ਹੈ।

**ਭੱਜਣ ਵਾਲਿਆਂ ਵਿਚੋਂ ਨਹੀਂ ਹਾਂ : ਰਾਜਾ ਵੜਿੰਗ**

ਨਿਊਯਾਰਕ ਦੇ ਸ਼ਹਿਰ ਮੈਨਹਟਨ ਵਿੱਚ ਹੋਏ ਵਿਰੋਧ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਤਿੱਖੀ ਪ੍ਰਤੀਕ੍ਰਿਆ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਰਾਜਾ ਵੜਿੰਗ ਨੇ ਆਖਿਆ ਹੈ ਕਿ ਨਾ ਤਾਂ ਉਹ ਭੱਜੇ ਹਨ ਅਤੇ ਨਾ ਹੀ ਭੱਜਣ ਵਾਲਿਆਂ ਵਿਚੋਂ ਹਨ। ਵੜਿੰਗ ਨੇ ਕਿਹਾ

(ਬਾਕੀ ਸਫ਼ਾ 29 'ਤੇ)

# ਕੈਨੇਡਾ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ

## * 413 ਜੰਗਲਾਂ 'ਚ ਫੈਲੀ ਅੱਗ, 249 ਜੰਗਲਾਂ 'ਚ ਸਥਿਤੀ ਕਾਬੂ ਤੋਂ ਬਾਹਰ
## * ਅੱਗ ਦਾ ਧੂੰਆਂ ਕੈਨੇਡਾ ਤੋਂ ਇਲਾਵਾ ਅਮਰੀਕਾ ਦੇ ਕਈ ਰਾਜਾਂ 'ਚ ਵੀ ਫੈਲਣਾ ਸ਼ੁਰੂ





ਟੋਰਾਂਟੋ/ਏ.ਟੀ.ਨਿਊਜ਼ :-ਕੈਨੇਡਾ ਦੇ ਜੰਗਲਾਂ ਵਿੱਚ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ ਰਿਕਾਰਡ ਕੀਤੀ ਗਈ ਹੈ। ਇਸ ਦਾ ਅਸਰ ਇੱਥੋਂ ਦੇ ਲਗਭਗ ਸਾਰੇ 10 ਸੂਬਿਆਂ ਅਤੇ ਸ਼ਹਿਰਾਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਅਧਿਕਾਰੀਆਂ ਮੁਤਾਬਕ ਅਗਸਤ ਤੱਕ ਸਥਿਤੀ ਹੋਰ ਖਰਾਬ ਹੋਣ ਦੀ ਸੰਭਾਵਨਾ ਹੈ। ਹੁਣ ਤੱਕ ਕਰੀਬ 33 ਹਜ਼ਾਰ ਵਰਗ ਕਿਲੋਮੀਟਰ ਦਾ ਇਲਾਕਾ ਸੜ ਚੁੱਕਾ ਹੈ। ਇਹ ਪਿਛਲੇ 10 ਸਾਲਾਂ ਦੀ ਔਸਤ ਨਾਲੋਂ 13 ਗੁਣਾ ਵੱਧ ਹੈ ਅਤੇ ਬੈਲਜੀਅਮ ਦੇ ਕੁੱਲ ਖੇਤਰਫਲ ਨਾਲੋਂ ਵੱਡਾ ਹੈ। ਇਸ ਕਾਰਨ 1 ਲੱਖ 20 ਹਜ਼ਾਰ ਤੋਂ ਵੱਧ ਲੋਕਾਂ ਨੂੰ ਆਪਣਾ ਘਰ ਛੱਡਣਾ ਪਿਆ।

ਕੈਨੇਡਾ 'ਚ ਇਸ ਸਮੇਂ 413 ਜੰਗਲਾਂ ਦੀ ਅੱਗ ਲੱਗੀ ਹੋਈ ਹੈ, ਜਿਨ੍ਹਾਂ 'ਚੋਂ 249 ਮਾਮਲਿਆਂ 'ਚ ਸਥਿਤੀ ਕਾਬੂ ਤੋਂ ਬਾਹਰ ਹੈ। ਇਸ ਦਾ ਧੂੰਆਂ ਹੁਣ ਕੈਨੇਡਾ ਤੋਂ ਇਲਾਵਾ ਅਮਰੀਕਾ ਦੇ ਕਈ ਰਾਜਾਂ ਵਿੱਚ ਵੀ ਫੈਲਣਾ ਸ਼ੁਰੂ ਹੋ ਗਿਆ ਹੈ। ਨਿਊਯਾਰਕ, ਮਿਨੇਸੋਟਾ, ਕੁਈਨਜ਼ ਅਤੇ ਮੈਸੇਚਿਊਸੇਟਸ ਲਈ ਹਵਾਈ ਅਲਰਟ ਜਾਰੀ ਕੀਤਾ ਗਿਆ ਹੈ।

ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਦੱਖਣੀ ਅਫ਼ਰੀਕਾ ਸਮੇਤ ਕਈ ਦੇਸ਼ਾਂ ਦੇ ਇੱਕ ਹਜ਼ਾਰ ਤੋਂ ਵੱਧ ਫਾਇਰਫਾਈਟਰ ਮਦਦ ਲਈ ਕੈਨੇਡਾ ਵਿੱਚ ਮੌਜੂਦ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਸਥਿਤੀ ਲੋਕਾਂ ਲਈ ਡਰਾਉਣੀ ਹੈ। ਕਈ ਲੋਕਾਂ ਨੂੰ ਆਪਣਾ ਘਰ ਛੱਡਣਾ ਪਿਆ ਹੈ। ਅਸੀਂ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪ੍ਰਧਾਨ ਮੰਤਰੀ ਟਰੂਡੋ ਨੇ ਮਦਦ ਦੇਣ ਲਈ ਸਾਰੇ ਦੇਸ਼ਾਂ ਦਾ ਧੰਨਵਾਦ ਕੀਤਾ ਹੈ।

ਇਸ ਤੋਂ ਪਹਿਲਾਂ ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਜੰਗਲਾਂ 'ਚ ਲੱਗੀ ਅੱਗ 'ਤੇ ਕਾਫ਼ੀ ਹੱਦ ਤੱਕ ਕਾਬੂ ਪਾਇਆ ਗਿਆ ਸੀ। ਇੱਥੇ ਜੰਗਲ ਦੀ ਅੱਗ ਕਾਰਨ 200 ਘਰ ਸੜ ਗਏ। ਇਸ ਦੇ ਨਾਲ ਹੀ ਕਰੀਬ 16 ਹਜ਼ਾਰ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ। ਕਿਊਬਿਕ ਵਿੱਚ ਕਰੀਬ 164 ਸਰਗਰਮ ਜੰਗਲੀ ਅੱਗ ਹਨ ਅਤੇ ਲਗਭਗ 10,000 ਲੋਕ ਆਪਣੇ ਘਰ ਛੱਡ ਚੁੱਕੇ ਹਨ।ਕੈਨੇਡਾ ਵਿੱਚ ਜੰਗਲੀ ਅੱਗ ਨੂੰ ਹੜ੍ਹਾਂ ਤੋਂ ਬਾਅਦ ਸਭ ਤੋਂ ਵੱਡੀ ਤਬਾਹੀ ਮੰਨਿਆ ਜਾਂਦਾ ਹੈ। ਜੰਗਲ ਦੀ ਅੱਗ ਹਰ ਸਾਲ 4 ਮਿਲੀਅਨ ਵਰਗ ਕਿਲੋਮੀਟਰ ਦੇ ਖੇਤਰ ਨੂੰ ਸਾੜਦੀ ਹੈ। ਅੱਗ ਨੂੰ ਬਲਣ ਲਈ ਗਰਮੀ, ਬਾਲਣ ਅਤੇ ਆਕਸੀਜਨ ਜ਼ਰੂਰੀ ਹੈ। ਜੰਗਲ ਵਿੱਚ, ਆਕਸੀਜਨ ਸਿਰਫ਼ ਹਵਾ ਵਿੱਚ ਮੌਜੂਦ ਹੈ। ਰੁੱਖਾਂ ਦੀਆਂ ਸੁੱਕੀਆਂ ਟਹਿਣੀਆਂ ਅਤੇ ਪੱਤੇ ਬਾਲਣ ਦਾ ਕੰਮ ਕਰਦੇ ਹਨ। ਉਸੇ ਸਮੇਂ, ਇੱਕ ਛੋਟੀ ਜਿਹੀ ਚੰਗਿਆੜੀ ਭਿਅੰਕਰ ਜੰਗਲ ਵਿੱਚ ਬਦਲ ਜਾਂਦੀ ਹੈ।

# ਅਮਰੀਕਾ ਦੀ ਯੂਨੀਵਰਸਿਟੀ 'ਚ ਗੋਲੀਬਾਰੀ, 2 ਦੀ ਮੌਤ



ਵਰਜੀਨੀਆ/ਏ.ਟੀ.ਨਿਊਜ਼ : ਅਮਰੀਕਾ ਦੀ ਵਰਜੀਨੀਆ ਯੂਨੀਵਰਸਿਟੀ 'ਚ ਮੰਗਲਵਾਰ ਸ਼ਾਮ ਨੂੰ ਹਾਈ ਸਕੂਲ ਗ੍ਰੈਜੂਏਸ਼ਨ ਸਮਾਰੋਹ ਦੌਰਾਨ ਗੋਲੀਬਾਰੀ ਹੋਈ। ਇਸ 'ਚ 2 ਲੋਕਾਂ ਦੀ ਮੌਤ ਹੋ ਗਈ, ਜਦਕਿ 5 ਲੋਕ ਜ਼ਖਮੀ ਹੋ ਗਏ। ਪੁਲਿਸ ਨੇ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਇਨ੍ਹਾਂ ਵਿੱਚੋਂ ਇੱਕ ਦੀ ਉਮਰ 19 ਸਾਲ ਦੱਸੀ ਜਾ ਰਹੀ ਹੈ। ਇਹ ਘਟਨਾ ਵਰਜੀਨੀਆ ਦੇ ਰਿਚਮੰਡ ਇਲਾਕੇ ਦੇ ਮੋਨਰੋ ਪਾਰਕ ਵਿੱਚ ਸ਼ਾਮ ਕਰੀਬ 5:15 ਵਜੇ ਵਾਪਰੀ।

ਹਾਈ ਸਕੂਲ ਗ੍ਰੈਜੂਏਸ਼ਨ ਸਮਾਰੋਹ ਸ਼ੂਟਿੰਗ ਤੋਂ ਥੋੜ੍ਹੀ ਦੇਰ ਪਹਿਲਾਂ ਪਾਰਕ ਦੇ ਅਲਟਰੀਆ ਥੀਏਟਰ ਵਿੱਚ ਸ਼ੁਰੂ ਹੋਇਆ ਸੀ। ਪਾਰਕ ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਦੇ ਕੈਂਪਸ ਵਿੱਚ ਹੈ। ਗੋਲੀਬਾਰੀ 'ਚ ਮਾਰੇ ਗਏ ਲੋਕ ਸਮਾਗਮ 'ਚ ਸ਼ਾਮਲ ਹੋਣ ਆਏ ਸਨ। ਇਨ੍ਹਾਂ ਵਿੱਚ ਇੱਕ 18 ਸਾਲਾ ਨੌਜਵਾਨ ਅਤੇ ਇੱਕ 35 ਸਾਲਾ ਵਿਅਕਤੀ ਸ਼ਾਮਲ ਹੈ।

ਰਿਚਮੰਡ ਪਬਲਿਕ ਸਕੂਲ ਦੇ ਅਧਿਕਾਰੀ ਮੈਥਿਊ ਸਟੈਨਲੇ ਨੇ ਕਿਹਾ ਕਿ ਸ਼ਾਮ ਨੂੰ ਦੋ ਹੋਰ ਸਕੂਲ ਗ੍ਰੈਜੂਏਸ਼ਨ ਸਮਾਰੋਹ ਹੋਣੇ ਸਨ, ਪਰ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ। ਵਾਸਤਵ ਵਿੱਚ, ਤਿੰਨ ਸਕੂਲਾਂ ਵਿੱਚ ਮੰਗਲਵਾਰ ਨੂੰ ਅਲਟਰੀਆ ਥੀਏਟਰ ਵਿੱਚ ਗ੍ਰੈਜੂਏਸ਼ਨ ਸਮਾਰੋਹ ਨਿਯਤ ਕੀਤਾ ਗਿਆ ਸੀ।

ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਨੇ ਸ਼ਾਮ 5:15 ਵਜੇ ਮੋਨਰੋ ਪਾਰਕ ਵਿੱਚ ਵਾਪਰੀ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਇੱਕ ਅਲਰਟ ਭੇਜਿਆ। ਕਰੀਬ ਇਕ ਘੰਟੇ ਬਾਅਦ ਅਲਰਟ ਆਇਆ ਕਿ ਹੁਣ ਕੋਈ ਖ਼ਤਰਾ ਨਹੀਂ ਹੈ। ਰਿਚਮੰਡ ਦੇ ਮੇਅਰ ਲੇਵਰ ਐੱਮ. ਸਟੋਨੀ ਨੇ ਕਿਹਾ ਕਿ ਪੁਲਿਸ ਮੋਨਰੋ ਪਾਰਕ 'ਚ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ। ਫਿਲਹਾਲ ਇਸ ਖੇਤਰ 'ਚ ਜਾਣ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ।

# ਖੇਡ ਮੰਤਰੀ ਅਨੁਰਾਗ ਠਾਕੁਰ ਨੂੰ ਮਿਲੇ ਪਹਿਲਵਾਨ

## ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ



ਨਵੀਂ ਦਿੱਲੀ/ਏ.ਟੀ.ਨਿਊਜ਼ : ਪਹਿਲਵਾਨ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਨੇ ਖੇਡ ਮੰਤਰੀ ਅਨੁਰਾਗ ਠਾਕੁਰ ਨੂੰ ਮਿਲ ਕੇ ਰੈਸਲਿੰਗ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਮੀਟਿੰਗ 'ਚ ਫੈਡਰੇਸ਼ਨ ਦੀਆਂ ਚੋਣਾਂ ਅਤੇ ਉੱਥੇ ਦੇ ਮਾਹੌਲ 'ਤੇ ਗੱਲਬਾਤ ਹੋਈ।

ਅਨੁਰਾਗ ਠਾਕੁਰ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਸਰਕਾਰ ਪਹਿਲਵਾਨਾਂ ਨਾਲ ਗੱਲਬਾਤ ਲਈ ਤਿਆਰ ਹੈ। ਅਸੀਂ ਉਨ੍ਹਾਂ ਨੂੰ ਦੁਬਾਰਾ ਬੁਲਾਇਆ ਹੈ। ਇਸ ਤੋਂ ਪਹਿਲਾਂ 24 ਜਨਵਰੀ ਨੂੰ ਖੇਡ ਮੰਤਰੀ ਅਤੇ ਪਹਿਲਵਾਨਾਂ ਵਿਚਾਲੇ ਗੱਲਬਾਤ ਹੋਈ ਸੀ।

ਹਾਲ ਹੀ 'ਚ 4 ਜੂਨ ਨੂੰ ਪਹਿਲਵਾਨਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਮੁਲਾਕਾਤ ਕੀਤੀ ਸੀ। ਇਸ ਤੋਂ ਬਾਅਦ ਬਜਰੰਗ, ਸਾਕਸ਼ੀ ਮਲਿਕਾ ਅਤੇ ਵਿਨੇਸ਼ ਫੋਗਾਟ ਨੇ ਰੇਲਵੇ 'ਚ ਆਪਣੀ ਡਿਊਟੀ ਜੁਆਇਨ ਕੀਤੀ ਸੀ। ਇਸ ਤੋਂ ਖਾਪ ਅਤੇ ਕਿਸਾਨ ਆਗੂ ਨਾਰਾਜ਼ ਸਨ।

ਇਸੇ ਦੌਰਾਨ ਮਹਿਲਾ ਪਹਿਲਵਾਨਾਂ ਦੇ ਅੰਦੋਲਨ ਨੂੰ ਲੈ ਕੇ ਪਿੰਡ ਬਲਾਲੀ (ਚਰਖੀ ਦਾਦਰੀ) 'ਚ ਸਰਵ ਖਾਪ ਮਹਾਪੰਚਾਇਤ ਹੋਈ। ਖਾਪ ਮੁਖੀਆਂ ਨੇ ਐਲਾਨ ਕੀਤਾ ਹੈ ਕਿ ਉਹ ਅਜੇ ਵੀ ਪਹਿਲਵਾਨਾਂ ਦੇ ਨਾਲ ਹਨ। ਵੱਖ-ਵੱਖ ਖਾਪ ਪੰਚਾਇਤਾਂ ਦੇ ਮੁਖੀਆਂ ਨੇ ਕਿਹਾ ਕਿ ਇਕ ਵਾਰ ਅਜਿਹਾ ਮਹਿਸੂਸ ਕੀਤਾ ਜਾ (ਬਾਕੀ ਸਫ਼ਾ 29 'ਤੇ)

# ਯੂ. ਪੀ. ਐੱਸ. ਸੀ. ਦੀਆਂ ਪ੍ਰੀਖਿਆਵਾਂ 'ਚ ਬਹੁਤ ਘੱਟ ਸਫ਼ਲ ਹੋ ਰਹੇ ਨੇ ਪੰਜਾਬੀ ਨੌਜਵਾਨ

## ਦੇਸ਼ ਦੀ ਬਿਊਰੋਕ੍ਰੇਸੀ ਵਿੱਚ ਪੰਜਾਬੀ ਨੌਜਵਾਨਾਂ ਦਾ ਘਟਣਾ ਬੇਹੱਦ ਚਿੰਤਾਜਨਕ : ਲਾਲਪੁਰਾ

ਨਵੀਂ ਦਿੱਲੀ/ਏ.ਟੀ.ਨਿਊਜ਼ : ਦੇਸ਼ ਨੂੰ ਉੱਚ ਅਧਿਕਾਰੀ ਸਿਲੈਕਟ ਕਰ ਕੇ ਦੇਣ ਵਾਲੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ. ਪੀ. ਐੱਸ. ਸੀ.) ਦੀਆਂ ਪ੍ਰੀਖਿਆਵਾਂ ਵਿੱਚ ਪੰਜਾਬੀ ਨੌਜਵਾਨਾਂ ਦਾ ਦੱਬ-ਦਬਾਅ ਲਗਾਤਾਰ ਘਟਦਾ ਜਾ ਰਿਹਾ ਹੈ। ਲੰਘੀ 23 ਮਈ ਨੂੰ ਯੂ. ਪੀ. ਐੱਸ. ਸੀ. ਵੱਲੋਂ ਐਲਾਨ ਕੀਤੇ ਗਏ ਸਿਵਲ ਸਰਵਸਿਜ਼ ਦੇ ਨਤੀਜਿਆਂ ਵਿੱਚ ਪੰਜਾਬ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਘੱਟ ਹੈ। ਜੋ ਇਕ ਦੋ ਨੌਜਵਾਨ ਆਏ ਵੀ ਹਨ, ਉਹ ਚੰਡੀਗੜ੍ਹ ਇਲਾਕੇ ਦੇ ਹਨ ਅਤੇ ਇਕ-ਦੋ ਨੌਜਵਾਨ ਜਲੰਧਰ ਜਾਂ ਸੰਗਰੂਰ ਤੋਂ ਆਏ ਹਨ। ਦੋ ਦਹਾਕੇ ਪਹਿਲਾਂ ਜਦੋਂ ਵੀ ਯੂ. ਪੀ. ਐੱਸ. ਸੀ. ਦਾ ਰਿਜ਼ਲਟ ਆਉਂਦਾ ਸੀ ਤਾਂ ਉਸ ਲਿਸਟ ਵਿੱਚ ਪੰਜਾਬ ਦੇ ਨੌਜਵਾਨਾਂ ਦੀ ਬਹੁਤਾਤ ਹੁੰਦੀ ਸੀ। ਕਈ ਸਾਲ ਪੰਜਾਬ ਦੇ ਨੌਜਵਾਨ ਯੂ.



ਪੀ. ਐੱਸ. ਸੀ. ਵਿੱਚ ਟਾਪਰ ਵੀ ਰਹੇ ਹਨ। ਪਹਿਲੇ 20 ਜਾਂ 25 ਰੈਂਕ ਤੱਕ ਵੀ ਕਈ ਨੌਜਵਾਨ ਪੰਜਾਬੀ ਹੁੰਦੇ ਸਨ ਪਰ ਪਿਛਲੇ ਕੁਝ ਸਾਲਾਂ ਤੋਂ ਯੂ. ਪੀ. ਐੱਸ. ਸੀ. ਦੀਆਂ ਪ੍ਰੀਖਿਆਵਾਂ ਵਿੱਚ ਪੰਜਾਬੀ ਨੌਜਵਾਨਾਂ ਦੇ ਨਾਂ ਬਹੁਤ ਘੱਟ ਆ ਰਹੇ ਹਨ। ਗੁਆਂਢੀ ਸੂਬਾ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ ਵਰਗੇ ਰਾਜਾਂ ਤੋਂ ਹੁਣ ਆਈ. ਏ. ਐੱਸ., ਆਈ. ਪੀ. ਐੱਸ., ਆਈ. ਆਰ. ਐੱਸ., ਆਈ. ਐੱਫ. ਐੱਸ. ਅਧਿਕਾਰੀ ਜ਼ਿਆਦਾ ਆ ਰਹੇ ਹਨ।

ਜੇਕਰ ਪੰਜਾਬ ਵਿੱਚ ਤਾਇਨਾਤ ਮੌਜੂਦਾ ਆਈ. ਏ. ਐੱਸ. ਅਫ਼ਸਰਾਂ 'ਤੇ ਨਜ਼ਰ ਮਾਰੀ ਜਾਵੇ ਤਾਂ 80 ਫ਼ੀਸਦੀ ਸਕੱਤਰ ਰੈਂਕ ਦੇ ਆਈ. ਏ. ਐੱਸ. ਅਫ਼ਸਰ ਪੰਜਾਬ ਤੋਂ ਬਾਹਰ ਦੇ ਹਨ। ਸਰਦਾਰ ਇਕਬਾਲ ਸਿੰਘ ਲਾਲਪੁਰਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਦਾ ਕਹਿਣਾ ਹੈ ਕਿ ਪੰਜਾਬ ਦੇ ਨੌਜਵਾਨਾਂ ਦਾ ਰੁਝਾਨ ਯੂ. ਪੀ. ਐਸ. ਸੀ. ਦੀ ਬਜਾਏ ਵਿਦੇਸ਼ਾਂ ਵੱਲ ਨੂੰ ਹੋ ਗਿਆ ਹੈ। ਜ਼ਿਆਦਾਤਰ ਨੌਜਵਾਨ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਵਿੱਚ ਸੈਟਲ ਹੋਣ ਨੂੰ ਤਵੱਜੋ ਦਿੰਦੇ ਹਨ।ਇਥੋਂ ਤੱਕ ਜਿਹੜੇ ਪੰਜਾਬੀ ਆਈ. ਏ. ਐੱਸ. ਅਫ਼ਸਰ ਹਨ, ਉਹ ਵੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਸੈਟਲ ਕਰ ਰਹੇ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਸਾਂ ਸਾਲਾਂ ਵਿੱਚ ਪੰਜਾਬ ਦਾ ਕੋਈ ਡੀਜੀਪੀ ਨਹੀਂ ਬਣ ਸਕੇਗਾ ।ਦੇਸ਼ ਦੀ ਬਿਊਰੋਕ੍ਰੇਸੀ ਵਿੱਚ ਪੰਜਾਬੀ ਨੌਜਵਾਨਾਂ ਦਾ ਘਟਣਾ ਇੱਕ ਬੇਹੱਦ ਚਿੰਤਾਜਨਕ ਹੈ। ਦੋ ਦਹਾਕਿਆਂ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਪੰਜਾਬ ਤੋਂ ਆਈ. ਏ. ਐੱਸ. ਅਫ਼ਸਰ ਬਣੇ ਅੱਜ ਵੀ ਦੇਸ਼ ਦੇ ਕਈ ਸੂਬਿਆਂ ਦੇ ਚੀਫ਼ ਸੈਕਟਰੀ, ਡੀ. ਜੀ. ਪੀ. ਸਮੇਤ ਹੋਰ ਉੱਚ ਅਧਿਕਾਰੀ ਪੰਜਾਬੀ ਹਨ ਪਰ ਜਿਸ ਤਰ੍ਹਾਂ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿਚੋਂ ਆਈ. ਏ. ਐੱਸ. ਅਫ਼ਸਰ ਘੱਟ ਬਣ ਰਹੇ ਹਨ, ਉਸ ਨਾਲ ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਹੋਣਾ ਹੈ ਕਿਉਂਕਿ ਕੇਂਦਰ ਸਰਕਾਰ ਵਿੱਚ ਜਿਨ੍ਹਾਂ ਰਾਜਾਂ ਨਾਲ ਸਬੰਧਿਤ ਅਧਿਕਾਰੀ ਹੁੰਦੇ ਹਨ, ਉਨ੍ਹਾਂ ਰਾਜਾਂ ਨੂੰ ਕੇਂਦਰ ਦੀਆਂ ਸਕੀਮਾਂ ਦਾ ਵੱਧ ਲਾਭ ਮਿਲਦਾ ਹੈ ਕਿਉਂਕਿ ਇਹ ਮਨੁੱਖੀ (ਬਾਕੀ ਸਫ਼ਾ 29 'ਤੇ)

# ਬੀਬੀ ਜਗੀਰ ਕੌਰ ਨੇ 'ਸ਼੍ਰੋਮਣੀ ਅਕਾਲੀ ਪੰਥ' ਬਣਾਇਆ



ਬੇਗੋਵਾਲ/ਏ.ਟੀ.ਨਿਊਜ਼ : ਸਿੱਖ ਪੰਥ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਨਵਾਂ ਮੋੜ ਆਇਆ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ 'ਸ਼੍ਰੋਮਣੀ ਅਕਾਲੀ ਪੰਥ' ਬੋਰਡ ਬਣਾਉਣ ਦਾ ਐਲਾਨ ਕੀਤਾ। ਬੀਬੀ ਜਗੀਰ ਕੌਰ ਬੇਗੋਵਾਲ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 73ਵੀਂ ਬਰਸੀ ਸੰਬੰਧੀ ਚੱਲ ਰਹੇ ਤਿੰਨ ਰੋਜ਼ਾ ਸਮਾਗਮਾਂ ਦੇ ਆਖਰੀ ਦਿਨ ਹਜ਼ਾਰਾਂ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਜਿਸ ਦੌਰਾਨ ਉਨ੍ਹਾਂ ਨੇ 'ਸ਼੍ਰੋਮਣੀ ਅਕਾਲੀ ਪੰਥ' ਬੋਰਡ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਬੋਰਡ ਨੂੰ ਬਣਾਉਣ ਦਾ ਮੁੱਖ ਮੰਤਵ ਇਹ ਹੈ ਕਿ ਕੌਮ ਦੀ ਸ਼ਕਤੀ ਪੰਥ ਦੇ ਹੱਥ ਵਿੱਚ ਰਹਿ ਸਕੇ ਅਤੇ ਇਹ ਕਿਸੇ ਹੋਰ ਦੇ ਹੱਥ ਵਿਚ ਨਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਬੋਰਡ ਵਿੱਚ ਸਾਰੀਆਂ ਸਿੱਖ ਸੰਸਥਾਵਾਂ ਨੂੰ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਆਈਆਂ ਤਾਂ ਇਹ ਬੋਰਡ ਵੋਟਾਂ ਬਣਾਉਣ ਦਾ ਕੰਮ ਕਰੇਗਾ। ਜੇਕਰ ਚੋਣਾਂ ਹੋਣਗੀਆਂ ਤਾਂ ਵੱਖਰਾ ਪਾਰਲੀਮਾਨੀ ਬੋਰਡ ਬਣੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿੱਚ ਸਿਆਸੀ ਦਖਲਅੰਦਾਜ਼ੀ ਨੇ ਸ਼ਰਮਸਾਰ ਕੀਤਾ ਹੈ, ਅਸੀਂ ਵੀ ਇਸ ਸਿਆਸੀ ਦਬਾਅ ਨੂੰ ਝੱਲਦੇ ਰਹੇ ਹਾਂ ਪਰ ਹੁਣ ਜੋ ਬੋਰਡ ਬਣਾਇਆ ਜਾ ਰਿਹਾ ਹੈ, ਉਸ ਦਾ ਮਕਸਦ ਸਿੱਖ ਜਗਤ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਆਜ਼ਾਦ, ਖੁਦਮੁਖਤਿਆਰ ਤੇ ਪੰਥਕ ਰੁਤਬਾ ਬਹਾਲ ਕਰਨਾ ਸਭ ਤੋਂ ਪਹਿਲਾ ਟੀਚਾ ਹੋਵੇਗਾ ਕਿਉਂਕਿ ਪਿਛਲੇ ਢਾਈ ਦਹਾਕਿਆਂ ਤੋਂ ਅਜਿਹਾ ਉਲਟਫੇਰ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਆਜ਼ਾਦ, ਖੁਦਮੁਖਤਿਆਰ ਤੇ ਪੰਥਕ ਹਸਤੀ ਨੂੰ ਜ਼ਬਰਦਸਤ ਖੋਰਾ ਲੱਗਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹਰੇਕ ਹੁਕਮ ਅਤੇ ਆਦੇਸ਼ ਨੂੰ ਸਿੱਖ ਜਗਤ ਵਿੱਚ ਲਾਗੂ ਕਰਵਾਉਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢਲਾ ਫਰਜ਼ ਹੈ ਪਰ ਅਫਸੋਸ ਹੈ ਕਿ ਸ਼੍ਰੋਮਣੀ ਕਮੇਟੀ ਖੁਦ ਹੀ ਇਹ ਆਦੇਸ਼ ਨਾ ਮੰਨ ਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਬਉੱਚਤਾ ਨੂੰ ਢਾਅ ਲਾ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਦੇ ਪਵਿੱਤਰ ਅਸਥਾਨ 'ਤੇ ਉਹ ਪ੍ਰਣ ਕਰਦੇ ਹਨ ਕਿ ਜਦੋਂ ਤੱਕ ਮੇਰੇ ਸਾਹ ਚੱਲਣਗੇ, ਉਦੋਂ ਤੱਕ ਹਰ ਸਾਹ ਨਾਲ ਸਿੱਖ ਸਿਧਾਂਤਾਂ 'ਤੇ ਪਹਿਰਾ ਦਿੱਤਾ ਜਾਵੇਗਾ।

### ਮਾਮਲਾ ਗੁਰਮੀਤ ਸਿੰਘ ਬੁੱਕਣਵਾਲਾ ਨੂੰ ਗ਼ੈਰ-ਕਾਨੂੰਨੀ ਹਿਰਾਸਤ 'ਚ ਰੱਖਣ ਦਾ

# ਹਾਈ ਕੋਰਟ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਮੰਗਿਆ ਜਵਾਬ




ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਮੀਤ ਸਿੰਘ ਬੁੱਕਣਵਾਲਾ ਦੀ ਪਟੀਸ਼ਨ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਬੁੱਕਣਵਾਲਾ ਨੇ ਆਪਣੀ ਪਟੀਸ਼ਨ ਵਿੱਚ ਆਪਣੀ ਕੈਦ ਨੂੰ ਚੁਣੌਤੀ ਦੇਣ ਵਾਲੇ ਐਨਐਸਏ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਸ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਹੈ। ਹਾਈ ਕੋਰਟ ਦੀ ਜਸਟਿਸ ਮੰਜਰੀ ਨਹਿਰੂ ਕੌਲ ਨੇ ਸਾਰੇ ਬਚਾਅ ਪੱਖ ਨੂੰ ਇਸ ਮਾਮਲੇ ਵਿੱਚ 10 ਜੁਲਾਈ ਤੱਕ ਜਵਾਬ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਪਟੀਸ਼ਨ ਮੁਤਾਬਕ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਲਈ 18 ਮਾਰਚ ਨੂੰ ਪੰਜਾਬ ਵਿੱਚ ਇੱਕ (ਬਾਕੀ ਸਫ਼ਾ 29 'ਤੇ)

# ਈਸਾਈ ਸਾਧਵੀ ਦੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਵਿੱਚ ਫਸੇ ਬਿਸ਼ਪ ਫਰੈਂਕੋ ਨੂੰ ਦੇਣਾ ਪਿਆ ਅਸਤੀਫ਼ਾ



ਜਲੰਧਰ/ਏ.ਟੀ.ਨਿਊਜ਼ : ਜਲੰਧਰ ਡਾਇਓਸਸ ਦੇ ਵਿਵਾਦਗ੍ਰਸਤ ਬਿਸ਼ਪ ਫਰੈਂਕੋ ਮੁਲੱਕਲ ਨੇ ਆਖ਼ਰਕਾਰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਕੈਥੋਲਿਕ ਫ਼ਿਰਕੇ ਦੀ ਸਰਬਉੱਚ ਸੰਸਥਾ ਵੈਟੀਕਨ ਦੇ ਦਖ਼ਲ ਬਾਅਦ ਹੀ ਸੰਭਵ ਹੋ ਸਕਿਆ ਹੈ। ਵੈਟੀਕਨ ਨੇ ਸਪੱਸ਼ਟ ਕੀਤਾ ਹੈ ਕਿ ਇਹ ਅਨੁਸ਼ਾਸਨੀ ਕਾਰਵਾਈ ਨਹੀਂ ਸਗੋਂ ਡਾਇਓਸਸ ਦੇ 'ਭਲੇ' ਵਾਸਤੇ ਕੀਤਾ ਗਿਆ ਫ਼ੈਸਲਾ ਹੈ।

ਪੋਪ ਫਰਾਂਸਿਸ ਦੁਆਰਾ ਮੁਲੱਕਲ ਦਾ ਅਸਤੀਫ਼ਾ ਪ੍ਰਵਾਨ ਕਰ ਲਏ ਜਾਣ ਨਾਲ ਇਸ ਅਹਿਮ ਅਹੁਦੇ 'ਤੇ ਨਵੀਂ ਨਿਯੁਕਤੀ ਵਾਸਤੇ ਰਾਹ ਪੱਧਰਾ ਹੋ ਗਿਆ ਹੈ।

ਜਦੋਂ 2018 ਵਿੱਚ ਇਕ ਈਸਾਈ ਸਾਧਵੀ ਨੇ ਫਰੈਂਕੋ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ, ਉਦੋਂ ਤੋਂ ਹੀ ਉਸ ਨੂੰ ਪਾਸਟਰ ਦੀ ਜ਼ਿੰਮੇਵਾਰੀ ਤੋਂ ਆਰਜ਼ੀ ਤੌਰ 'ਤੇ ਲਾਂਭੇ ਕਰ ਦਿੱਤਾ ਗਿਆ ਸੀ ਅਤੇ ਪ੍ਰਬੰਧਕੀ ਕੰਮ ਕਿਸੇ ਹੋਰ ਪਾਦਰੀ ਨੂੰ ਸੌਂਪ ਦਿੱਤੇ ਗਏ ਸਨ। ਪੀੜਤ ਸਾਧਵੀ ਮਿਸ਼ਨਰੀਜ਼ ਆਫ ਜੀਸਸ ਦੀ ਮੈਂਬਰ ਹੈ ਤੇ ਇਹ ਜਥੇਬੰਦੀ ਜਲੰਧਰ ਡਾਇਓਸਸ ਅਧੀਨ ਹੈ। ਉਸ ਨੇ ਦੋਸ਼ ਲਾਇਆ ਸੀ ਕਿ ਬਿਸ਼ਪ ਨੇ ਕੇਰਲ ਦੇ ਕੋਟਾਯਮ ਜ਼ਿਲ੍ਹੇ ਵਿਚਲੇ ਉਸ ਦੇ ਕਾਨਵੈਂਟ 'ਚ 2014 ਤੋਂ 2016 ਦਰਮਿਆਨ ਉਸ ਨਾਲ ਕਈ ਵਾਰ ਜਬਰ ਜਨਾਹ ਕੀਤਾ।

# ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਗੁਰਮੁਖੀ ਪੁਸਤਕਾਂ ਦਾ ਕਰੇਗੀ ਡਿਜੀਟਲਾਈਜ਼ੇਸ਼ਨ

ਅੰਮ੍ਰਿਤਸਰ/ਏ.ਟੀ.ਨਿਊਜ਼: ਲਾਹੌਰ ਦੀ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਨੇ ਫ਼ੈਸਲਾ ਲਿਆ ਹੈ ਕਿ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿੱਚ ਮੌਜੂਦ ਦੇਸ਼ ਦੀ ਵੰਡ ਤੋਂ ਪਹਿਲਾਂ ਦੀਆਂ ਲਾਇਬ੍ਰੇਰੀਆਂ, ਵੱਖੋ-ਵੱਖਰੀਆਂ ਯੂਨੀਵਰਸਿਟੀਆਂ ਤੇ ਹੋਰ ਸੰਸਥਾਵਾਂ ਵਿਚੋਂ ਗੁਰਮੁਖੀ ਕਿਤਾਬਾਂ ਤੇ ਦਸਤਾਵੇਜ਼ਾਂ ਨੂੰ ਇਕੱਠਾ ਕਰਕੇ ਉਨ੍ਹਾਂ ਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਉਪਰੰਤ ਦੁਨੀਆਂ ਭਰ ਦੇ ਪੰਜਾਬੀ ਪਾਠਕਾਂ ਨੂੰ ਇਸ ਦੁਰਲੱਭ ਸਾਹਿਤਕ ਤੇ ਇਤਿਹਾਸਕ ਖ਼ਜ਼ਾਨੇ ਤੋਂ ਰੂ-ਬਰੂ ਕਰਵਾਉਣ ਲਈ ਇਨ੍ਹਾਂ ਸਭ ਦਾ ਡਿਜੀਟਲਾਈਜ਼ੇਸ਼ਨ ਕਰਵਾਇਆ ਜਾਵੇਗਾ। ਲਾਹੌਰ ਸਥਿਤ ਦਿਆਲ ਸਿੰਘ ਰਿਸਰਚ ਤੇ ਕਲਚਰਲ ਫੋਰਮ ਦੇ ਡਾਇਰੈਕਟਰ ਪ੍ਰੋ. (ਸੇਵਾਮੁਕਤ) ਡਾ: ਅਬਦੁਲ ਰੱਜ਼ਾਕ ਸ਼ਾਹਿਦ ਨੇ ਦੱਸਿਆ ਕਿ ਫੋਰਮ ਦੀ ਚੌਥੀ ਥਿੰਕ ਟੈਂਕ ਬੈਠਕ 'ਚ ਇਸ ਮੁੱਦੇ 'ਤੇ ਚਰਚਾ ਕੀਤੀ ਗਈ ਕਿ ਸੰਸਥਾ ਦੇ ਕਾਰਜਾਂ ਨੂੰ ਕਿਵੇਂ ਬਿਹਤਰ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਸਾਡੀ ਫੋਰਮ ਪੰਜਾਬ ਦੀ ਸੱਭਿਅਤਾ, ਧਾਰਮਿਕ ਤੇ ਪੰਜਾਬੀ ਜ਼ਬਾਨ ਦੇ ਹਵਾਲੇ ਨਾਲ ਕੰਮ ਕਰ ਰਹੀ ਹੈ ਤੇ ਟਰੱਸਟ ਲਾਇਬ੍ਰੇਰੀ ਵਿਚ ਮੌਜੂਦ ਗੁਰਮੁਖੀ ਪੁਸਤਕਾਂ ਨੂੰ ਸੰਸਥਾ ਦੁਆਰਾ ਪਹਿਲਾਂ ਤੋਂ ਡਿਜੀਟਲਾਈਜ਼ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੇ ਦੱਸਿਆ ਕਿ ਸੰਸਥਾ ਨੇ ਸਿੱਖਾਂ ਦੀ ਸਹੂਲਤ ਲਈ ਵੱਖਰੇ ਤੌਰ 'ਤੇ ਇਕ ਸਿੱਖ ਡਾਇਰੈਕਟਰ ਡਾਇਸਪੋਰਾ ਲਈ ਨਿਯੁਕਤ ਕੀਤਾ ਹੈ। ਗੌਰਮਿੰਟ ਕਾਲਜ ਟਾਊਨਸ਼ਿਪ ਲਾਹੌਰ ਦੇ ਪੰਜਾਬੀ ਵਿਭਾਗ ਪ੍ਰਮੁੱਖ ਪ੍ਰੋ. ਡਾ. ਮੁਹੰਮਦ ਤਾਰਿਕ ਖ਼ਾਨ ਨੇ ਸਲਾਹ ਦਿੱਤੀ ਕਿ ਦਿਆਲ ਸਿੰਘ ਫੋਰਮ ਵੱਖ-ਵੱਖ ਮੁਲਕਾਂ ਤੋਂ ਪਾਕਿਸਤਾਨ ਆਉਣ ਵਾਲੇ ਸਿੱਖ ਯਾਤਰੀਆਂ ਲਈ ਸਹੂਲਤ ਕੇਂਦਰ ਦੀ ਸ਼ੁਰੂਆਤ ਕਰ ਸਕਦਾ ਹੈ, ਜਿਸ ਨਾਲ ਉਨ੍ਹਾਂ ਨੂੰ ਵੱਡੀ ਸਹੂਲਤ ਮਿਲੇਗੀ।



# ਸਰਹੱਦ ’ਤੇ ਚੀਨ ਵੱਲੋਂ ਬੁਨਿਆਦੀ ਢਾਂਚਾ ਦੀ ਉਸਾਰੀ ਭਾਰਤ ਲਈ ਬਣੀ ਖ਼ਤਰਾ

## ਚੀਨ ਨੇ ਪਹਿਲਾਂ ਹੀ ਭਾਰਤ ਦੇ ਕਰੀਬ 38,000 ਵਰਗ ਕਿਲੋਮੀਟਰ ਦੇ ਖੇਤਰ ’ਤੇ ਕੀਤਾ ਹੋਇਆ ਹੈ ਨਾਜਾਇਜ਼ ਕਬਜ਼ਾ

ਭਾਰਤੀ ਸਰਹੱਦ ਦੇ ਨੇੜੇ ਚੀਨ ਦੇ ਬੁਨਿਆਦੀ ਢਾਂਚਾ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ। ਹਾਲਾਂਕਿ ਚੀਨ 50 ਦੇ ਦਹਾਕੇ ਤੋਂ ਭਾਰਤੀ ਸਰਹੱਦ ’ਤੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰ ਰਿਹਾ ਹੈ, ਪਰ ਇਸ ਦੌਰਾਨ ਚੀਨ ਨੇ ਇਸ ਕਾਰਜ ਵਿੱਚ ਬੇਮਿਸਾਲ ਰਫ਼ਤਾਰ ਫੜੀ ਹੋਈ ਹੈ। ਅਰੁਣਾਚਲ ਤੋਂ ਪੱਛਮੀ ਲੱਦਾਖ ਤੱਕ ਚੀਨ ਜੋ ਬੁਨਿਆਦੀ ਢਾਂਚਾ ਵਿਕਾਸ ਕਰ ਰਿਹਾ ਹੈ, ਉਹ ਭਾਰਤ ਲਈ ਚਿੰਤਾਜਨਕ ਹੈ। ਪੈਂਗੌਂਗ ਝੀਲ ’ਤੇ ਬਣੇ ਪੁਲ ਨਾਲ ਚੀਨ ਦੀ ਸਰਹੱਦ ਤੋਂ ਭਾਰਤ ਵਿੱਚ ਚੀਨ ਲਈ ਦਾਖਲ ਹੋਣਾ ਬਹੁਤ ਆਸਾਨ ਹੋ ਜਾਵੇਗਾ ਅਤੇ ਇਹੀ ਭਾਰਤ ਲਈ ਚਿੰਤਾ ਤੇ ਖਤਰਾ ਹੈ। ਭਾਰਤ ਨੇ ਇਸ ਪੁਲ ਦੇ ਨਿਰਮਾਣ ਦਾ ਸਖ਼ਤ ਵਿਰੋਧ ਕੀਤਾ ਹੈ ਪਰ, ਚੀਨ ਭਾਰਤ ਨੂੰ ਟਿਚ ਜਾਣਕੇ ਬਹੁਤ ਤੇਜ਼ੀ ਨਾਲ ਨਿਰਮਾਣ ਕਰ ਰਿਹਾ ਹੈ।

ਭਾਰਤ ਅਤੇ ਚੀਨ ਵਿਚਾਲੇ ਦੁਨੀਆ ਦੀ ਸਭ ਤੋਂ ਲੰਬੀ ਵਿਵਾਦਤ ਸਰਹੱਦ ਦਾ ਪ੍ਰਬੰਧਨ ਭਾਰਤ ਅਤੇ ਚੀਨ ਦੋਵਾਂ ਲਈ ਪਛਾਣ ਦੇ ਸਵਾਲ ਨਾਲ ਜੁੜਿਆ ਹੋਇਆ ਹੈ। ਭਾਰਤ ਦੀ ਚੀਨ (ਤਿੱਬਤ) ਨਾਲ 3,488 ਕਿਲੋਮੀਟਰ ਦੀ ਸਰਹੱਦ ਸਾਂਝੀ ਹੈ, ਜੋ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਰਾਜਾਂ ਦੇ ਨਾਲ ਜੁੜੀ ਹੋਈ ਹੈ।



ਭਾਰਤ ਅਤੇ ਚੀਨ ਦਰਮਿਆਨ 3,488 ਕਿਲੋਮੀਟਰ ਦੀ ਸਰਹੱਦ ਦੀ ਰਾਜ-ਵਾਰ ਲੰਬਾਈ ਇਸ ਪ੍ਰਕਾਰ ਹੈ: ਜੰਮੂ ਅਤੇ ਕਸ਼ਮੀਰ 1597 ਕਿਲੋਮੀਟਰ, ਹਿਮਾਚਲ ਪ੍ਰਦੇਸ਼ 200 ਕਿਲੋਮੀਟਰ, ਉੱਤਰਾਖੰਡ 345, ਸਿੱਕਮ 220 ਅਤੇ ਅਰੁਣਾਚਲ ਪ੍ਰਦੇਸ਼ 1126 ਕਿਲੋਮੀਟਰ। ਦੋਹਾਂ ਦੇਸਾਂ ਦੀ ਸਰਹੱਦ ਸੰਬੰਧੀ ਪੂਰੀ ਤਰ੍ਹਾਂ ਨਿਸ਼ਾਨਦੇਹੀ ਨਹੀਂ ਕੀਤੀ ਗਈ ਹੈ ਅਤੇ ਅਸਲ ਕੰਟਰੋਲ ਰੇਖਾ ਨੂੰ ਸਪੱਸ਼ਟ ਕਰਨ ਅਤੇ ਪੁਸ਼ਟੀ ਕਰਨ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ। ਇਸ ਖੇਤਰ ਵਿੱਚ ਉੱਚ ਉਚਾਈ ਅਤੇ ਘੱਟ ਉਚਾਈ ਵਾਲੇ ਪਹਾੜ ਹਨ, ਜਿਸ ਦੇ ਨਤੀਜੇ ਵਜੋਂ ਇਹਨਾਂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਇੱਕ ਮੁਸ਼ਕਲ ਕੰਮ ਹੈ।

ਮੋਦੀ ਸਰਕਾਰ ਦੀ ਅਗਵਾਈ ਵਿੱਚ ਭਾਰਤ ਨੇ ਭਾਰਤ-ਚੀਨ ਸਰਹੱਦ ’ਤੇ ਰਣਨੀਤਕ ਮਹੱਤਵ ਵਾਲੀਆਂ 73 ਸੜਕਾਂ ਬਣਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ 73 ਸੜਕਾਂ ਵਿੱਚੋਂ, 804.93 ਕਿਲੋਮੀਟਰ ਦੀ ਲੰਬਾਈ ਵਾਲੀਆਂ 27 ਸੜਕਾਂ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਰਾਜਾਂ ਵਿੱਚ ਗ੍ਰਹਿ ਮੰਤਰਾਲੇ (ਸਰਹੱਦ ਪ੍ਰਬੰਧਨ ਵਿਭਾਗ) ਦੁਆਰਾ ਬਣਾਈਆਂ ਜਾਣਗੀਆਂ। 1937 ਕਰੋੜ ਰੁਪਏ ਇਨ੍ਹਾਂ 27 ਸੜਕਾਂ ਦੇ ਨਿਰਮਾਣ ਦਾ ਕੰਮ ਬੀਆਰਓ (15 ਸੜਕਾਂ), ਸੀਪੀਡਬਲਯੂਡੀ (8 ਸੜਕਾਂ), ਐਨਪੀਸੀਸੀ (2 ਸੜਕਾਂ) ਅਤੇ ਹਿਮਾਚਲ ਪ੍ਰਦੇਸ਼ ਲੋਕ ਨਿਰਮਾਣ ਵਿਭਾਗ (2 ਸੜਕਾਂ) ਨੂੰ ਸੌਂਪਿਆ ਗਿਆ ਹੈ। 27 ਸੜਕਾਂ ਵਿੱਚੋਂ 08 ਸੜਕਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 02 ਸੜਕ ਨੂੰ ਰੱਖਿਆ ਮੰਤਰਾਲੇ ਦੁਆਰਾ ਜੀਐਸ ਰੋਡ ਵਿੱਚ ਬਦਲ ਦਿੱਤਾ ਗਿਆ ਸੀ। ਹੋਰ ਸੜਕਾਂ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ।

ਇਸ ਖੇਤਰ ਦੀ ਸੁਰੱਖਿਆ ਦੀ ਮੁੱਢਲੀ ਜ਼ਿੰਮੇਵਾਰੀ ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਫੋਰਸ ਦੀ ਹੈ। ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਫੋਰਸ ਨੇ ਇਸ ਕੰਮ ਨੂੰ ਅੱਗੇ ਵਧਾਉਣ ਲਈ ਅਸਲ ਕੰਟਰੋਲ ਰੇਖਾ ਦੇ ਨਾਲ ਅੱਗੇ ਸਰਹੱਦੀ ਚੌਕੀਆਂ ਸਥਾਪਤ ਕੀਤੀਆਂ ਹਨ। ਆਈਟੀਬੀਪੀ ਵੱਲੋਂ ਇਸ ਸਰਹੱਦ ’ਤੇ ਕੁੱਲ 173 ਸਰਹੱਦੀ ਚੌਕੀਆਂ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪੱਛਮੀ ਸੈਕਟਰ (ਜੰਮੂ ਅਤੇ ਕਸ਼ਮੀਰ) ਵਿੱਚ 35, ਕੇਂਦਰੀ ਸੈਕਟਰ (ਹਿਮਾਚਲ ਪ੍ਰਦੇਸ਼, ਉੱਤਰਾਖੰਡ) ਵਿੱਚ 71, ਪੂਰਬੀ ਸੈਕਟਰ (ਸਿੱਕਮ ਅਤੇ ਅਰੁਣਾਚਲ ਪ੍ਰਦੇਸ਼) ਵਿੱਚ 67 ਸ਼ਾਮਲ ਹਨ।

ਪੈਂਗੌਂਗ ਝੀਲ ਲਗਭਗ 135 ਕਿਲੋਮੀਟਰ ਲੰਬੀ ਹੈ। ਇਸ ਦਾ ਦੋ ਤਿਹਾਈ ਹਿੱਸਾ ਚੀਨ ਕੋਲ ਹੈ ਅਤੇ ਇਕ ਤਿਹਾਈ ਭਾਰਤ ਕੋਲ ਹੈ। ਪਰ ਚੀਨ ਵੱਲੋਂ ਆਪਣੇ ਪਾਸੇ ਪਹਿਲਾਂ ਹੀ ਬਣੇ ਪੁਲ ਦੇ ਨਾਲ ਇੱਕ ਹੋਰ ਪੁਲ ਬਣਾਉਣ ਦੀਆਂ ਖ਼ਬਰਾਂ ਹਨ। ਪੁਰਾਣਾ ਪੁਲ 1960 ਦੇ ਦਹਾਕੇ ਤੋਂ ਚੀਨ ਦੇ ਕਬਜ਼ੇ ਵਾਲੇ ਖੇਤਰਾਂ ਵਿੱਚ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਚੀਨ ਨੇ ਪਹਿਲਾਂ ਹੀ ਭਾਰਤ ਦੇ ਕਰੀਬ 38,000 ਵਰਗ ਕਿਲੋਮੀਟਰ ਦੇ ਖੇਤਰ ’ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਸ ਨੂੰ ‘ਅਕਸਾਈ ਚਿਨ’ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਲਗਭਗ 5300 ਵਰਗ ਕਿਲੋਮੀਟਰ ਦਾ ਖੇਤਰ, ਜਿਸ ਨੂੰ ‘ਟਰਾਂਸ ਕਾਰਾਕੋਰਮ ਟ੍ਰੈਕਟ’ ਕਿਹਾ ਜਾਂਦਾ ਹੈ ਅਤੇ ਜੋ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ ਦਾ ਹਿੱਸਾ ਹੈ, ਨੂੰ ਪਾਕਿਸਤਾਨ ਨੇ ਇਕ ਸਮਝੌਤੇ ਤਹਿਤ ਚੀਨ ਨੂੰ ਸੌਂਪ ਦਿੱਤਾ ਹੈ। ਇਹ ਅਸਲ ਵਿੱਚ ਭਾਰਤ ਦਾ ਇੱਕ ਕਾਨੂੰਨੀ ਖੇਤਰ ਹੈ। ਚੀਨ ਨੇ ਇਸ ਹਿੱਸੇ ਨੂੰ ਆਪਣੇ ਖੋਤਾਨ ਰਾਜ ਵਿੱਚ ਸ਼ਾਮਲ ਕਰ ਲਿਆ ਹੈ। ਤਿੱਬਤ ਅਤੇ ਖੋਤਾਨ ਤੋਂ ਕਸ਼ਗਰ ਨੂੰ ਜੋੜਨ ਵਾਲਾ ਹਾਈਵੇ ਇਸ ਖੇਤਰ ਵਿੱਚੋਂ ਲੰਘਦਾ ਹੈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭੰਬਲਭੂਸੇ ਵਿੱਚ ਪਰ ਬਾਦਲਕਿਆਂ ਤੋਂ ਇਲਾਵਾ ਪੰਥਕ ਧਿਰਾਂ ਸਰਗਰਮ

ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਗੁਰਦੁਆਰਾ ਚੋਣਾਂ (ਇਲੈਕਸ਼ਨ) ਦੇ ਚੀਫ਼ ਕਮਿਸ਼ਨਰ ਵੱਲੋਂ ਵੋਟ ਸੂਚੀਆਂ ਸੋਧਣ ਭਾਵ ਅਪਡੇਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ ਤਾਂ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਨਵਾਂ ਜਨਰਲ ਹਾਊਸ ਚੁਣਿਆ ਜਾ ਸਕੇ। ਭਾਵੇਂ ਇਸ ਖ਼ਬਰ ਦੇ ਆਉਂਦਿਆਂ ਹੀ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਹੁਣ ਜਲਦੀ ਹੀ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਬਾਦਲ ਵਿਰੋਧੀ ਅਕਾਲੀ ਦਲਾਂ ਨੇ ਵੀ ਇਸ ਐਲਾਨ ਦਾ ਸਵਾਗਤ ਕੀਤਾ ਹੈ ਪਰ ਸਾਡੇ ਖਿਆਲ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਦੇ ਮਾਮਲੇ ਵਿੱਚ ਦਿੱਲੀ ਅਜੇ ਕਾਫ਼ੀ ਦੂਰ ਹੈ। ਗੁਰਦੁਆਰਾ ਐਕਟ 1925 ਦੇ ਸੈਕਸ਼ਨ 48 ਅਧੀਨ ਪੰਜਾਬ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਗ੍ਰਹਿ ਵਿਭਾਗ ਅਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਨਵੀਆਂ ਚੋਣ ਸੂਚੀਆਂ ਬਣਾਉਣ ਲਈ ਕਿਹਾ ਗਿਆ ਹੈ। ਇਹ ਠੀਕ ਹੈ ਕਿ ਸਰਕਾਰ ਜਦੋਂ ਕੁਝ




ਕਰਵਾਉਣ ਦਾ ਮਨ ਬਣਾ ਲਵੇ ਤਾਂ ਰਾਹ ਦੀਆਂ ਸਾਰੀਆਂ ਅੜਚਣਾਂ ਦੂਰ ਕਰਨ ਵਿੱਚ ਬਹੁਤਾ ਸਮਾਂ ਨਹੀਂ ਲਗਦਾ। ਪਰ ਇਹ ਚੋਣਾਂ ਅਮਲੀ ਤੌਰ ’ਤੇ ਕਾਫ਼ੀ ਲੇਟ ਹੋ ਚੁੱਕੀਆਂ ਹਨ ਕਿਉਂਕਿ ਇਹ ਚੋਣਾਂ ਆਖਰੀ ਵਾਰ 2011 ਵਿੱਚ ਹੋਈਆਂ ਸਨ। ਪਰ ਸਹਿਜਧਾਰੀਆਂ ਦੀਆਂ ਵੋਟਾਂ ਦੇ ਮਾਮਲੇ ਬਾਰੇ ਚਲਦੇ ਕੇਸ ਦਰਮਿਆਨ ਸੁਪਰੀਮ ਕੋਰਟ ਨੇ ਇਸ ਨਵੇਂ ਚੁਣੇ ਹਾਊਸ ਦੇ ਚਾਰਜ ਲੈਣ ’ਤੇ ਸਟੇਅ ਲਗਾ ਦਿੱਤਾ ਸੀ। ਬਾਅਦ ਵਿੱਚ ਇਸ ਹਾਊਸ ਨੇ 2016 ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ, ਜੇ ਇਸ ਦੀ ਮਿਆਦ ਦੀ ਸ਼ੁਰੂਆਤ 2016 ਤੋਂ ਵੀ ਗਿਣੀ ਜਾਵੇ ਤਾਂ ਵੀ ਇਹ 2021 ਵਿੱਚ ਆਪਣੀ ਮਿਆਦ ਪੂਰੀ ਕਰ ਚੁੱਕੀ ਹੈ।

ਇਸ ਵੇਲੇ ਸਭ ਤੋਂ ਵੱਧ ਅਸਪੱਸ਼ਟਤਾ ਹਰਿਆਣਾ ਨੂੰ ਲੈ ਕੇ ਬਣੀ ਹੋਈ ਹੈ। ਇਕ ਪਾਸੇ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਹੋਂਦ ਵਿਚ ਆ ਚੁੱਕੀ ਹੈ ਤੇ ਉਹ ਬਾਕਾਇਦਾ ਵੱਖਰੇ ਤੌਰ ’ਤੇ ਗੁਰਦੁਆਰਿਆਂ ਦਾ ਪ੍ਰਬੰਧ ਵੀ ਸੰਭਾਲ ਰਹੀ ਹੈ। ਦੂਜੇ ਪਾਸੇ ਅਜੇ 1925 ਦਾ ਗੁਰਦੁਆਰਾ ਐਕਟ ਵੀ ਕਾਇਮ ਹੈ, ਜਿਸ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਿੱਧੇ ਚੁਣੇ ਜਾਂਦੇ 157 ਮੈਂਬਰਾਂ ਵਿਚੋਂ 10 ਮੈਂਬਰ ਅਤੇ ਕੁੱਲ 191 ਮੈਂਬਰਾਂ ਵਿਚੋਂ 11 ਮੈਂਬਰ ਹਰਿਆਣਾ ਤੋਂ ਆਉਂਦੇ ਹਨ। ਹੁਣ ਇਹ ਬਿਲਕੁਲ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ 11 ਮੈਂਬਰਾਂ ਦਾ ਕੀ ਬਣੇਗਾ ? ਕੀ ਹੁਣ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਿਚੋਂ 11 ਮੈਂਬਰ ਘਟਾ ਦਿੱਤੇ

# ਦੇਸ਼ ਧ੍ਰੋਹ ਭਾਰਤ ਦਾ ਫਾਸ਼ੀਵਾਦੀ ਕਾਨੂੰਨ

ਅੰਗਰੇਜ਼ ਹਕੂਮਤ ਦੌਰਾਨ ਭਾਰਤ ਵਿੱਚ 1860 ਵਿੱਚ ਬਣਾਏ ਕਾਨੂੰਨ ਤਾਜ਼ੀਰਾਤ-ਏ-ਹਿੰਦ ਵਿੱਚ ਵੱਖ ਵੱਖ ਤਰ੍ਹਾਂ ਦੇ ਅਪਰਾਧਾਂ ਨੂੰ ਪਰਿਭਾਸ਼ਿਤ ਕਰ ਕੇ ਉਨ੍ਹਾਂ ਲਈ ਸਜ਼ਾ ਨਿਸ਼ਚਿਤ ਕੀਤੀ ਗਈ। ਇਸ ਕਾਨੂੰਨ ਵਿੱਚ ਲੋਕਾਂ ਦੁਆਰਾ ਸਰਕਾਰ ਵਿਰੁੱਧ ਵਿਦਰੋਹ ਕਰਨ ਜਾਂ ਦੇਸ਼ ਧ੍ਰੋਹ ਜਿਹੇ ਅਪਰਾਧ ਦੀ ਵਿਆਖਿਆ ਨਹੀਂ ਸੀ ਕੀਤੀ ਗਈ। ਦੇਸ਼ ਧ੍ਰੋਹ ਬਾਰੇ ਧਾਰਾ 124-ਏ ਇਸ ਕਾਨੂੰਨ ਵਿੱਚ 1870 ਵਿੱਚ ਪਾਈ ਗਈ। ਇਹ ਕਾਨੂੰਨ ਆਜ਼ਾਦੀ ਲਈ ਸੰਘਰਸ਼ ਕਰ ਰਹੇ ਦੇਸ਼ ਭਗਤਾਂ ਵਿਰੁੱਧ ਵਰਤਿਆ ਗਿਆ। ਆਜ਼ਾਦੀ ਤੋਂ ਬਾਅਦ ਪੰਜਾਬ ਹਾਈ ਕੋਰਟ ਨੇ 1951 ਅਤੇ ਅਲਾਹਾਬਾਦ ਹਾਈ ਕੋਰਟ ਨੇ 1959 ਵਿੱਚ ਇਸ ਕਾਨੂੰਨ ਨੂੰ ਅਸੰਵਿਧਾਨਕ ਦੱਸਿਆ। 1962 ਵਿੱਚ ਸੁਪਰੀਮ ਕੋਰਟ ਨੇ ਸਪੱਸ਼ਟੀਕਰਨ ਦਿੱਤਾ ਕਿ ਸਿਆਸੀ ਪਾਰਟੀਆਂ, ਸਿਆਸਤਦਾਨਾਂ ਅਤੇ ਹੋਰ ਲੋਕਾਂ ਦੁਆਰਾ ਸਰਕਾਰ ਦੀ ਆਲੋਚਨਾ ਕਰਨੀ ਗ਼ੈਰ-ਕਾਨੂੰਨੀ ਨਹੀਂ ਹੈ। ਤਾਕਤ/ਹਿੰਸਾ ਵਰਤ ਕੇ ਵੱਖਵਾਦੀ ਰੁਝਾਨਾਂ ਨੂੰ ਉਤਸ਼ਾਹਿਤ ਕਰਨਾ ਦੇਸ਼ ਧ੍ਰੋਹ ਹੈ। ਜਵਾਹਰਲਾਲ ਨਹਿਰੂ ਨੇ 1951 ਵਿਚ ਇਸ ਕਾਨੂੰਨ ਨੂੰ ਰੱਦ ਕਰਨ ਦੀ ਵਕਾਲਤ ਕੀਤੀ ਸੀ ਪਰ 1973 ਵਿੱਚ ਇੰਦਰਾ ਗਾਂਧੀ ਦੀ ਹਕੂਮਤ ਸਮੇਂ ਇਹ ਕਾਨੂੰਨ ਹੋਰ ਸਖ਼ਤ ਬਣਾਇਆ ਗਿਆ ਤੇ ਪੁਲੀਸ ਨੂੰ ਇਸ ਕਾਨੂੰਨ ਤਹਿਤ ਕੇਸ ਦਰਜ ਹੋਣ ’ਤੇ ਬਿਨਾ ਵਾਰੰਟ ਗ੍ਰਿਫ਼ਤਾਰੀ ਕਰਨ ਦੇ ਅਧਿਕਾਰ ਦਿੱਤੇ ਗਏ।

# ਅਕਾਲੀ ਦਲ ਦੇ ਏਜੰਡੇ ਬਾਰੇ ਜਥੇਦਾਰ ਅਕਾਲ ਤਖ਼ਤ ਦਾ ਸੁਨੇਹਾ ਕਿੰਨਾ ਕੁ ਸਾਰਥਕ

ਹੁਣੇ ਜਿਹੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਨਮ ਦਿਨ ਦੇ ਪ੍ਰੋਗਰਾਮ ਵਿੱਚ ਅਕਾਲੀ ਦਲ ਨੂੰ ਵੱਡੀ ਨਸੀਅਤ ਦਿੰਦੇ ਹੋਏ 50 ਸਾਲ ਪੁਰਾਣਾ ਪਾਰਟੀ ਦਾ ਏਜੰਡਾ ਯਾਦ ਕਰਵਾਉਂਦਿਆਂ ਪੰਥ ਦੇ ਏਕੇ ਦਾ ਸੁਨੇਹਾ ਵੀ ਦਿੱਤਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 1920 ਗੁਰਦੁਆਰਾ ਸੁਧਾਰ ਬਾਰੇ ਗੱਲ ਕਰਦਿਆਂ ਅਕਾਲੀ ਦਲ ਨੂੰ ਉਨ੍ਹਾਂ ਦੀ ਕਮੀਆਂ ਯਾਦ ਕਰਵਾਇਆ। ਜਥੇਦਾਰ ਸ਼੍ਰੀ ਅਕਾਲ ਤਖਤ ਨੇ ਕਿਹਾ ਸੀ ਕਿ ਇੱਕ ਸਮਾਂ ਸੀ ਜਦੋਂ ਸਾਡੇ ਰਾਜਸੀ ਏਜੰਡੇ ਵਿੱਚ ਸਿੱਖ ਪੰਥ ਅਤੇ ਗੁਰਦੁਆਰੇ ਪਹਿਲੇ ਨੰਬਰ ’ਤੇ ਹੁੰਦੇ ਸਨ। ਸ੍ਰੋਮਣੀ ਅਕਾਲੀ ਦਲ 50 ਸਾਲ ਪੁਰਾਣਾ ਆਪਣਾ ਏਜੰਡਾ ਵੇਖ ਲਏ। ਸਿੱਖ ਪੰਥ ਅਤੇ ਗੁਰੂ ਘਰਾਂ ਦੀ ਚੜ੍ਹਦੀਕਲਾ ਪਹਿਲੇ ਨੰਬਰ ’ਤੇ ਹੁੰਦੀ ਸੀ,ਪਰ ਹੁਣ ਸਾਡੀ ਰਾਜਸੀ ਸੋਚ ਵਿੱਚ ਸਿੱਖ ਪੰਥ ਗਾਇਬ ਹੋ ਗਿਆ ਹੈ ਅਤੇ ਗੁਰਦੁਆਰੇ ਵੀ ਇਸ ਸੋਚ ਦਾ ਹਿੱਸਾ ਨਹੀਂ ਰਹੇ । ਇਹ ਸਾਡੀ ਕਮਜ਼ੋਰੀ ਹੈ, ਜੇਕਰ ਸਾਨੂੰ ਤਾਕਤਵਰ ਬਣਨਾ ਹੈ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਵੱਖ-ਵੱਖ ਸੰਸਥਾਵਾਂ ਨੂੰ ਮਿਲ ਕੇ ਬੈਠਣਾ ਹੋਵੇਗਾ । ਜਥੇਬੰਦੀਆਂ ਧਰਮ ਦੀ ਰੀੜ ਦੀ ਹੱਡੀ ਹੁੰਦੀ ਹੈ ਜੇਕਰ ਇਹ ਕਮਜ਼ੋਰ ਹੋ ਗਈਆਂ ਤਾਂ ਧਰਮ ਨੂੰ ਕਮਜ਼ੋਰ ਹੋਣ ਤੋਂ ਨਹੀਂ ਬਚਾਇਆ ਜਾ ਸਕਦਾ ਹੈ। ਪੰਜਾਬ ਦੀ ਧਰਤੀ ’ਤੇ ਨਫਰਤ ਫੈਲਾਉਣ ਵਾਲੇ ਲੋਕ ਪਹੁੰਚ ਚੁੱਕੇ ਹਨ । ਪਹਿਲਾਂ ਉਨ੍ਹਾਂ ਸਿੱਖਾਂ ਅਤੇ ਹਿੰਦੂਆਂ ਵਿੱਚ ਲੜਾਈ ਕਰਾਈ ਹੁਣ ਸਿੱਖ-ਦਲਿਤਾਂ ਨੂੰ ਵੰਡਣ ਦੀ ਕੋਸ਼ਿਸ਼ ਹੋ ਰਹੀ ਹੈ।



ਜਥੇਦਾਰ ਅਕਾਲ ਤਖਤ ਦੇ ਇਸ ਬਿਆਨ ਵਿੱਚ ਇਤਿਹਾਸਕ ਤੇ ਦਾਰਸ਼ਨਿਕ ਅਰਥ ਗਾਇਬ ਹਨ , ਕਿਉਂਕਿ ਬਾਦਲ ਪਰਿਵਾਰ ਨੇ ਸਿੱਖ ਸੰਵਿਧਾਨ ਤੇ ਸਿੱਖ ਰਾਜਨੀਤੀ ਤੋਂ ਅਲੱਗ ਹੋ ਕੇ ਜੋ ਅਕਾਲੀ ਦਲ ਦਾ ਵਾਜੂਦ ਸਿਰਜਿਆ ਉਹ ਹੁਣ ਖਤਮ ਹੋ ਚੁਕਿਆ ਹੈ ਪਰ ਜਥੇਦਾਰ ਬਾਦਲ ਪਰਿਵਾਰ ਤੋਂ ਹੀ ਆਸ ਕਰ ਰਹੇ ਹਨ ਕਿ ਉਹ ਸਿਖ ਸਿਧਾਂਤ ਨੂੰ ਅਪਨਾਕੇ ਅਕਾਲੀ ਦਲ ਨੂੰ ਜਿਉਂਦਾ ਰਖਣ। ਪਰ ਖਾਲਸਾ ਪੰਥ ਹੁਣ ਬਾਦਲ ਪਰਿਵਾਰ ਤੇ ਉਹਨਾਂ ਦੇ ਸਾਥੀਆਂ ਨੂੰ ਪੰਥ ਦੀ ਪੁਨਰ ਅਗਵਾਈ ਦੇਣ ਲਈ ਤਿਆਰ ਨਹੀਂ।

ਇਹ ਇਤਿਹਾਸਕ ਸੱਚ ਹੈ ਕਿ ਪੰਜਾਬ ਲਈ ਅਕਾਲੀ ਦਲ ਦਾ ਕੰਮ ਕੇਵਲ ਸਿਆਸਤ ਕਰਨਾ ਨਹੀਂ ਹੈ, ਸਗੋਂ ਗੁਰੂਆਂ ਦੇ ਵਰਸੋਏ ਗੁਰਬਾਣੀ ਅਧਾਰਿਤ ਸਿੱਖੀ ਸਿਧਾਤਾਂ ਨੂੰ ਰਾਜਨੀਤਕ ਪਲੇਟਫਾਰਮ ਰਾਹੀ ਮਨੁੱਖਤਾ ਦੀ ਭਲਾਈ ਅਤੇ ਅਗਵਾਈ ਕਰਨਾ ਹੈ। ਇਥੋਂ ਹੀ ਭਵਿੱਖ ਦੀ ਸਿਆਸਤ ਨਿਕਲਣੀ ਸੀ। ਗੁਰੂ ਗਰੰਥ ਸਾਹਿਬ ਦੀ ਰਾਜਨੀਤੀ ਦਾ ਮਾਡਲ ਅਪਨਾਕੇ ਸਿੱਖ ਹੁਣ ਤਕ ਸੱਤਾ ਤੇ ਖੁਦਮੁਖਤਿਆਰ ਰਾਜ ਭੋਗਦੇ ਰਹੇ ਹਨ ਪਰ ਇਥੇ ਇੱਕ ਬਾਦਲ ਪਰਿਵਾਰ ਦੀ ਵਧੀ ਰਾਜਸੀ ਲਾਲਸਾ ਨੇ ਕੌਮ ਦਾ ਸਿਆਸੀ ਸਿਸਟਮ, ਰਾਜਨੀਤੀ ਸਭ ਖਤਮ ਕਰ ਦਿਤੀ ਹੈ। ਅੱਜ ਇਸ ਪਰਿਵਾਰ ਦਾ ਪਾਰਟੀ ਉਪਰੋਂ ਪ੍ਰਭਾਵ ਖਤਮ ਹੋਣ ਦੇ ਸੰਕੇਤ ਉਭਰ ਚੁਕੇ ਹਨ। ਸੰਘ ਪਰਿਵਾਰ ਤੇ ਬਿਪਰਵਾਦੀ ਸੋਚ ਦੇ ਹੱਥ ਠੋਕੇ ਬਣ ਸ਼ੋਮਣੀ ਅਕਾਲੀ ਦਲ ਦੇ ਸਿਧਾਂਤਾਂ ਨੂੰ ਬਾਦਲਕਿਆਂ ਨੇ ਮਲੀਨ ਕਰ ਦਿਤਾ ਹੈ। ਇਹੀ ਨੀਤੀ ਇਸ ਦੇ ਪਤਨ ਦਾ ਕਾਰਨ ਬਣੀ। ਅਗਰ ਅੱਜ ਸ੍ਰੋਮਣੀ

(ਬਾਕੀ ਸਫ਼ਾ 30 ’ਤੇ)

ਅਜੀਬੋ ਗ਼ਰੀਬ ਦੁਨੀਆਂ

# ਦੁਨੀਆਂ ਦੀਆਂ 10 ਅਜੀਬ ਲਾਇਬ੍ਰੇਰੀਆਂ









ਲਾਇਬ੍ਰੇਰੀ ਦਾ ਨਾਮ ਸੁਣਦਿਆਂ ਹੀ ਮਨ ਵਿੱਚ ਇੱਕ ਹੀ ਗੱਲ ਆਉਂਦੀ ਹੈ ਕਿ ਉੱਥੇ ਰੱਖੀਆਂ ਹਰ ਤਰ੍ਹਾਂ ਦੀਆਂ ਕਿਤਾਬਾਂ ਅਤੇ ਉੱਥੇ ਦੀ ਅਥਾਹ ਸ਼ਾਂਤੀ। ਅਜਿਹੇ 'ਚ ਅੱਜ ਅਸੀਂ ਤੁਹਾਨੂੰ ਦੁਨੀਆ ਦੀਆਂ ਕੁਝ ਅਜਿਹੀਆਂ ਹੀ ਅਜੀਬੋ-ਗਰੀਬ ਲਾਇਬ੍ਰੇਰੀਆਂ ਬਾਰੇ ਦੱਸਦੇ ਹਾਂ, ਜਿਨ੍ਹਾਂ ਨੂੰ ਦੇਖ ਕੇ ਤੁਹਾਡਾ ਧਿਆਨ ਭਟਕ ਸਕਦਾ ਹੈ। ਇੰਨਾ ਹੀ ਨਹੀਂ ਇਨ੍ਹਾਂ ਸਾਰੀਆਂ ਲਾਇਬ੍ਰੇਰੀਆਂ ਨੂੰ ਦੇਖ ਕੇ ਤੁਸੀਂ ਭੰਬਲਭੂਸੇ ਵਿੱਚ ਪੈ ਜਾਵੋਗੇ ਕਿ ਕੀ ਇਹ ਸੱਚਮੁੱਚ ਲਾਇਬ੍ਰੇਰੀਆਂ ਹਨ। ਆਓ ਜਾਣਦੇ ਹਾਂ ਕੁਝ ਅਜਿਹੀ ਹੀ ਅਦਭੁਤ ਲਾਇਬ੍ਰੇਰੀਆਂ ਬਾਰੇ ਜੋ ਅਸਲ ਵਿੱਚ ਦਿਲਚਸਪ ਹਨ।

**ਬੀਚ ਲਾਇਬ੍ਰੇਰੀ**

ਬੀਚ 'ਤੇ ਲਾਇਬ੍ਰੇਰੀ.. ਇਹ ਥੋੜਾ ਅਜੀਬ ਲੱਗਦਾ ਹੈ, ਪਰ ਬੀਚ 'ਤੇ ਸੱਚਮੁੱਚ ਇੱਕ ਲਾਇਬ੍ਰੇਰੀ ਹੈ। ਹਰਮਨ ਕੋਂਪਰਾਂ ਨੇ ਇਸ ਲਾਇਬ੍ਰੇਰੀ ਨੂੰ ਬਲਗੇਰੀਅਨ ਬਲੈਕ ਸਾਗਰ ਰਿਜ਼ੋਰਟ ਅਲਬੇਨਾ ਦੇ ਬੀਚ 'ਤੇ ਬਣਾਇਆ ਹੈ। ਇਸ ਲਾਇਬ੍ਰੇਰੀ ਵਿੱਚ ਲਗਭਗ



10 ਭਾਸ਼ਾਵਾਂ ਵਿੱਚ 2,500 ਤੋਂ ਵੱਧ ਕਿਤਾਬਾਂ ਹਨ। ਕਿਹਾ ਜਾ ਸਕਦਾ ਹੈ ਕਿ ਇਹ ਦੁਨੀਆਂ ਦੀ ਸਭ ਤੋਂ ਆਰਾਮਦਾਇਕ ਲਾਇਬ੍ਰੇਰੀ ਹੈ।

**ਪਬਲਿਕ ਬੱਸ ਵਿੱਚ ਲਾਇਬ੍ਰੇਰੀ**

ਇਸ ਨੂੰ ਮੋਬਾਈਲ ਲਾਇਬ੍ਰੇਰੀ ਕਿਹਾ ਜਾਵੇਗਾ। ਤੁਹਾਨੂੰ ਬ੍ਰਾਸੀਲੀਆ ਵਿੱਚ ਇਹ ਵਿਲੱਖਣ ਲਾਇਬ੍ਰੇਰੀ ਦੇਖਣ ਨੂੰ ਮਿਲੇਗੀ। ਇਸ ਨੂੰ ਐਂਟੋਨੀਓ ਦੁਆਰਾ ਬਣਾਇਆ ਗਿਆ ਹੈ।

**ਮੇਲਬਾਕਸ ਲਾਇਬ੍ਰੇਰੀ**

ਰਿਕ ਬਰੂਕਸ ਨੇ ਅਜਿਹੀ ਲਾਇਬ੍ਰੇਰੀ ਖੋਲ੍ਹਣ ਦੇ ਵਿਚਾਰ ਦੀ ਕਾਢ ਕੱਢੀ। ਉਸਨੇ 24 ਰਾਜਾਂ ਵਿੱਚ 300 ਅਜਿਹੀਆਂ ਲਾਇਬ੍ਰੇਰੀਆਂ ਖੋਲ੍ਹੀਆਂ ਹਨ।

**ਫ਼ੋਨ ਬੂਥ ਲਾਇਬ੍ਰੇਰੀ**

ਜਦੋਂ ਬ੍ਰਿਟਿਸ਼ ਟੈਲੀਕਾਮ ਇੰਗਲੈਂਡ ਤੋਂ ਲਾਲ ਫੋਨ ਬੂਥਾਂ ਨੂੰ ਹਟਾਉਣ ਜਾ ਰਿਹਾ ਸੀ, ਤਾਂ ਸਥਾਨਕ ਲੋਕਾਂ ਨੂੰ ਇਸ ਨੂੰ ਲਾਇਬ੍ਰੇਰੀ ਵਿੱਚ ਤਬਦੀਲ ਕਰਨ ਦਾ ਵਿਚਾਰ ਆਇਆ। ਇਸ ਨੂੰ ਦੁਨੀਆ ਦੀ ਸਭ ਤੋਂ ਛੋਟੀ ਲਾਇਬ੍ਰੇਰੀ ਕਿਹਾ ਜਾਂਦਾ ਹੈ। ਵੈਸਟਬਰੀ-ਸਬ-ਮੈਂਡਿਪ ਲਾਇਬ੍ਰੇਰੀ 24 ਘੰਟੇ ਖੁੱਲ੍ਹੀ ਰਹਿੰਦੀ ਹੈ। ਇਸ ਲਾਇਬ੍ਰੇਰੀ ਵਿੱਚ ਪੁਸਤਕਾਂ ਦਾ ਭੰਡਾਰ ਸ਼ਾਨਦਾਰ ਹੈ।

**ਗਧਾ ਲਾਇਬ੍ਰੇਰੀ**

ਇਹ ਵੈਨੇਜ਼ੁਏਲਾ ਵਿੱਚ ਵੈਲੇ ਡੇਲ ਮੋਮਬੋਏ ਯੂਨੀਵਰਸਿਟੀ ਦੁਆਰਾ ਸ਼ੁਰੂ ਕੀਤੀ ਗਈ ਇੱਕ ਵਿਲੱਖਣ ਲਾਇਬ੍ਰੇਰੀ ਹੈ।

**ਬੂਥ ਲਾਇਬ੍ਰੇਰੀ**

ਇੱਕ ਵਾਰ ਜਦੋਂ ਤੁਸੀਂ ਇਸ ਲਾਇਬ੍ਰੇਰੀ ਨੂੰ ਵੇਖਦੇ ਹੋ ਤਾਂ ਇਹ ਉਲਝਣ ਵਿੱਚ ਹੋਣਾ ਲਾਜ਼ਮੀ ਹੈ. ਤੁਹਾਨੂੰ ਨੋਲਿਟਾ ਵਿੱਚ ਇਹ ਛੋਟੀ ਮੁਫ਼ਤ ਲਾਇਬ੍ਰੇਰੀ ਦੇਖਣ ਨੂੰ ਮਿਲੇਗੀ।

**ਬਾਹਰੀ ਲਾਇਬ੍ਰੇਰੀ**

ਇਹ ਲਾਇਬ੍ਰੇਰੀ ਇਤਾਲਵੀ ਕਲਾਕਾਰ ਮੈਸੀਮੋ ਬਾਰਟੋਲਿਨੀ



ਦੁਆਰਾ 2012 ਵਿੱਚ ਬੈਲਜੀਅਨ ਆਰਟ ਫੈਸਟੀਵਲ ਵਿੱਚ ਬਣਾਈ ਗਈ ਸੀ। ਇਸ ਲਾਇਬ੍ਰੇਰੀ ਵਿੱਚ ਤੁਸੀਂ ਕਿਤਾਬਾਂ ਦੇ ਨਾਲ-ਨਾਲ ਕੁਦਰਤ ਦਾ ਆਨੰਦ ਵੀ ਲੈ ਸਕਦੇ ਹੋ।

**ਵਾਰ ਟੈਂਕ ਲਾਇਬ੍ਰੇਰੀ**

ਇਸ ਨੂੰ ਸੰਪੂਰਣ ਮੋਬਾਈਲ ਲਾਇਬ੍ਰੇਰੀ ਕਿਹਾ ਜਾਵੇਗਾ। ਇਸ ਨੂੰ ਬਣਾਉਣ ਵਾਲਾ ਕਾਰਕੁਨ-ਕਲਾਕਾਰ, ਰਾਉਲ ਲੇਮੇਸੋਫ, ਸਾਹਿਤ ਰਾਹੀਂ ਸ਼ਾਂਤੀ ਦਾ ਸੰਦੇਸ਼ ਫੈਲਾਉਣਾ ਚਾਹੁੰਦਾ ਹੈ। ਇਸ ਟੈਂਕ ਵਿੱਚ 900 ਦੇ ਕਰੀਬ ਕਿਤਾਬਾਂ ਹਨ ਅਤੇ ਇਹ ਅਰਜਨਟੀਨਾ ਦੇ ਇਲਾਕਿਆਂ ਵਿੱਚ ਘੁੰਮਦਾ ਰਹਿੰਦਾ ਹੈ।

**ਪਹੀਏ 'ਤੇ ਲਾਇਬ੍ਰੇਰੀ**

ਐਂਟੋਨੀਓ ਲਾ ਕਾਵਾ ਇਤਾਲਵੀ ਸਕੂਲ ਦੇ ਅਧਿਆਪਕ ਨੇ ਇਸ ਸ਼ਾਨਦਾਰ ਲਾਇਬ੍ਰੇਰੀ ਦੀ ਖੋਜ ਕੀਤੀ। 2003 ਤੋਂ ਉਸਨੇ ਇੱਕ ਮਿੰਨੀ ਲੋਡਰ ਵਿੱਚ ਲਾਇਬ੍ਰੇਰੀ ਸ਼ੁਰੂ ਕੀਤੀ। ਇਸ ਮੋਬਾਈਲ ਲਾਇਬ੍ਰੇਰੀ ਵਿੱਚ 700 ਤੋਂ ਵੱਧ ਕਿਤਾਬਾਂ ਮੌਜੂਦ ਹਨ।

**ਆਈਸ ਕਰੀਮ ਕੱਪ ਲਾਇਬ੍ਰੇਰੀ**

ਇੰਡੋਨੇਸ਼ੀਆ ਦੇ ਬੈਂਡੁੰਗ ਪਿੰਡ ਵਿੱਚ ਬਣੀ ਇਸ ਲਾਇਬ੍ਰੇਰੀ ਵਿੱਚ 2000 ਆਈਸਕ੍ਰੀਮ ਕੱਪ ਹਨ। ਇਹ ਆਈਸਕ੍ਰੀਮ ਕੱਪ ਇਸ ਤਰ੍ਹਾਂ ਨਹੀਂ ਲਗਾਏ ਗਏ ਹਨ। ਇਹ ਕੱਪ ਕੋਡ ਭਾਸ਼ਾ ਵਿੱਚ ਕਹਿ ਰਹੇ ਹਨ ਕਿ ਕਿਤਾਬਾਂ ਦੁਨੀਆਂ ਦੀਆਂ ਖਿੜਕੀਆਂ ਹਨ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205



# ਜੇਠ ਮਹੀਨੇ ਲੱਗੀ 'ਸਾਵਣ ਦੀ ਝੜੀ'

## ਗਲੋਬਲ ਵਾਰਮਿੰਗ ਕਾਰਨ ਬਦਲ ਰਿਹੈ 'ਰੁੱਤਾਂ ਦਾ ਚੱਕਰ'

-ਨਾਨਕਸ਼ਾਹੀ ਕੈਲੰਡਰ ਅਨੁਸਾਰ ਇਸ ਸਮੇਂ 'ਜੇਠ' ਦਾ ਮਹੀਨਾ ਚੱਲ ਰਿਹਾ ਹੈ ਪਰ ਹਰ ਦਿਨ ਬਦਲਦੇ ਮੌਸਮ, ਪੈਂਦੀ ਬਰਸਾਤ, ਅਸਮਾਨ 'ਚ ਚੜ੍ਹਦੀਆਂ ਕਾਲੀਆਂ ਘਟਾਵਾਂ, ਤੇਜ਼ ਹਨੇਰੀਆਂ ਅਤੇ ਵਾਵਰੋਲਿਆਂ ਕਾਰਨ ਜੇਠ ਮਹੀਨੇ ਦੌਰਾਨ ਹੀ ਪੰਜਾਬੀਆਂ ਨੂੰ 'ਸਾਵਣ' ਮਹੀਨੇ ਦਾ ਅਹਿਸਾਸ ਹੋ ਰਿਹਾ ਹੈ। ਇਸ ਵਾਰ ਜੇਠ ਮਹੀਨੇ ਦੌਰਾਨ ਗਰਮ ਲੂੰਆਂ ਚੱਲਣ ਦੀ ਥਾਂ ਸਾਵਣ ਦੇ ਮਹੀਨੇ ਵਾਂਗ ਛਮ ਛਮ ਬਰਸਾਤ ਪੈ ਰਹੀ ਹੈ। ਬੱਦਲਾਂ ਦੀ ਗੜਗੜਾਹਟ ਦੇ ਨਾਲ ਠੰਡੀਆਂ- ਠੰਡੀਆਂ ਤੇ ਸਿੱਲ੍ਹੀਆਂ- ਸਿੱਲ੍ਹੀਆਂ ਹਵਾਵਾਂ ਜਦੋਂ ਰੁਮਕਦੀਆਂ ਹਨ ਤਾਂ ਮੋਰ ਖੁਸ਼ੀ 'ਚ ਪੈਲਾਂ ਪਾਉਣ ਲੱਗਦੇ ਹਨ, ਕੋਇਲ ਮਧੁਰ ਆਵਾਜ਼ ਵਿੱਚ ਗੀਤ ਗਾਉਂਦੀ ਹੈ ਅਤੇ ਚਿੜੀਆਂ ਗੁਟਾਰਾਂ ਦੀ ਚੀਂ ਚੀਂ ਸਭ ਦਾ ਮਨ ਮੋਹ ਲੈਂਦੀ ਹੈ। ਜੇਠ ਮਹੀਨੇ ਦੌਰਾਨ ਲੱਗੀ ਸਾਵਣ ਮਹੀਨੇ ਵਾਲੀ ਬਰਸਾਤ ਦੀ ਝੜੀ ਵੀ ਕਈ ਕੁਝ ਕਹਿ ਰਹੀ ਹੈ, ਜਿਸ ਦੇ ਅਰਥ ਬਹੁਤ ਡੂੰਘੇ ਹਨ। ਅਸਲ ਵਿੱਚ ਇਹ ਸਭ ਕੁੱਝ ਗਲੋਬਲ ਵਾਰਮਿੰਗ/ ਜਲਵਾਯੂ ਤਬਦੀਲੀ ਕਾਰਨ ਹੋ ਰਿਹਾ ਹੈ। ਗਲੋਬਲ ਵਾਰਮਿੰਗ ਕਾਰਨ ਰੁੱਤਾਂ ਦਾ ਚੱਕਰ ਬਦਲ/ ਵਿਗੜ ਰਿਹਾ ਹੈ।



**ਹੁਣ ਸਵਾਲ ਇਹ ਪੈਦਾ ਹੁੰਦੇ ਹਨ ਕਿ ਰੁੱਤਾਂ ਦੇ ਇਸ ਬਦਲਦੇ ਚੱਕਰ ਦਾ ਕਾਰਨ ਕੀ ਹੈ ? ਵਧਦੇ ਤਾਪਮਾਨ ਦੇ ਲੰਬੇ ਸਮੇਂ ਦੇ ਨਤੀਜੇ ਕੀ ਹੋਣਗੇ ? ਤਾਪਮਾਨ ਨੂੰ ਕੰਟਰੋਲ ਕਰਨ ਲਈ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ ?**

ਜੇਠ (ਮਈ -ਜੂਨ ) ਮਹੀਨੇ ਨੂੰ ਆਮ ਤੌਰ 'ਤੇ ਲੂੰਆਂ ਦਾ ਮਹੀਨਾ ਮੰਨਿਆ ਜਾਂਦਾ ਹੈ। ਇਸ ਮਹੀਨੇ ਚੱਲਦੀਆਂ ਗਰਮ ਲੂੰਆਂ ਕਾਰਨ ਖੂਹਾਂ ਦੇ ਪਾਣੀ ਸੁੱਕ ਜਾਂਦੇ ਹਨ ਅਤੇ ਹੋਰ ਜਲ ਸੋਮੇ ਵੀ ਸੁੱਕਣ ਲੱਗਦੇ ਹਨ ਪਰ ਇਸ ਵਾਰ ਜੇਠ ਮਹੀਨੇ ਦੌਰਾਨ ਪੈ ਰਹੀ ਬਰਸਾਤ ਕਾਰਨ ਖੂਹਾਂ ਦਾ ਪਾਣੀ ਸੁੱਕਣ ਦੀ ਥਾਂ ਇਹ ਖੂਹ ਪਾਣੀ ਨਾਲ ਭਰ ਰਹੇ ਹਨ ਅਤੇ ਜਲ ਸੋਮਿਆਂ 'ਚ ਵੀ ਪਾਣੀ ਦਾ ਭੰਡਾਰ ਵੱਧ ਰਿਹਾ ਹੈ, ਹਰ ਪਾਸੇ ਜਲ ਥਲ ਹੋ ਰਹੀ ਹੈ।

ਇਸ ਦਾ ਕਾਰਨ ਇਹ ਹੈ ਕਿ ਆਲਮੀ ਤਪਸ਼ ਕਾਰਨ ਆਈਆਂ ਮੌਸਮੀ ਤਬਦੀਲੀਆਂ ਕਾਰਨ ਰੁੱਤਾਂ ਦਾ ਚੱਕਰ ਵੀ ਬਦਲ ਰਿਹਾ ਹੈ। ਇਸੇ ਸਾਲ ਸਰਦੀਆਂ ਤੋਂ ਬਾਅਦ, ਜਦੋਂ ਬਸੰਤ ਰੁੱਤ ਇੱਕ ਮਹੀਨੇ ਲਈ ਹੋਣੀ ਚਾਹੀਦੀ ਸੀ, ਉਸੇ ਸਮੇਂ ਗਰਮੀਆਂ ਸ਼ੁਰੂ ਹੋ ਗਈਆਂ। ਏਅਰ ਕੰਡੀਸ਼ਨਰ ਮਾਰਚ ਦੇ ਅੱਧ ਤੋਂ ਹੀ ਕੰਮ ਕਰਨ ਲੱਗੇ।

ਹੁਣ ਮਈ ਮਹੀਨੇ ਦੇ ਅੰਤਲੇ ਦਿਨਾਂ ਅਤੇ ਜੂਨ ਮਹੀਨੇ ਦੀ ਸ਼ੁਰੂਆਤ ਦੇ ਦਿਨਾਂ 'ਚ ਬਾਰਸ਼ ਵੀ ਬੇਲੋੜੀ ਹੋ ਰਹੀ ਹੈ। ਪਹਿਲਾਂ ਕਈ-ਕਈ ਦਿਨ ਹਰ ਰੋਜ਼ ਮੀਂਹ ਪੈਂਦਾ ਸੀ, ਹੁਣ ਇਕ ਵਾਰੀ ਹੀ ਮੀਂਹ ਪੈਂਦਾ ਹੈ ਤੇ ਫਿਰ ਕਈ-ਕਈ ਦਿਨ ਮੀਂਹ ਨਹੀਂ ਪੈਂਦਾ। ਇਸ ਸਾਲ ਗਰਮੀਆਂ ਜਲਦੀ ਆ ਗਈਆਂ ਹਨ। ਸਰਦੀਆਂ ਤੋਂ ਬਾਅਦ ਜਦੋਂ ਬਸੰਤ ਰੁੱਤ ਆ ਜਾਣੀ ਸੀ, ਉਸ ਸਮੇਂ ਦਿਨ ਅਤੇ ਰਾਤ ਦਾ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਅਤੇ ਗਰਮੀਆਂ ਸ਼ੁਰੂ ਹੋ ਗਈਆਂ।

ਮੌਸਮ ਵਿਭਾਗ ਦੇ ਅਨੁਮਾਨਾਂ ਮੁਤਾਬਕ ਐਲ ਨੀਨੋ ਦੇ ਪ੍ਰਭਾਵ ਤੋਂ ਬਾਅਦ ਵੀ ਭਾਰਤ ਵਿੱਚ ਮਾਨਸੂਨ ਸੀਜ਼ਨ ਵਿੱਚ ਬਾਰਿਸ਼ ਆਮ ਨਾਲੋਂ 96% ਤੱਕ ਹੋ ਸਕਦੀ ਹੈ। ਹਾਲਾਂ ਕਿ ਪਿਛਲੇ ਕੁਝ ਸਾਲਾਂ ਤੋਂ ਮੌਸਮ ਵਿਭਾਗ ਦੀ ਭਵਿੱਖਬਾਣੀ ਸਹੀ ਰਹੀ ਹੈ ਪਰ ਹੁਣ ਮਾਨਸੂਨ ਅਤੇ ਬਾਰਿਸ਼ ਦੀ ਭਵਿੱਖਬਾਣੀ ਮੁਸ਼ਕਿਲ ਹੁੰਦੀ ਜਾ ਰਹੀ ਹੈ।

ਵਿਗਿਆਨੀ ਕਹਿੰਦੇ ਹਨ ਕਿ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਇਨਸਾਨ ਖੁਦ ਹਨ। ਅਸੀਂ ਸਾਰੀ ਧਰਤੀ ਉੱਤੇ ਗਰਮੀ ਦੇ ਟਾਪੂ ਬਣਾਏ ਹਨ। ਇਹ ਤਾਪ ਟਾਪੂ ਉਹ ਸ਼ਹਿਰ ਹਨ ਜਿੱਥੇ ਸਭ ਤੋਂ ਵੱਧ ਉਦਯੋਗਿਕ ਕਾਰਖ਼ਾਨੇ ਹਨ। ਜਿਵੇਂ ਹੀ ਸੂਰਜ ਚੜ੍ਹਦਾ ਹੈ, ਤਾਪਮਾਨ ਅਚਾਨਕ ਕੁਝ ਸਮੇਂ ਲਈ ਵੱਧ ਜਾਂਦਾ ਹੈ ਅਤੇ ਫਿਰ ਸੂਰਜ ਦੇ ਚੜ੍ਹਦੇ ਹੀ ਵਧਦਾ ਹੈ। ਇੰਨਾ ਹੀ ਨਹੀਂ ਇਨ੍ਹਾਂ ਟਾਪੂਆਂ ਤੋਂ ਸਭ ਤੋਂ ਵੱਧ ਕਾਰਬਨ ਨਿਕਾਸੀ ਹੋ ਰਹੀ ਹੈ। ਇਸ ਤੋਂ ਇਲਾਵਾ ਸੜਕਾਂ 'ਤੇ ਖੜ੍ਹੇ ਵਾਹਨ, ਉਸਾਰੀ ਦਾ ਕੰਮ, ਦਰਖਤਾਂ ਦੀ ਅੰਨ੍ਹੇਵਾਹ ਕਟਾਈ ਆਦਿ ਵੀ ਮੁੱਖ ਕਾਰਨ ਹਨ। ਇਹ ਸਾਰੇ ਕਾਰਨ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਹਨ।

ਵਿਗਿਆਨੀ ਕਹਿੰਦੇ ਹਨ ਕਿ ਗਲੋਬਲ ਵਾਰਮਿੰਗ ਨੂੰ ਗਲੋਬਲ ਤਾਪਮਾਨ ਵਿੱਚ ਵਾਧਾ ਕਿਹਾ ਜਾਂਦਾ ਹੈ। ਗਲੋਬਲ ਵਾਰਮਿੰਗ ਕਾਰਨ ਮੌਸਮ ਵਿੱਚ ਅਨਿਸ਼ਚਿਤ ਤਬਦੀਲੀਆਂ ਆ ਰਹੀਆਂ ਹਨ ਅਤੇ ਮਨੁੱਖਾਂ, ਹੋਰ ਜੀਵ ਜੰਤੂਆਂ ਅਤੇ ਵਾਤਾਵਰਣ ਉੱਤੇ ਸਿੱਧਾ ਮਾੜਾ ਪ੍ਰਭਾਵ ਪੈ ਰਿਹਾ ਹੈ। ਗ੍ਰੀਨਹਾਉਸ ਪ੍ਰਭਾਵ ਗਲੋਬਲ ਵਾਰਮਿੰਗ ਦੁਆਰਾ ਸੰਤੁਲਿਤ ਹੈ। ਇਸ ਵਿੱਚ ਕਾਰਬਨ ਡਾਈਆਕਸਾਈਡ, ਮੀਥੇਨ ਅਤੇ ਜਲ ਵਾਸ਼ਪ ਦੀ ਮਾਤਰਾ ਲੋੜ ਤੋਂ ਵੱਧ ਹੋਣ ਲੱਗਦੀ ਹੈ ਤਾਂ ਧਰਤੀ ਦਾ ਤਾਪਮਾਨ ਵੱਧ ਜਾਂਦਾ ਹੈ। ਗਲੋਬਲ ਵਾਰਮਿੰਗ ਕਾਰਨ ਸਿਹਤ ਸਮੱਸਿਆਵਾਂ ਸਭ ਤੋਂ ਵੱਧ ਵੱਧ ਰਹੀਆਂ ਹਨ। ਜਾਨਵਰਾਂ ਅਤੇ ਪੌਦਿਆਂ ਦੀਆਂ ਕਈ ਕਿਸਮਾਂ ਅਲੋਪ ਹੋ ਗਈਆਂ ਹਨ। ਹੜ੍ਹ ਅਤੇ ਸੁਨਾਮੀ ਵਰਗੀਆਂ ਕੁਦਰਤੀ ਆਫ਼ਤਾਂ ਆਉਂਦੀਆਂ ਹਨ।

ਵਿਗਿਆਨੀਆਂ ਅਨੁਸਾਰ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਸਮੁੰਦਰ ਦਾ ਪੱਧਰ ਵੱਧ ਰਿਹਾ ਹੈ। ਮੌਸਮ ਵਿਭਾਗ ਅਨੁਸਾਰ 1880 ਤੋਂ 2012 ਤੱਕ ਦੇ ਸਮੇਂ ਦੌਰਾਨ ਧਰਤੀ ਦੀ ਸਤਹ ਦੇ ਔਸਤ ਤਾਪਮਾਨ ਵਿੱਚ 0.85 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਸੀ। ਗਲੋਬਲ ਵਾਰਮਿੰਗ ਕਾਰਨ ਕੁਦਰਤ ਬਦਲ ਰਹੀ ਹੈ। ਕਿਤੇ ਜ਼ੋਰਦਾਰ ਮੀਂਹ ਪੈ ਰਿਹਾ ਹੈ, ਕਿਤੇ ਸੁੱਕਾ, ਕਿਤੇ ਗਰਮੀ ਅਤੇ ਕਿਤੇ ਠੰਡ ਹੈ। ਇਕ ਅਧਿਐਨ ਮੁਤਾਬਕ ਇਕ ਸਦੀ ਪਹਿਲਾਂ ਤੱਕ ਅੰਟਾਰਕਟਿਕਾ ਦਾ ਤਾਪਮਾਨ ਮਨਫ਼ੀ 50 ਡਿਗਰੀ ਹੁੰਦਾ ਸੀ।

(ਬਾਕੀ ਸਫ਼ਾ 30 'ਤੇ)

## ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦੇ ਕਾਰਨ



ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਭਾਰਤ ਦੇ ਨਾਲ-ਨਾਲ ਦੁਨੀਆਂ ਭਰ ਦੇ ਦੇਸ਼ਾਂ ਦੇ ਮਾਨਸੂਨ ਨੂੰ ਪ੍ਰਭਾਵਿਤ ਕਰ ਰਹੀ ਹੈ। ਭਾਵੇਂ ਭਾਰਤੀ ਮੌਸਮ ਵਿਗਿਆਨ ਨੇ ਕਾਫ਼ੀ ਤਰੱਕੀ ਕੀਤੀ ਹੈ ਅਤੇ ਇਸ ਦੇ ਅੰਕੜੇ ਅਤੇ ਅਨੁਮਾਨ ਵੀ ਸਹੀ ਹੋ ਰਹੇ ਹਨ, ਪਰ ਫਿਰ ਵੀ ਮੌਸਮ ਦੀ ਭਵਿੱਖਬਾਣੀ ਕਰਨ ਵਿੱਚ ਵੱਧ ਰਹੀ ਮੁਸ਼ਕਲ ਚਿੰਤਾ ਦਾ ਵਿਸ਼ਾ ਹੈ।

### ਡਾਟਾ ਦੇ ਆਧਾਰ 'ਤੇ ਪੂਰਵ ਅਨੁਮਾਨ

ਮੌਸਮ ਵਿਭਾਗ ਮਾਨਸੂਨ ਅਤੇ ਮੀਂਹ ਦੀ ਭਵਿੱਖਬਾਣੀ ਲਈ ਕਈ ਤਰ੍ਹਾਂ ਦੇ ਅੰਕੜਿਆਂ 'ਤੇ ਨਿਰਭਰ ਕਰਦਾ ਹੈ। ਇਸ ਦੇ ਲਈ ਉਹ ਮੌਸਮ ਦੀ ਜਾਣਕਾਰੀ ਦੇਣ ਵਾਲੇ ਇਨਸੈਟ ਸੈਟੇਲਾਈਟ ਦੇ ਡੇਟਾ ਦੀ ਵਿਸ਼ੇਸ਼ ਵਰਤੋਂ ਕਰਦਾ ਹੈ। ਇਨ੍ਹਾਂ ਉਪਗ੍ਰਹਿਆਂ ਨੂੰ ਧਰਤੀ ਦੇ ਜੀਓਸਿੰਕ੍ਰੋਨਸ ਆਰਬਿਟ ਵਿੱਚ ਰੱਖਿਆ ਗਿਆ ਹੈ।

### ਪ੍ਰਭਾਵਿਤ ਕਰਨ ਵਾਲੇ ਕਾਰਕ

ਇਨ੍ਹਾਂ ਅੰਕੜਿਆਂ ਦੀ ਮਦਦ ਨਾਲ ਵਿਗਿਆਨੀ ਬੱਦਲਾਂ ਦੀ ਗਤੀਵਿਧੀ, ਉਨ੍ਹਾਂ ਦੇ ਤਾਪਮਾਨ, ਭਾਫ਼ ਦੀ ਮਾਤਰਾ ਆਦਿ 'ਤੇ ਨਜ਼ਰ ਰੱਖਦੇ ਹਨ ਅਤੇ ਉਨ੍ਹਾਂ ਦੀ ਜਾਣਕਾਰੀ ਇਕੱਠੀ ਕਰਦੇ ਹਨ। ਇਨ੍ਹਾਂ ਸਾਰੇ ਅੰਕੜਿਆਂ ਤੋਂ ਮਾਨਸੂਨ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ ਪਰ ਇਹ ਸਾਰੀ ਜਾਣਕਾਰੀ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਪ੍ਰਭਾਵਿਤ ਹੁੰਦੀ ਹੈ। ਇਸ ਵਿੱਚ ਸਭ ਤੋਂ ਮਹੱਤਵਪੂਰਨ ਕਾਰਕ ਹਨ ਹਿੰਦ ਅਤੇ ਪ੍ਰਸ਼ਾਂਤ ਮਹਾਂਸਾਗਰਾਂ ਦੀਆਂ ਧਾਰਾਵਾਂ ਵਿੱਚ ਬਦਲਾਅ, ਪੱਛਮੀ ਗੜਬੜੀ, ਜਲਵਾਯੂ ਤਬਦੀਲੀ, ਗਲੋਬਲ ਵਾਰਮਿੰਗ ਆਦਿ।

### ਮੌਸਮ ਦੀ ਭਵਿੱਖਬਾਣੀ ਵਿੱਚ ਮੁਸ਼ਕਲਾਂ ਵਧੀਆਂ

ਪਿਛਲੇ ਕੁਝ ਸਮੇਂ ਤੋਂ ਜਲਵਾਯੂ ਪਰਿਵਰਤਨ ਦੇ ਵਿਸ਼ਵ-ਵਿਆਪੀ ਮੌਸਮ ਵਿੱਚ ਅਨਿਸ਼ਚਿਤਤਾ ਵਧ ਗਈ ਹੈ। ਉਦਾਹਰਨ ਲਈ, ਚੱਕਰਵਾਤਾਂ ਦੀ ਗਿਣਤੀ ਅਤੇ ਤੀਬਰਤਾ ਵਧੀ ਹੈ, ਮੌਸਮਾਂ ਦੇ ਤਾਪਮਾਨ ਦੇ ਪੈਟਰਨ ਵਿੱਚ ਬਦਲਾਅ ਆਇਆ ਹੈ। ਇਸ ਲਈ ਐਲ ਨੀਨੋ ਅਤੇ ਲਾ ਨੀਨਾ ਵੀ ਜ਼ਿੰਮੇਵਾਰ ਹਨ। ਅਜਿਹੇ 'ਚ ਮੌਸਮ ਦੀ ਭਵਿੱਖਬਾਣੀ 'ਚ ਮੁਸ਼ਕਿਲਾਂ ਵਧ ਗਈਆਂ ਹਨ।

## ਕਦੇ ਗਰਮੀ- ਕਦੇ ਬਰਸਾਤ

ਪੰਜਾਬ 'ਚ 1 ਜੂਨ ਨੂੰ ਬਰਸਾਤ ਪੈਣ ਤੋਂ ਬਾਅਦ 2,3,4 ਜੂਨ ਨੂੰ ਤੇਜ਼ ਗਰਮੀ ਪਈ, 5 ਜੂਨ ਨੂੰ ਦਿਨ ਵੇਲੇ ਗਰਮੀ ਅਤੇ ਹੁੰਮਸ ਰਹੀ ਪਰ ਰਾਤ ਨੂੰ ਬਰਸਾਤ ਅਤੇ ਗੜ੍ਹੇ ਪਏ। ਇਸ ਤੋਂ ਬਾਅਦ 6 ਜੂਨ ਨੂੰ ਵੀ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਬਰਸਾਤ ਪੈਂਦੀ ਰਹੀ, ਜਿਸ ਕਾਰਨ ਮੌਸਮ ਕਾਫ਼ੀ ਸੋਹਾਵਣਾ ਹੋ ਗਿਆ ਅਤੇ ਪੰਜਾਬੀਆਂ ਨੂੰ ਜੇਠ ਮਹੀਨੇ ਦੌਰਾਨ ਸਾਵਣ ਮਹੀਨੇ ਦਾ ਅਹਿਸਾਸ ਹੁੰਦਾ ਰਿਹਾ।

# 36 ਸਾਲਾਂ ਬਾਅਦ ਮਈ ਰਿਹਾ ਸਭ ਤੋਂ ਠੰਡਾ ਮਹੀਨਾ

ਇੱਕ ਤੋਂ ਬਾਅਦ ਇੱਕ ਵੈਸਟਰਨ ਡਿਸਟਰਬੈਂਸ ਦੇ ਸਰਗਰਮ ਹੋਣ ਕਾਰਨ ਵੀਹ ਸਾਲਾਂ ਵਿੱਚ ਇਸ ਵਾਰ ਮਈ ਮਹੀਨੇ ਵਿੱਚ ਚੌਥੀ ਵਾਰ ਸਭ ਤੋਂ ਵੱਧ ਮੀਂਹ ਦਰਜ ਕੀਤਾ ਗਿਆ ਹੈ। ਸਭ ਤੋਂ ਵੱਧ 165 ਮਿਲੀਮੀਟਰ ਵਰਖਾ ਸਾਲ 2008 ਵਿੱਚ ਦਰਜ ਕੀਤੀ ਗਈ ਸੀ। ਜਦੋਂ ਕਿ ਇਸ ਸਾਲ ਮਈ ਮਹੀਨੇ ਵਿੱਚ 111 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਸੀ। ਮੀਂਹ ਕਾਰਨ ਮਈ ਮਹੀਨੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ 36.8 ਡਿਗਰੀ ਸੈਲਸੀਅਸ ਰਿਹਾ। ਇਸ ਤੋਂ ਪਹਿਲਾਂ ਸਾਲ 1987 ਵਿੱਚ ਮਈ ਮਹੀਨੇ ਇੰਨੀ ਠੰਡੀ ਸੀ ਜਦੋਂ ਮਈ ਮਹੀਨੇ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 36 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਇਸ ਦੇ ਨਾਲ ਹੀ ਦਿੱਲੀ ਵਿੱਚ 36 ਸਾਲਾਂ ਬਾਅਦ ਮਈ ਦਾ ਸਭ ਤੋਂ ਠੰਡਾ ਮਹੀਨਾ ਦਰਜ ਕੀਤਾ



ਗਿਆ ਮਈ ਮਹੀਨੇ ਵਿੱਚ 11 ਦਿਨ ਮੀਂਹ ਪਿਆ। ਪੂਰੇ ਮਹੀਨੇ 'ਚ 111 ਮਿਲੀਮੀਟਰ ਬਾਰਿਸ਼ ਹੋਈ ਹੈ। ਮਈ ਮਹੀਨੇ ਦੇ ਆਖਰੀ ਦਿਨ ਮੀਂਹ ਦਾ ਇਹ ਦੌਰ ਸਵੇਰ ਤੋਂ ਰਾਤ ਤੱਕ ਜਾਰੀ ਰਿਹਾ। ਵੱਖ-ਵੱਖ ਇਲਾਕਿਆਂ 'ਚ ਵੱਖ-ਵੱਖ ਸਮੇਂ 'ਤੇ ਰੁਕ-ਰੁਕ ਕੇ ਮੀਂਹ ਪਿਆ। ਇਸ ਕਾਰਨ ਮਈ ਦੇ ਆਖਰੀ ਦਿਨ ਠੰਡ ਮਹਿਸੂਸ ਕੀਤੀ ਗਈ। ਤੇਜ਼ ਹਵਾਵਾਂ ਅਤੇ ਮੀਂਹ ਕਾਰਨ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਅੱਠ ਡਿਗਰੀ ਵੱਧ ਗਿਆ।

ਮੌਸਮ ਵਿਭਾਗ ਦੇ ਡਿਪਟੀ ਡਾਇਰੈਕਟਰ ਜਨਰਲ ਡਾ.ਕੁਲਦੀਪ ਸ੍ਰੀਵਾਸਤਵ ਨੇ ਦੱਸਿਆ ਕਿ ਇਸ ਵਾਰ ਮਈ ਮਹੀਨੇ ਵਿੱਚ ਹੋਰ ਸਾਲਾਂ ਦੇ ਮੁਕਾਬਲੇ ਮੌਸਮ ਸੁਹਾਵਣਾ ਰਿਹਾ ਹੈ। ਸਾਲ 2014 ਤੋਂ ਬਾਅਦ ਇਸ ਸਾਲ ਮਈ ਮਹੀਨੇ 'ਚ ਗਰਮੀ ਦੀ ਕੋਈ ਲਹਿਰ ਨਹੀਂ ਆਈ ਹੈ। ਇਸ ਦੇ ਨਾਲ ਹੀ ਵੈਸਟਰਨ ਡਿਸਟਰਬੈਂਸ ਦੇ ਪ੍ਰਭਾਵ ਕਾਰਨ ਮੀਂਹ ਪੈ ਰਿਹਾ ਹੈ। ਇਸ ਕਾਰਨ ਮਈ ਮਹੀਨੇ ਦਾ ਔਸਤ ਵੱਧ ਤੋਂ ਵੱਧ ਤਾਪਮਾਨ ਵੀ ਸਿਰਫ਼ 36.8 ਡਿਗਰੀ ਸੈਲਸੀਅਸ ਹੀ ਰਹਿ ਗਿਆ ਹੈ। ਇਸ ਤੋਂ ਪਹਿਲਾਂ ਸਾਲ 1987 ਵਿੱਚ ਮਈ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ 36 ਡਿਗਰੀ ਸੀ।

ਹੁਣ ਜੂਨ ਮਹੀਨੇ ਦੌਰਾਨ 1 ਤੋਂ 2 ਜੂਨ ਤੱਕ 40-50 ਕਿਲੋਮੀਟਰ ਦੀ ਰਫਤਾਰ ਨਾਲ ਤੇਜ਼ ਹਵਾਵਾਂ ਚੱਲੀਆਂ ਅਤੇ ਉੱਤਰੀ ਭਾਰਤ ਦੇ ਕਈ ਇਲਾਕਿਆਂ 'ਚ ਹਲਕੀ ਬਾਰਿਸ਼ ਹੋਈ ਹੈ। 6 ਜੂਨ ਤੱਕ ਬੱਦਲਾਂ ਦੀ ਹਲਚਲ ਕਾਰਨ ਤਾਪਮਾਨ 40 ਡਿਗਰੀ ਤੋਂ ਹੇਠਾਂ ਰਿਹਾ।

### ਵੀਹ ਸਾਲਾਂ ਵਿੱਚ ਚੌਥੀ ਵਾਰ ਮਈ ਵਿੱਚ ਵਧੇਰੇ ਮੀਂਹ ਪਿਆ

| ਸਾਲ | ਦੀ ਬਾਰਿਸ਼ |
|---|---|
| 2008 | 165.0 ਮਿਲੀਮੀਟਰ |
| 2021 | 144.8 ਮਿਲੀਮੀਟਰ |
| 2002 | 129.3 ਮਿਲੀਮੀਟਰ |
| 2023 | 111.0 ਮਿਲੀਮੀਟਰ |

ਮੌਸਮ ਵਿਭਾਗ ਦੇ ਅਨੁਸਾਰ, ਪੰਜਾਬ ਅਤੇ ਦਿੱਲੀ ਨੇ 36 ਸਾਲਾਂ ਬਾਅਦ ਆਪਣਾ ਸਭ ਤੋਂ ਠੰਡਾ ਮਈ ਮਹੀਨਾ ਰਿਕਾਰਡ ਕੀਤਾ, ਇਸ ਵਾਰ ਜ਼ਿਆਦਾ ਬਾਰਸ਼ ਕਾਰਨ ਔਸਤ ਵੱਧ ਤੋਂ ਵੱਧ ਤਾਪਮਾਨ 36.8 ਡਿਗਰੀ ਸੈਲਸੀਅਸ ਰਿਹਾ। ਜਿਸ ਕਾਰਨ ਗਰਮੀ ਦੇ ਦਿਨਾਂ ਦੀ ਗਿਣਤੀ ਵੀ ਘਟ ਗਈ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

7 ਜੂਨ ਤੋਂ 13 ਜੂਨ, 2023

## ਤੀਜੇ ਘੱਲੂਘਾਰੇ ਦੇ ਸ਼ਹੀਦੀ ਸਮਾਗਮ ਵਿੱਚ ਪੁਲਿਸ ਦਾ ਵਧਦਾ ਦਖ਼ਲ

ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਦਿੱਲੀ ਤਖ਼ਤ 'ਤੇ ਕਾਬਜ਼ ਬਿਪਰ ਵੱਲੋਂ ਜੂਨ 1984 ਵਿੱਚ ਹਮਲਾ ਕੀਤਾ ਗਿਆ। ਦਿੱਲੀ ਤਖ਼ਤ ਵੱਲੋਂ ਸਿੱਖਾਂ ਨੂੰ ਸਦਾ ਲਈ ਦਬਾਉਣ ਦੇ ਲਈ ਦੂਸਰੇ ਤਖਤ ਦੀ ਹੈਸੀਅਤ ਵਜੋਂ, ਸਾਲ ਭਰ ਦੀਆਂ ਭਾਰੀ ਤਿਆਰੀਆ ਬਾਅਦ ਅਤੇ ਲੱਖਾਂ ਦੀ ਫ਼ੌਜੀ ਤਾਕਤ ਵਿੱਚ ਹਮਲਾ ਕੀਤਾ ਗਿਆ। ਇਸ ਹਮਲੇ ਵਿੱਚ ਦਿੱਲੀ ਤਖਤ ਦੇ ਬਿਪਰ ਨੇ ਆਪਣੇ ਜਿਹੀ ਤਸੀਰ ਦੇ ਹੋਰ ਵੀ ਤਖਤਾਂ ਨੂੰ ਸ਼ਾਮਲ ਕੀਤਾ ਸੀ। ਸੰਤ ਜਰਨੈਲ ਸਿੰਘ ਜੀ ਨੂੰ ਖ਼ਤਮ ਕਰਨ ਦੇ ਬਹਾਨੇ ਵਜੋਂ ਸ਼ੁਰੂ ਕੀਤੇ ਹਮਲੇ ਦਾ ਪਸਾਰ ਸਿਰਫ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਮਹਿਦੂਦ ਨਹੀਂ ਸੀ, ਬਲਕਿ ਇਹ ਹਮਲਾ ਪੰਜਾਬ ਭਰ ਵਿੱਚ 70 ਤੋਂ ਵੱਧ ਇਤਿਹਾਸਿਕ ਗੁਰਦੁਆਰਿਆਂ ਵਿੱਚ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਹਮਲੇ ਹੇਠ ਸਾਰੇ ਸਿੱਖ ਸਨ, ਦੂਸਰੇ ਮੁਲਕ ਅਤੇ ਉਥੋਂ ਦੀ ਮਹਿਕੂਕ ਉਤੇ ਹਮਲੇ ਵਾਂਙ ਸਿੱਖਾਂ ਨੂੰ ਖਤਮ ਕਰਨ ਅਤੇ ਜ਼ਲੀਲ ਕਰਨ ਦੀ ਕੋਈ ਕਸਰ ਨਹੀਂ ਛੱਡੀ ਗਈ। ਅਜਿਹਾ ਕਰਨ ਦਾ ਕਾਰਨ ਸੀ ਕਿ ਸਿੱਖ ਆਪਣੇ ਤਖਤ ਨਾਲ ਅਤੇ ਉਥੇ ਦੀਆਂ ਰਵਾਇਤਾਂ ਨਾਲ ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਹੇਠ ਜੁੜਨ ਲੱਗੇ ਸਨ। ਉਹਨਾਂ ਦਾ ਮਨ ਦਿੱਲੀ ਤਖ਼ਤ ਦੀ ਗੁਲਾਮੀ ਤੋਂ ਅਜ਼ਾਦ ਹੋ ਕੇ ਸੋਚਣ ਲੱਗਾ ਸੀ। ਇਸੇ ਨੂੰ ਆਪਣੀ ਹੋਂਦ ਲਈ ਖ਼ਤਰਾ ਭਾਂਪਦੇ ਹੋਏ ਦਿੱਲੀ ਤਖ਼ਤ ਨੇ ਅਕਾਲ ਤਖਤ ਸਾਹਿਬ ਤੇ ਹਮਲਾ ਕੀਤਾ। ਸਿੱਖਾਂ ਨੇ ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਵਿੱਚ ਆਪਣੇ ਆਪ ਨੂੰ ਸੁਤੰਤਰ ਫੌਜ ਬਣਾ ਲਿਆ ਸੀ। ਭਾਵੇਂ ਉਹਨਾਂ ਕੋਲ ਦਿੱਲੀ ਤਖ਼ਤ ਦੀ ਫੌਜ ਦੀ ਤਰ੍ਹਾਂ ਫੌਜੀ ਤਾਕਤ ਦੇ ਅਥਾਹ ਸਾਧਨ ਮੌਜੂਦ ਨਹੀਂ ਸਨ, ਤਾਂ ਵੀ ਸਿੱਖਾਂ ਨੇ ਦਿੱਲੀ ਤਖ਼ਤ ਦੀਆਂ ਫੌਜਾਂ ਨੂੰ ਅਵਲ ਦਰਜੇ ਦੀ ਟੱਕਰ ਦਿੱਤੀ। ਸ਼ਸ਼ਤਰ ਅਤੇ ਜੰਗ ਨਾਲ ਸਿੱਖਾਂ ਦਾ ਰੂਹ ਦਾ ਰਿਸ਼ਤਾ ਹੈ। ਜੰਗ ਦੀ, ਸਸ਼ਤਰ ਦੀ, ਇੱਕ ਮਰਿਯਾਦਾ ਹੈ, ਜੂਨ 1984 ਵਿੱਚ ਜੰਗ ਅਤੇ ਸਸ਼ਤਰਾਂ ਦੀ ਮਰਿਯਾਦਾ ਨੂੰ ਕਾਇਮ ਰੱਖਦਿਆਂ ਦਸਮ ਪਾਤਿਸਾਹ ਦੀਆਂ ਫੌਜਾਂ ਨੇ ਲਾਸਾਨੀ ਜੰਗ ਲੜੀ। ਸਿੱਖਾਂ ਦੀ ਟੱਕਰ ਦੇਣ ਦੀ ਸਮਰੱਥਾ ਪਰਖਣ ਵਿਚ ਦਿੱਲੀ ਤਖ਼ਤ ਨੇ ਕੋਈ ਵੱਡਾ ਭੁਲੇਖਾ ਨਹੀਂ ਖਾਧਾ, ਤਾਹੀਂ ਏਨੀ ਵੱਡੀ ਪੱਧਰ 'ਤੇ ਹਮਲਾ ਕੀਤਾ ਗਿਆ। ਜੇਕਰ ਸਰਕਾਰ ਸਿੱਖਾਂ ਨੂੰ ਛੋਟੀ ਚੁਣੌਤੀ ਮੰਨਦੀ ਤਾਂ ਹਮਲਾ ਵੀ ਛੋਟੀ ਪੱਧਰ ਦਾ ਹੀ ਹੁੰਦਾ। ਅਜਿਹੇ ਵਿੱਚ ਸਿੱਖਾਂ ਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਸਿੱਖਾਂ ਦੀ ਹੈਸੀਅਤ ਅਤੇ ਧਾਂਕ ਦਿੱਲੀ ਦੇ ਦਿਲ ਵਿੱਚ ਛੋਟੀ ਨਹੀਂ ਹੈ।

ਇੱਕ ਤਖਤ ਦਾ ਦੂਸਰੇ ਤਖਤ ਨਾਲ ਟਕਰਾਉਣਾ ਤਹਿ ਹੈ, ਜੇਕਰ ਉਹਨਾਂ ਦੇ ਮੁਫ਼ਾਦ ਆਪਸ ਵਿੱਚ ਇੱਕ ਦੂਜੇ ਦੀ ਹੋਂਦ ਉਤੇ ਨਾ ਟਿਕੇ ਹੋਣ। ਸਿੱਖਾਂ ਨੇ ਸੰਨ 1947 ਵਿੱਚ ਅੰਗਰੇਜ਼ਾਂ ਦੇ ਜਾਣ ਵੇਲੇ ਦਿੱਲੀ ਤਖ਼ਤ ਉੱਤੇ ਕਾਬਜ਼ ਬਿਪਰ ਧਿਰਾਂ ਨਾਲ ਸਹਿਯੋਗ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਸੀ। ਜੂਨ 1984 ਤੱਕ ਆਉਂਦਿਆਹਲਾਤ ਇਹ ਬਣ ਗਏ ਕਿ ਸ੍ਰੋਮਣੀ ਅਕਾਲੀ ਦਲ, ਦਿੱਲੀ ਤਖ਼ਤ ਦੀ ਛਾਇਆ ਹੇਠ ਰਹਿਣ ਲੱਗ ਪਿਆ ਅਤੇ ਸਿੱਖੀ ਕਿਰਦਾਰ ਤੋਂ ਬੜਾ ਦੂਰ ਚਲਾ ਗਿਆ। ਸੰਤ ਜਰਨੈਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਦੂਰੀ ਸਿੱਖ ਸਿਧਾਂਤਾਂ ਦੇ ਸਵਾਲ ਉਤੇ ਸੀ। ਸੰਤ ਜਰਨੈਲ ਸਿੰਘ ਗੁਰੂ ਖਾਲਸਾ ਪੰਥ ਦੀ ਲੜਾਈ ਨੂੰ ਨਿਸ਼ਕਾਮ ਹੋਕੇ ਲੜ ਰਹੇ ਸਨ। ਗੁਰੂ ਦੀ ਹਜ਼ੂਰੀ ਵਿੱਚ ਰਹਿੰਦਿਆ ਉਹਨਾਂ ਨੇ ਦੁਨੀਆਵੀ ਪਦਾਰਥਾਂ ਦੀ ਹਿਰਸ ਤੋਂ ਮਨ ਮੋੜ ਲਿਆ ਸੀ। ਉਹ ਅਸਲ ਅਕਾਲੀ ਹੋ ਨਿਬੜੇ ਅਤੇ ਖੁਦ ਨੂੰ ਅਕਾਲੀ ਕਹਾਉਣ ਵਾਲਿਆਂ ਦੀ ਕਾਲਖ ਦੁਨੀਆਂ ਸਾਹਮਣੇ ਉਜਾਗਰ ਕਰ ਦਿੱਤੀ।

ਹੁਣ ਹਰ ਸਾਲ ਸਿੱਖ ਸੰਗਤ ਵੱਡੀ ਗਿਣਤੀ ਵਿੱਚ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਜੁੜਦੀ ਹੈ ਅਤੇ ਸ਼ਹੀਦ ਸਿੰਘਾਂ ਨੂੰ ਯਾਦ ਕਰਦੀ ਹੈ। ਯਾਦ ਰੱਖਣ ਵਿੱਚ ਜੋ ਤਾਕਤ ਹੈ ਉਹ ਤਾਕਤ ਭਵਿੱਖ ਨੂੰ ਇਤਿਹਾਸ ਦੇ ਹਾਣਦਾ ਕਰਨ ਦੇ ਸਮਰੱਥ ਹੁੰਦੀ ਹੈ ਜਿਸ ਕਰਕੇ ਹੁਕਮਰਾਨ ਜਾਂ ਇਤਿਹਾਸ ਦਾ ਗੁਨਾਹਗਾਰ ਇਹ ਕਦੀ ਨਹੀਂ ਚਾਹੁੰਦਾ ਕਿ ਇਹ ਯਾਦ ਬਣੀ ਰਹੇ। ਉਹ ਯਤਨ ਕਰਦਾ ਹੈ ਕਿ ਬੀਤੇ ਨੂੰ ਭੁਲਾ ਦਿੱਤਾ ਜਾਵੇ ਜਾਂ ਯਾਦ ਕਰਨ ਦੀ ਸਕਾਰਾਤਮਿਕਤਾ ਨੂੰ ਖਤਮ ਕਰ ਦਿੱਤਾ ਜਾਵੇ। ਇਸ ਵਕਤ ਤਖਤ ਅਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਪੰਥਕ ਰਵਾਇਤ ਅਨੁਸਾਰ ਨਾ ਹੋਣ ਕਰਕੇ ਹਰ ਸਾਲ ਬਹੁਤ ਕੁਝ ਅਜਿਹਾ ਵਾਪਰ ਜਾਂਦਾ ਹੈ ਜੋ ਅਗਲੀ ਵਾਰ ਲਈ ਹਵਾਲਾ ਬਣ ਕੇ ਅਗਲੇ ਕਿਸੇ ਵੱਡੇ ਗੁਨਾਹ ਨੂੰ ਸੱਦਾ ਦੇ ਜਾਂਦਾ ਹੈ। ਪਿਛਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਦੀਆਂ ਬਹੁਤ ਮਿਸਾਲਾਂ ਹਨ। ਪਿਛਲੇ ਸਾਲਾਂ ਵਿੱਚ ਨਾਹਰੇ ਜਥੇਦਾਰ ਦੇ ਬੋਲਣ ਵਕਤ ਲੱਗਦੇ ਸਨ, ਉਦੋਂ ਹੀ ਕੋਈ ਨਾ ਕੋਈ ਘਟਨਾ ਵਾਪਰਦੀ ਸੀ। ਐਤਕੀਂ ਦੀ ਕਾਹਲ ਨੇ ਤਾਂ ਉਸ ਵੇਲੇ ਦੀ ਉਡੀਕ ਵੀ ਨਹੀਂ ਕੀਤੀ ਸਗੋਂ ਹੁਕਮਨਾਮਾ ਵੀ ਸੁਣਨਾ ਜਰੂਰੀ ਨਹੀਂ ਸਮਝਿਆ, ਪਹਿਲਾਂ ਹੀ ਨਾਹਰੇਬਾਜੀ ਸ਼ੁਰੂ ਕਰ ਦਿੱਤੀ। ਅਗਲੀ ਗੱਲ ਪੁਲਿਸ ਦੇ ਅਮਲ ਦੀ ਹੈ, ਅਸੀਂ ਦੋ ਸਾਲ ਪਹਿਲਾਂ ਵੀ ਲਿਖਿਆ ਸੀ ਕਿ ਪੁਲਿਸ ਦਾ ਨੰਗੇ ਚਿੱਟੇ ਰੂਪ ਵਿੱਚ ਦਖਲ ਬਹੁਤ ਖਤਰਨਾਕ ਹੈ। ਇਸ ਵਾਰ ਗੱਲ ਹੋਰ ਅਗਾਂਹ ਚਲੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੇ ਮੁਲਾਜਮਾਂ ਨੂੰ ਚਿੱਟੇ ਕੱਪੜੇ ਅਤੇ ਕਾਲੀ ਪੱਗ ਜਾਂ ਦੁਪੱਟਾ ਪਹਿਨਣ ਲਈ ਕਿਹਾ ਗਿਆ ਸੀ। ਸਾਰੇ ਮੁਲਾਜਮ ਸਵੇਰੇ ਹੀ ਅਕਾਲ ਤਖਤ ਸਾਹਿਬ ਜਾਣ ਲੱਗ ਪਏ ਸਨ, ਸੰਗਤ ਦੇ ਬੈਠਣ ਦੀ ਸਾਰੀ ਥਾਂ ਹੁਣ ਹਰ ਸਾਲ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦੇ ਮੁਲਾਜਮ ਰੋਕ ਲੈਂਦੇ ਹਨ। ਗੁਰੂ ਦੀ ਹਜੂਰੀ ਵਿੱਚ ਵੀ ਮਨੁੱਖੀ ਮਨ ਆਪਣੀ ਚਤੁਰਾਈ ਕਰਦਾ ਹੈ। ਇਸ ਵਾਰ ਪੁਲਿਸ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਂਙ ਚਿੱਟੇ ਕੱਪੜੇ ਅਤੇ ਕਾਲੀਆਂ ਪੱਗਾਂ ਬੰਨੀਆਂ। ਪੁਲਿਸ ਹੀ ਸਾਰਾ ਪ੍ਰਬੰਧ ਵੇਖ ਰਹੀ ਸੀ, ਕੌਣ ਉੱਪਰ (ਤਖ਼ਤ ਸਾਹਿਬ) ਜਾਏਗਾ ਕੌਣ ਨਹੀਂ ਇਹ ਵੀ ਪੁਲਿਸ ਤੈਅ ਕਰਨ ਲੱਗ ਪਈ ਹੈ। ਉਹ ਪੁਲਿਸ ਜਿਹੜੀ ਕਹਿਣ ਨੂੰ ਹੀ ਪੰਜਾਬ ਦੀ ਹੈ ਪਰ ਹੈ ਅਸਲ ਵਿੱਚ ਇੰਡੀਆ ਦੀ। ਜਿਸ ਮੁਲਕ ਨੇ ਸਾਡੇ ਤਖ਼ਤ ਭੰਨੇ, ਸਾਡੇ ਗੁਰਦੁਆਰਿਆਂ 'ਤੇ ਹਮਲੇ ਕੀਤੇ ਉਹ ਹੀ ਅੱਜ ਸਾਡੇ ਸਮਾਗਮਾਂ ਦਾ ਪ੍ਰਬੰਧ ਵੇਖ ਰਹੇ ਹਨ। ਇਹ ਕਿੰਨੀ ਖਤਰਨਾਕ ਗੱਲ ਹੈ, ਇਸ ਦੀ ਸਾਨੂੰ ਸਮਝ ਹੋਣੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਮਲ ਵੀ ਹੁਣ ਬਣ ਰਹੇ ਇਤਿਹਾਸ ਵਿੱਚ ਦਰਜ ਹੋ ਰਿਹਾ ਹੈ ਕਿ ਇਹਨਾਂ ਸਮਿਆਂ ਵਿੱਚ ਪੰਥ ਦੀ ਮਰਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲੋਂ ਵੱਖਰੀ ਹੈ ਜਿਸ ਕਰਕੇ ਸੰਗਤ ਦੀ ਥਾਂ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇੰਡੀਆ ਦੀ ਪੁਲਸ ਦੇ ਮੁਲਾਜਮ ਬਿਠਾ ਦਿੱਤੇ ਜਾਂਦੇ ਹਨ। ਕਿਸੇ ਵੇਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਗੁਰਦੁਆਰਿਆਂ ਵਿੱਚ ਪੁਲਿਸ ਦਾ ਸ਼ੁਰੂ ਕਰਵਾਇਆ ਅਮਲ ਅੱਜ ਇਸ ਪੜਾਅ 'ਤੇ ਪੁੱਜ ਗਿਆ ਹੈ, ਅੰਦਾਜਾ ਲਾਈਏ ਕਿ ਭਵਿੱਖ ਕਿੰਨਾ ਖਰਨਾਕ ਹੋਵੇਗਾ ? ਸ਼ਹੀਦਾਂ ਨੂੰ ਯਾਦ ਕਰਦਿਆਂ ਇਹ ਸੋਚਣਾ ਅਤੇ ਇਸ 'ਤੇ ਕੰਮ ਕਰਨਾ ਸਾਡਾ ਫਰਜ ਬਣਦਾ ਹੈ। ਗੁਰੂ ਮਿਹਰ ਕਰੇ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਭਾਰਤ ਦੀਆਂ ਚੋਟੀ ਦੀਆਂ ਖੇਡ ਸੰਸਥਾਵਾਂ ਸੰਕਟ ਵਿੱਚ ਕਿਉਂ ?





ਰਣਜੀਤ ਸਿੰਘ ਕੁੱਕੀ ਗਿੱਲ

ਭਾਰਤੀ ਮਹਿਲਾ ਪਹਿਲਵਾਨਾਂ ਦੁਆਰਾ ਉਨ੍ਹਾਂ ਦੇ ਪੁਰਸ਼ ਹਮਰੁਤਬਾਂ ਦੇ ਸਮਰਥਨ ਨਾਲ ਚੱਲ ਰਹੇ ਧਰਨੇ ਨੇ ਭਾਰਤ ਦੀ ਕੁਸ਼ਤੀ ਫੈਡਰੇਸ਼ਨ ਦੇ ਆਲੇ ਦੁਆਲੇ ਕੇਂਦਰਿਤ ਵੱਖ-ਵੱਖ ਮੁੱਦਿਆਂ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਇਸ ਧਰਨੇ ਨੇ ਸਦੀਆਂ ਪੁਰਾਣੀ ਬਹਿਸ 'ਤੇ ਰੌਸ਼ਨੀ ਪਾਈ ਹੈ ਕਿ ਸਪੋਰਟਸ ਸੰਸਥਾਵਾਂ ਦੀ ਅਗਵਾਈ ਕਿਸ ਨੂੰ ਕਰਨੀ ਚਾਹੀਦੀ ਹੈ ? ਭਾਰਤੀ ਕੁਸ਼ਤੀ ਫੈਡਰੇਸ਼ਨ ਪਿਛਲੇ ਸਾਲ ਤੋਂ ਹੀ ਚਰਚਾਵਾਂ ਦਾ ਵਿਸ਼ਾ ਹੈ, ਕਿਉਂਕਿ ਪਹਿਲਵਾਨਾਂ ਨੇ ਇਸ ਦੇ ਮੁਖੀ ਅਤੇ ਇੱਕ ਸ਼ਕਤੀਸ਼ਾਲੀ ਰਾਜਪੂਤ ਨੇਤਾ ਅਤੇ ਬੀਜੇਪੀ ਵੱਲੋਂ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਵਿਰੋਧ ਕੀਤਾ ਗਿਆ ਸੀ। ਜਿਨਸੀ ਸ਼ੋਸ਼ਣ, ਫੰਡਿੰਗ ਅਤੇ ਸਪਾਂਸਰਸ਼ਿਪ ਨਾਲ ਸਬੰਧਿਤ ਦੋਸ਼ ਲਗਾਏ ਗਏ ਅਤੇ ਰੱਦ ਕਰ ਦਿੱਤੇ ਗਏ। ਰਾਸ਼ਟਰੀ ਖੇਡ ਕੋਡ, ਕੇਂਦਰੀ ਖੇਡ ਮੰਤਰਾਲੇ ਦੁਆਰਾ 2011 ਵਿੱਚ ਲਾਗੂ ਕੀਤਾ ਗਿਆ ਸੀ, ਪਰ ਕਈ ਖੇਡ ਸੰਸਥਾਵਾਂ ਨੇ ਅਜੇ ਤੱਕ ਇਸ ਦੀ ਪਾਲਣਾ ਨਹੀਂ ਕੀਤੀ ਹੈ। ਸਪੋਰਟਸ ਕੋਡ ਦਾ ਮੁੱਖ ਉਦੇਸ਼ - ਐਨਐਸਐਫ ਨੂੰ ਚਲਾਉਣ ਸੰਬੰਧੀ ਸਰਕਾਰੀ ਨੋਟੀਫਿਕੇਸ਼ਨਾਂ ਦਾ ਮੇਲ - ਖੇਡ ਪ੍ਰਸ਼ਾਸਕਾਂ ਦੇ ਦਬਦਬੇ ਨੂੰ ਖਤਮ ਕਰਨਾ ਅਤੇ ਖੇਡ ਜਗਤ ਵਿਚੋਂ ਢੁਕਵੀਂ ਪ੍ਰਤੀਨਿਧਤਾ ਨਾਲ ਪਾਰਦਰਸ਼ੀ ਚੋਣਾਂ ਕਰਵਾਉਣਾ ਹੈ।

ਨੈਸ਼ਨਲ ਸਪੋਰਟਸ ਫੈਡਰੇਸ਼ਨ ਆਫ਼ ਇੰਡੀਆ ਖੇਡਾਂ ਦੇ ਢਾਂਚੇ ਦੇ ਅੰਦਰ ਰਾਸ਼ਟਰੀ ਪੱਧਰ 'ਤੇ ਖੇਡਾਂ ਦੇ ਬੁਨਿਆਦੀ ਸਿਧਾਂਤਾਂ ਨੂੰ ਉਤਸ਼ਾਹਿਤ ਕਰਦਾ ਹੈ। ਨੈਸ਼ਨਲ ਸਪੋਰਟਸ ਫੈਡਰੇਸ਼ਨ ਆਫ਼ ਇੰਡੀਆ ਐਥਲੀਟਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਦੇਸ਼ ਵਿੱਚ ਸਾਰੇ ਪ੍ਰੋਗਰਾਮਾਂ ਅਤੇ ਉੱਚ ਪ੍ਰਦਰਸ਼ਨ ਵਾਲੀਆਂ ਖੇਡਾਂ ਲਈ ਖੇਡ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ। ਭਾਰਤ ਦੀਆਂ ਚੋਟੀ ਦੀਆਂ ਖੇਡ ਸੰਸਥਾਵਾਂ ਮੁਸੀਬਤ ਵਿੱਚ ਹਨ। ਇੰਡੀਅਨ ਉਲੰਪਿਕ ਸੰਘ ਜੇਕਰ ਜਲਦੀ ਚੋਣਾਂ ਨਹੀਂ ਕਰਵਾਉਂਦੀ ਤਾਂ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦੁਆਰਾ ਇਸ ਨੂੰ ਮੁਅੱਤਲੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਲ ਇੰਡੀਆ ਫੁੱਟਬਾਲ ਫੈਡਰੇਸ਼ਨ (ਏ.ਆਈ.ਐੱਫ.ਐੱਫ.) 'ਤੇ ਫੀਫਾ ਦੁਆਰਾ ਪਾਬੰਦੀ ਲਗਾਈ ਜਾ ਸਕਦੀ ਹੈ ਜੇਕਰ ਉਹ ਆਪਣੇ ਪ੍ਰਸ਼ਾਸਨ ਨਾਲ ਸਬੰਧਿਤ ਮੁੱਦਿਆਂ ਨੂੰ ਸੁਲਝਾਉਂਦਾ ਨਹੀਂ ਹੈ। ਹਾਕੀ ਇੰਡੀਆ ਵੀ ਮੁਸੀਬਤ ਵਿੱਚ ਹੈ - ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ ਨੇ ਭਾਰਤ ਨੂੰ 2023 ਹਾਕੀ ਵਿਸ਼ਵ ਕੱਪ ਲਈ ਮੇਜ਼ਬਾਨੀ ਦੇ ਅਧਿਕਾਰ ਖੋਹਣ ਦੀ ਧਮਕੀ ਦਿੱਤੀ ਹੈ। ਜਦੋਂ ਭਾਰਤੀ ਖੇਡਾਂ ਦੀ ਗੱਲ ਆਉਂਦੀ ਹੈ ਤਾਂ ਕੀ ਵਿਵਾਦ ਕਦੇ ਪਿੱਛੇ ਰਹਿ ਸਕਦਾ ਹੈ ? 2022, ਇੱਕ ਸਾਲ ਜਿਸ ਨੂੰ ਇਤਿਹਾਸਕ ਰਾਸ਼ਟਰ ਮੰਡਲ ਖੇਡਾਂ ਦੀ ਮੁਹਿੰਮ ਅਤੇ ਕਈ ਵਿਸ਼ਵ ਚੈਂਪੀਅਨਸ਼ਿਪਾਂ ਵਿੱਚ ਦੁਰਲੱਭ ਕਾਰਨਾਮਿਆਂ ਵਜੋਂ ਚਿੰਨ੍ਹਿਤ ਕੀਤਾ ਗਿਆ ਸੀ, ਵਿਆਪਕ ਪ੍ਰਸ਼ਾਸਨਿਕ ਮੁੱਦੇ, ਖੇਡ ਮੈਦਾਨ ਵਿੱਚ ਵਿਵਾਦ ਅਤੇ ਕੁਝ ਅਜੀਬ ਘਟਨਾਵਾਂ ਵੀ ਇਸੇ ਸਾਲ ਦੇ ਹਿੱਸੇ ਆਈਆਂ ਸਨ। ਰਾਸ਼ਟਰੀ ਸਾਈਕਲਿੰਗ ਟੀਮ ਨੂੰ ਸਲੋਵੇਨੀਆ ਵਿੱਚ ਇੱਕ ਸਿਖਲਾਈ ਕੈਂਪ ਤੋਂ ਵਾਪਸ ਬੁਲਾ ਲਿਆ ਗਿਆ ਸੀ ਜਦੋਂ ਇੱਕ ਮਹਿਲਾ ਸਾਈਕਲਿਸਟ ਦੁਆਰਾ ਮੁੱਖ ਰਾਸ਼ਟਰੀ ਕੋਚ ਉੱਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਗਏ ਸਨ। ਸਾਈ ਵੱਲੋਂ ਦੋਸ਼ੀ ਪਾਏ ਜਾਣ ਤੋਂ ਬਾਅਦ ਕੋਚ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਭਾਰਤੀ ਉਲੰਪਿਕ ਸੰਘ ਦੇ ਐਥਲੀਟ ਕਮਿਸ਼ਨ ਦੇ ਮੈਂਬਰ ਓਮ ਪ੍ਰਕਾਸ਼ ਕਰਹਾਨਾ ਹਾਲ ਹੀ ਵਿੱਚ ਪ੍ਰਦਰਸ਼ਨਕਾਰੀ ਪਹਿਲਵਾਨਾਂ ਦੇ ਸਮਰਥਨ ਵਿੱਚ ਸਾਹਮਣੇ ਆਏ, ਜਿਨ੍ਹਾਂ ਨੇ ਡਬਲਯੂਐਫਆਈ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਜਿਨਸੀ ਸ਼ੋਸ਼ਣ ਅਤੇ ਡਰਾਉਣ ਦਾ ਦੋਸ਼ ਲਗਾਇਆ ਸੀ ਅਤੇ ਕਿਹਾ ਕਿ ਆਪਣੇ ਅਧਿਕਾਰਾਂ ਲਈ ਲੜ ਰਹੇ ਅਥਲੀਟਾਂ ਨੂੰ ਨਿਆਂ ਦਿੱਤਾ ਜਾਣਾ ਚਾਹੀਦਾ ਹੈ। 36 ਸਾਲਾ ਕਰਹਾਨਾ, ਸਾਬਕਾ ਰਾਸ਼ਟਰੀ ਰਿਕਾਰਡ ਧਾਰਕ ਸ਼ਾਟ ਪੁਟਰ ਅਤੇ ਏਸ਼ੀਅਨ ਚੈਂਪੀਅਨ, ਨੇ ਕਿਹਾ ਕਿ ਪਹਿਲਵਾਨਾਂ ਦੇ ਦੋਸ਼ਾਂ ਨੂੰ ਗਲੀਚੇ ਹੇਠਾਂ ਲੁਕਾਉਣ ਨਾਲ ਭਾਰਤੀ ਖੇਡ ਨੂੰ ਨੁਕਸਾਨ ਹੋਵੇਗਾ ਕਿਉਂਕਿ ਅਥਲੀਟਾਂ ਦਾ ਸਿਸਟਮ ਵਿੱਚ ਵਿਸ਼ਵਾਸ ਖਤਮ ਹੋ ਜਾਵੇਗਾ। ਔਰਤ ਪਹਿਲਵਾਨਾਂ ਆਪਣੇ ਹੱਕਾਂ ਲਈ ਖੁੱਲ੍ਹੇ ਮੈਦਾਨ ਵਿੱਚ ਨਿੱਤਰ ਆਈਆਂ ਹਨ। ਦੇਸ਼ ਦੀ ਪ੍ਰਣਾਲੀ ਨੂੰ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਸੁਪ੍ਰੀਮ ਕੋਰਟ ਦੇ ਨਿਰਦੇਸ਼ਾਂ ਦੇ ਦਬਾਅ ਹੇਠ ਦਿੱਲੀ ਪੁਲਿਸ ਵੱਲੋਂ ਕੇਸ ਦਰਜ ਕੀਤੇ ਜਾਣ ਦੇ ਬਾਵਜੂਦ ਅਜੇ ਤੱਕ ਕੋਈ ਕਾਰਵਾਈ ਸਾਹਮਣੇ ਨਹੀਂ ਆਈ। 10 ਮੈਂਬਰੀ ਐਥਲੀਟ ਕਮਿਸ਼ਨ ਨੇ 24 ਅਪਰੈਲ ਨੂੰ ਪਹਿਲਵਾਨਾਂ ਵੱਲੋਂ ਮੁੜ ਧਰਨਾ ਸ਼ੁਰੂ ਕਰਨ ਤੋਂ ਬਾਅਦ ਕੋਈ ਸਟੈਂਡ ਨਹੀਂ ਲਿਆ ਹੈ। ਹਾਲਾਂ ਕਿ ਕੁਝ ਮੈਂਬਰਾਂ ਨੇ ਪਹਿਲਵਾਨਾਂ ਨਾਲ ਵਿਅਕਤੀਗਤ ਤੌਰ 'ਤੇ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਹੈ। ਇੱਕ ਸੰਸਥਾ ਵਜੋਂ, ਅਥਲੀਟ ਕਮਿਸ਼ਨ ਨੇ ਇੱਕ ਸਮੂਹਿਕ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਕੁਝ ਵਿਅਕਤੀਗਤ ਮੈਂਬਰਾਂ ਨੇ ਅਜਿਹਾ ਕੀਤਾ ਹੈ।

ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੋਣ ਦੇ ਬਾਵਜੂਦ, ਖੇਡਾਂ ਦੀ ਗੱਲ ਕਰੀਏ ਤਾਂ ਭਾਰਤ ਸਿਖਰ ਦੇ ਨੇੜੇ ਕਿਤੇ ਵੀ ਨਹੀਂ ਹੈ। ਵਾਸਤਵ ਵਿੱਚ, ਕਈ ਛੋਟੇ ਦੇਸ਼ ਹਨ ਜੋ ਉਲੰਪਿਕ ਵਰਗੇ ਵਿਸ਼ਵ ਖੇਡ ਮੁਕਾਬਲਿਆਂ ਵਿੱਚ ਭਾਰਤ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹਨ। ਪ੍ਰਤਿਭਾਸ਼ਾਲੀ ਐਥਲੀਟਾਂ ਦੀ ਘਾਟ ਯਕੀਨੀ ਤੌਰ 'ਤੇ ਇਸ ਦਾ ਕਾਰਨ ਨਹੀਂ ਹੋ ਸਕਦਾ। ਭਾਰਤ 1.4 ਬਿਲੀਅਨ ਤੋਂ ਵੱਧ ਲੋਕਾਂ ਦਾ ਦੇਸ਼ ਹੈ ਅਤੇ ਇਹ ਸਵੀਕਾਰ ਕਰਨਾ ਮੁਸ਼ਕਲ ਹੈ ਕਿ ਭਾਰਤ ਵਿੱਚ ਅੰਤਰਰਾਸ਼ਟਰੀ ਮੰਚ 'ਤੇ ਸਫਲ ਹੋਣ ਲਈ ਖੇਡ ਪ੍ਰਤਿਭਾ ਦੀ ਘਾਟ ਹੈ। ਚੀਜ਼ਾਂ ਹੌਲੀ ਹੌਲੀ ਬਦਲ ਰਹੀਆਂ ਹਨ। ਨੀਰਜ ਚੋਪੜਾ ਵਰਗੇ ਭਾਰਤੀ ਅਥਲੀਟਾਂ ਨੂੰ ਆਪਣੀ ਖੇਡ ਵਿੱਚ ਸਰਵੋਤਮ ਮੰਨਿਆ ਜਾਂਦਾ ਹੈ। ਸਮੱਸਿਆ ਐਥਲੀਟਾਂ ਦੀ ਨਹੀਂ ਬਲਕਿ ਫੈਡਰੇਸ਼ਨਾਂ ਦੀ ਹੈ, ਜੋ ਉਨ੍ਹਾਂ ਨੂੰ ਸੰਚਾਲਿਤ ਕਰਦੇ ਹਨ। ਦੇਸ਼ ਦੀਆਂ ਜ਼ਿਆਦਾਤਰ ਰਾਸ਼ਟਰੀ ਖੇਡ ਫੈਡਰੇਸ਼ਨਾਂ ਸੱਤਾ ਦੇ ਭੁੱਖੇ ਤਜਰਬੇਕਾਰ ਸਿਆਸਤਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਬਹੁਗਿਣਤੀ ਭਾਰਤੀ ਸਿਆਸਤਦਾਨਾਂ ਨੇ ਇਸ ਖੇਤਰ ਵਿੱਚ ਕਿਸੇ ਖਾਸ ਖੇਡ ਲਈ ਆਪਣੇ ਪਿਆਰ ਦੇ ਕਾਰਨ ਨਹੀਂ ਬਲਕਿ ਇਸ ਨਾਲ ਆਉਣ ਵਾਲੇ ਪ੍ਰਭਾਵ ਕਾਰਨ ਪ੍ਰਵੇਸ਼ ਕੀਤਾ ਹੈ। ਇੱਕ ਗੱਲ ਜੋ ਸਿਆਸਤਦਾਨਾਂ ਨੂੰ ਕਰਨਾ ਪਸੰਦ ਨਹੀਂ ਹੈ ਉਹ ਹੈ ਡਬਲਯੂਐਫਆਈ ਦੇ ਮੌਜੂਦਾ ਪ੍ਰਧਾਨ ਵਾਂਗ ਆਪਣੇ ਅਹੁਦੇ ਤੋਂ ਪਾਸੇ ਨਾ ਹੋਣਾ। ਇਸ ਸਮੱਸਿਆ ਨੇ ਦੇਸ਼ ਭਰ ਦੀਆਂ ਵੱਖ-ਵੱਖ ਖੇਡ ਫੈਡਰੇਸ਼ਨਾਂ ਨੂੰ ਘੇਰ ਲਿਆ ਹੈ। ਸਾਬਕਾ ਏਆਈਐਫਐਫ (ਫੁਟਬਾਲ ਫੈਡਰੇਸ਼ਨ) ਦੇ ਪ੍ਰਧਾਨ ਪ੍ਰਫੁੱਲ ਪਟੇਲ, ਨੈਸ਼ਨਲ ਕਾਂਗਰਸ ਪਾਰਟੀ ਦੇ ਇੱਕ ਬਜ਼ੁਰਗ ਸਿਆਸਤਦਾਨ, ਨੂੰ ਮਾਣਯੋਗ ਸੁਪ੍ਰੀਮ ਕੋਰਟ ਨੇ ਜ਼ਬਰਦਸਤੀ ਬਾਹਰ ਦਾ ਦਰਵਾਜ਼ਾ ਦਿਖਾਇਆ। ਪਟੇਲ ਇਕੱਲੇ ਨਹੀਂ ਹਨ। ਕਈ ਹੋਰ ਅਜਿਹੇ ਹਨ ਜੋ ਇਸ ਪ੍ਰਭਾਵ ਹੇਠ ਹਨ ਕਿ ਉਹ ਜੋ ਚਾਹੁਣ ਕਰ ਸਕਦੇ ਹਨ ਅਤੇ ਕੋਈ ਵੀ ਉਨ੍ਹਾਂ ਨੂੰ ਸਵਾਲ ਕਰਨ ਦੀ ਹਿੰਮਤ ਨਹੀਂ ਕਰੇਗਾ।

ਖੇਡ ਮੰਤਰਾਲੇ ਨੇ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ (ਡਬਲਯੂਐਫਆਈ) ਦੇ ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਪਹਿਲਾਂ ਹੀ ਮੁਅੱਤਲ ਕਰ ਦਿੱਤਾ ਹੈ, ਜੋ ਕਿ ਖੇਡ ਸੰਸਥਾ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖ਼ਿਲਾਫ਼ ਜਿਨਸੀ ਸ਼ੋਸ਼ਣ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੇ ਨਤੀਜੇ ਵਜੋਂ ਮੁਅੱਤਲ ਕੀਤਾ ਗਿਆ ਹੈ। ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਵਿਨੇਸ਼ ਸਮੇਤ ਦੇਸ਼ ਦੇ ਕੁਝ ਚੋਟੀ ਦੇ ਪਹਿਲਵਾਨਾਂ, ਫੋਗਾਟ, ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਰਵੀ ਦਹੀਆ, ਦੁਆਰਾ ਸ਼ਰਨ ਅਤੇ ਉਸ ਦੀ ਸੰਸਥਾ ਖ਼ਿਲਾਫ਼ ਲਗਾਏ ਗਏ ਦੋਸ਼ਾਂ ਦੀ ਜਾਂਚ ਲਈ ਇੱਕ ਨਿਗਰਾਨੀ ਕਮੇਟੀ ਦਾ ਗਠਨ ਕੀਤਾ ਹੈ। ਪੀੜਤ ਪਹਿਲਵਾਨਾਂ ਨੇ ਦੋਸ਼ ਲਾਇਆ ਸੀ ਕਿ ਤੋਮਰ ਐਥਲੀਟਾਂ ਤੋਂ ਰਿਸ਼ਵਤ ਲੈਂਦਾ ਸੀ ਅਤੇ ਵਿੱਤੀ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਸੀ, ਜਿਸ ਨਾਲ ਉਹ ਕਰੋੜਾਂ ਦੀ ਜਾਇਦਾਦ ਬਣਾਉਣ ਵਿੱਚ ਸਫਲ ਹੋਇਆ ਸੀ। ਮੰਤਰਾਲੇ ਦੀ ਨਿਗਰਾਨ ਕਮੇਟੀ ਨੂੰ ਫੈਡਰੇਸ਼ਨ ਦੇ ਰੋਜ਼ਾਨਾ ਦੇ ਮਾਮਲਿਆਂ ਦੀ ਨਿਗਰਾਨੀ ਕਰਨ ਦੇ ਨਾਲ-ਨਾਲ ਭਾਰਤੀ ਕੁਸ਼ਤੀ ਨਾਲ ਸਬੰਧਿਤ ਮਾਮਲਿਆਂ 'ਤੇ ਸਾਰੇ ਫੈਸਲੇ ਲੈਣ ਦੇ ਅਧਿਕਾਰ ਹੋਣਗੇ। ਡਬਲਯੂਐਫਆਈ ਨੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਸੀ, ਜਿਸ ਵਿੱਚ ਇਸ ਦੇ ਪ੍ਰਧਾਨ ਦੇ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ ਵੀ ਸ਼ਾਮਲ ਸਨ, ਅਤੇ ਦਾਅਵਾ ਕੀਤਾ ਗਿਆ ਸੀ ਕਿ ਪਹਿਲਵਾਨਾਂ ਦਾ ਵਿਰੋਧ ਮੌਜੂਦਾ ਪ੍ਰਬੰਧਨ ਨੂੰ ਹਿਲਾਉਣ ਦੇ ਲੁਕਵੇਂ ਏਜੰਡੇ ਦੁਆਰਾ ਪ੍ਰੇਰਿਤ ਸੀ।

ਉਲੰਪਿਕ ਵਿੱਚ ਭਾਰਤ ਦਾ ਬੇਹੱਦ ਖ਼ਰਾਬ ਪ੍ਰਦਰਸ਼ਨ ਕੋਈ ਨਵੀਂ ਗੱਲ ਨਹੀਂ ਹੈ। ਭਾਰਤ ਕ੍ਰਿਕੇਟ ਤੋਂ ਇਲਾਵਾ ਕਿਸੇ ਵੀ ਖੇਡ ਵਿੱਚ ਪ੍ਰਤੀਯੋਗੀ ਧਾਰ ਵਾਲੇ ਖਿਡਾਰੀਆਂ ਨੂੰ ਬਣਾਉਣ ਵਿੱਚ ਲਗਾਤਾਰ ਅਸਫਲ ਰਿਹਾ ਹੈ। ਇੱਥੋਂ ਤੱਕ ਕਿ

(ਬਾਕੀ ਸਫ਼ਾ 30 'ਤੇ)

# ਰਾਜਸ਼ਾਹੀ ਵਿੱਚ ਬਦਲਿਆ ਜਾ ਰਿਹੈ ਭਾਰਤੀ ਲੋਕ-ਤੰਤਰ ਨੂੰ



ਪੱਤਰਕਾਰ ਆਸ਼ੂਤੋਸ਼



ਕੁਝ ਦਿਨ ਪਹਿਲਾਂ ਕੋਈ ਪੁੱਛਦਾ ਸੀ ਕਿ ਇਹ ਸੇਂਗੋਲ ਕੀ ਹੈ ਤਾਂ ਲੋਕ ਜਾਂ ਤਾਂ ਅਸਮਾਨ ਵੱਲ ਦੇਖਦੇ ਸਨ ਜਾਂ ਪੁੱਛਣ ਵਾਲੇ ਦੇ ਸਵਾਲ ’ਤੇ ਹੱਸਦੇ ਸਨ। ਪਰ ਇਸ ਵੇਲੇ ਪੂਰਾ ਭਾਰਤ ਸੇਂਗੋਲ ਦੀ ਜਕੜ ਵਿੱਚ ਹੈ। ਸਾਰਾ ਦੇਸ਼ ਹਰ ਗੱਲ ਤੋਂ ਧਿਆਨ ਹਟਾ ਕੇ ਇਸ ਚਰਚਾ ਵਿੱਚ ਲੱਗਾ ਹੋਇਆ ਹੈ ਕਿ ਜੇ ਸੇਂਗੋਲ ਪਾਰਲੀਮੈਂਟ ਵਿੱਚ ਨਾ ਲੱਗਦਾ ਤਾਂ ਹਿੰਦੂ ਸਭਿਅਤਾ ਵਿੱਚ ਕਿੰਨੀ ਕੁ ਗਿਰਾਵਟ ਆ ਜਾਂਦੀ। ਗੈਰ ਮੁੱਦੇ ਨੂੰ ਫਿਰਕੂ ਰਾਸ਼ਟਰਵਾਦ ਦਾ ਜਾਮਾ ਪਵਾਕੇ ਲਗਾਤਾਰ ਡੁਬਕੀਆਂ ਲਗਵਾਉਣ ਲਈ ਮਜਬੂਰ ਕਰਨਾ ਮੋਦੀ ਸਰਕਾਰ ਦੀ ਵਿਸ਼ੇਸ਼ਤਾ ਹੈ। ਲੋਕਾਂ ਦਾ ਅਸਲ ਮੁੱਦਿਆਂ ਤੋਂ ਲਗਾਤਾਰ ਧਿਆਨ ਭਟਕਾਉਣ ਵਿੱਚ ਮਾਹਿਰ ਪ੍ਰਧਾਨ ਮੰਤਰੀ ਮੋਦੀ ਦੀ ਡਰੇ ਹੋਏ ਅਤੇ ਗੋਦੀ ਮੀਡੀਆ ਰਾਹੀਂ ਮਿਥਕ-ਬਿਰਤਾਂਤ ਘੜਨ ਦੀ ਇਹ ਇੱਕ ਨਵੀਂ ਸਿਆਸੀ ਖੇਡ ਹੈ ਤਾਂ ਜੋ ਨੌਂ ਸਾਲਾਂ ਬਾਅਦ ਕੋਈ ਇਹ ਸਵਾਲ ਨਾ ਪੁੱਛੇ ਕਿ ਆਮ ਆਦਮੀ ਦੀ ਆਮਦਨ ਕਿਉਂ ਘਟ ਰਹੀ ਹੈ? ਮਹਿੰਗਾਈ ਅਤੇ ਬੇਰੁਜ਼ਗਾਰੀ ਅਸਮਾਨੀ ਕਿਉਂ ਛਾ ਰਹੀ ਹੈ? ਧਰਮ ਦੇ ਨਾਂ ’ਤੇ ਸਮਾਜ ਨੂੰ ਕਿਉਂ ਵੰਡਿਆ ਜਾ ਰਿਹਾ ਹੈ? ਅਤੇ ਆਸਟ੍ਰੇਲੀਆ ਵਿਚ ਪ੍ਰਧਾਨ ਮੰਤਰੀ ਦੀ ਰੈਲੀ ਦਾ ਫਾਇਦਾ ਕਿਸ ਨੂੰ ਹੋਇਆ ?

ਅਸਲ ਵਿੱਚ ਹਰ ਸਮਾਜ ਵਿੱਚ ਅਜਿਹਾ ਹੁੰਦਾ ਹੈ ਜਦੋਂ ਆਮ ਲੋਕ ਪੁਰਾਣੀਆਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਤੋਂ ਅੱਕ ਜਾਂਦੇ ਹਨ ਜਾਂ ਮੌਜੂਦਾ ਸਰਕਾਰਾਂ ਉਨ੍ਹਾਂ ਦੀਆਂ ਖ਼ਾਹਸ਼ਾਂ ’ਤੇ ਖਰੀ ਨਹੀਂ ਉੱਤਰਦੀਆਂ ਤਾਂ ਉਹ ਬਦਲਾਂ ਦੀ ਭਾਲ ਵਿਚ ਨਿਕਲ ਜਾਂਦੇ ਹਨ। ਭਾਰਤ ਵੀ ਇਸ ਤੋਂ ਅਲਗ ਨਹੀਂ ਹੈ। 2014 ਤੱਕ ਕਾਂਗਰਸ ਸਰਕਾਰ ਦੀਆਂ ਗਲਤੀਆਂ ਕਾਰਨ ਲੋਕ ਨਵੇਂ ਨੇਤਾ, ਨਵੀਂ ਪਾਰਟੀ ਅਤੇ ਨਵੇਂ ਵਿਚਾਰ ਦੀ ਤਲਾਸ਼ ਵਿੱਚ ਸਨ। ਡਾਕਟਰ ਮਨਮੋਹਨ ਸਿੰਘ ਨੂੰ ਠੁਕਰਾਉਣ ਦੇ ਚੱਕਰ ਵਿੱਚ ਉਨ੍ਹਾਂ ਨੇ ਮੋਦੀ ਨੂੰ ਅਪਣਾ ਲਿਆ। ਉਹ ਮੋਦੀ ਜੋ ਪ੍ਰਚਾਰ ਦਾ ਮਾਸਟਰ ਹੈ, ਨੇ ਨਵੇਂ ਭਾਰਤ ਦਾ ਸੁਪਨਾ ਵੇਚ ਦਿੱਤਾ। ਆਰ.ਐਸ.ਐਸ. ਅਤੇ ਭਾਜਪਾ ਨੇ ਆਪਣੀ ਜਥੇਬੰਦਕ ਸਮਰੱਥਾ ਅਤੇ ਮੀਡੀਆ ਵਿੱਚ ਬੈਠੇ ਆਪਣੇ ਲੋਕਾਂ ਰਾਹੀਂ ਉਸ ਸੁਪਨੇ ਨੂੰ ਲੋਕਾਂ ਤੱਕ ਪਹੁੰਚਾਇਆ। ਲੋਕਾਂ ਨੇ ਮੋਦੀ ਵਿੱਚ ਇੱਕ ਨਵਾਂ ਜਨ ਨਾਇਕ ਦੇਖਿਆ। ਜਿਵੇਂ ਦਿੱਲੀ ਦੇ ਲੋਕਾਂ ਨੇ ਅਰਵਿੰਦ ਕੇਜਰੀਵਾਲ ਵਿੱਚ ਇੱਕ ਨਵਾਂ ਮਸੀਹਾ ਦੇਖਿਆ ਸੀ।

ਦੋਵੇਂ ਪੁਰਾਣਿਆਂ ਤੋਂ ਅੱਕ ਚੁੱਕੇ ਭਾਰਤੀਆਂ ਦੀ ਪਸੰਦ ਹਨ। ਅਤੇ ਦੋਵੇਂ ਹੀ ਉਸ ਰਾਜਨੀਤਿਕ ਪਰੰਪਰਾ ਤੋਂ ਨਹੀਂ ਆਉਂਦੇ ਹਨ ਜੋ ਆਜ਼ਾਦੀ ਤੋਂ ਬਾਅਦ ਦੀ ਰਵਾਇਤੀ ਰਾਜਨੀਤੀ ਤੋਂ ਪ੍ਰਗਟ ਹੋਏ ਸਨ। ਦੋਵੇਂ ਆਪੋ-ਆਪਣੇ ਤਰੀਕੇ ਨਾਲ ਰਵਾਇਤੀ ਢਾਂਚੇ ਵਿਰੁੱਧ ਵਧ ਰਹੀ ਬੇਚੈਨੀ ਦਾ ਨਤੀਜਾ ਹਨ। ਦੋਵਾਂ ਦੀ ਰਾਜਨੀਤੀ ਲੋਕਾਂ ਦੇ ਪ੍ਰਤੀਕਰਮ ਵਿਚੋਂ ਜਨਮੀ ਹੈ। ਭਾਰਤੀ ਸਮਾਜ ਦੀ ਕੋਈ ਸਥਾਈ ਭਾਵਨਾ ਨਹੀਂ ਹੈ, ਨਾ ਹੀ ਉਹ ਉੱਚ ਪੱਧਰ ਦੀ ਸਮਾਜ ਪੱਖੀ ਰਾਜਨੀਤੀ ਬਾਰੇ ਸੋਚਦੇ ਹਨ । ਭਾਰਤੀ ਲੋਕ ਭਰਮ ਦੀ ਰਾਜਨੀਤੀ ਵਿੱਚ ਫਸਦੇ ਹਨ ਤੇ ਨਤੀਜੇ ਵਜੋਂ ਨਿਰਾਸ਼ਾ ਝੱਲਦੇ ਹਨ। ਅਜਿਹੀ ਬਦਲਾਅ ਵਾਲੀ ਰਾਜਨੀਤੀ ਵਿੱਚ ਡੂੰਘੀ ਗੜਬੜੀ ਹੋਣੀ ਸੁਭਾਵਿਕ ਹੈ ਜੋ ਲੋਕਾਂ ਨੂੰ ਨਿਰਾਸ਼ ਕਰਦੀ ਹੈ। ਇਸ ਸਮੇਂ ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸਾਫ਼ ਨਜ਼ਰ ਆ ਰਿਹਾ ਹੈ। ਭਾਰਤ ਨਾਮ ਦਾ ਵਿਚਾਰ ਪਹਿਲਾਂ ਇਕ ਸੀ। ਹੁਣ ਭਾਰਤ ਹਿੰਦੂ ਅਤੇ ਮੁਸਲਮਾਨ ਵਿੱਚ ਵੰਡਿਆ ਹੋਇਆ ਹੈ। ਇਹ ਉਹ ਕੰਮ ਹੈ ਜੋ ਆਰਐਸਐਸ ਕਾਫ਼ੀ ਅਰਸੇ ਤੋਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਅੱਜ ਇਹ ਕਾਮਯਾਬ ਹੈ , ਕਿਉਂਕਿ ਇਸ ਨੂੰ ਚੁਣੌਤੀ ਦੇਣ ਵਾਲੀਆਂ ਕਦਰਾਂ-ਕੀਮਤਾਂ ਵਾਲੀ ਰਾਜਨੀਤੀ ਦੀ ਅਣਹੋਂਦ ਹੈ।

ਇਹ ਬੇਕਾਰਨ ਨਹੀਂ ਹੈ ਕਿ ਹਿੰਦੂਆਂ ਨੂੰ ਇਕਜੁੱਟ ਕਰਨ ਦਾ ਦਾਅਵਾ ਕਰਨ ਵਾਲੀ ਭਾਜਪਾ ਯੂਪੀ ਵਿੱਚ ਦਲਿਤਾਂ ਨੂੰ ਜਾਟਵਾਂ ਅਤੇ ਗੈਰ-ਜਾਟਵਾਂ ਵਿੱਚ ਵੰਡਦੀ ਹੈ। ਪਛੜੀਆਂ ਸ਼੍ਰੇਣੀਆਂ ਨੂੰ ਯਾਦਵ ਅਤੇ ਗੈਰ-ਯਾਦਵ ਵਿੱਚ ਵੰਡਦੀ ਹੈ। ਹਰਿਆਣਾ ਵਿੱਚ ਜਾਟ ਬਨਾਮ ਗੈਰ-ਜਾਟ ਰਾਜਨੀਤੀ ਚੱਲ ਰਹੀ ਹੈ। ਜਿਵੇਂ ਝਾਰਖੰਡ ਵਿੱਚ ਕਬਾਇਲੀ ਬਨਾਮ ਗੈਰ ਕਬਾਇਲੀ ਦਾ ਖੇਡ ਚਲਦਾ ਹੈ। ਜਾਂ ਮਨੀਪੁਰ ਵਿੱਚ ਇਹ ਮੈਤਈ ਅਤੇ ਕੂਕੀ ਨੂੰ ਵੱਖ ਕਰਕੇ ਦੇਖਦੀ ਹੈ। ਅਜਿਹਾ ਨਹੀਂ ਹੈ ਕਿ ਪਹਿਲਾਂ ਅਜਿਹਾ ਨਹੀਂ ਹੁੰਦਾ ਸੀ। ਹਿੰਦੂ ਸਮਾਜ ਸਦੀਆਂ ਤੋਂ ਵੱਖ-ਵੱਖ ਜਾਤਾਂ ਵਿੱਚ ਵੰਡਿਆ ਹੋਇਆ ਸੀ। ਬਾਬਾ ਸਾਹਿਬ ਅੰਬੇਡਕਰ ਹਿੰਦੂ ਸਮਾਜ ਬਾਰੇ ਕਿਹਾ ਕਰਦੇ ਸਨ ਕਿ ਵਰਨ ਆਸ਼ਰਮ ਨਾਲ ਜੁੜੀ ‘ਦਰਜੇਬੰਦੀ ਅਸਮਾਨਤਾ’ ਹੀ ਹਿੰਦੂ ਸਮਾਜ ਦੀ ਪਛਾਣ ਹੈ।

ਕਾਂਗਰਸ ਨੇ ਵੀ ਵੋਟ ਬੈਂਕ ਦੇ ਨਾਂ ’ਤੇ ਬ੍ਰਾਹਮਣਾਂ, ਦਲਿਤਾਂ ਅਤੇ ਮੁਸਲਮਾਨਾਂ ਦਾ ਵੋਟ ਬੈਂਕ ਤਿਆਰ ਕੀਤਾ ਸੀ ਪਰ ਉਸ ਵਿੱਚ ਕੋਈ ਨਫ਼ਰਤ ਨਹੀਂ ਸੀ। ਭਾਜਪਾ ਨੇ ਨਫ਼ਰਤ ਨੂੰ ਹਥਿਆਰ ਬਣਾ ਲਿਆ ਹੈ। ਸਮਾਜ ਵਿੱਚ ਬਹੁਤ ਹੀ ਅਨੈਤਿਕ ਤਰੀਕੇ ਨਾਲ ਜ਼ਹਿਰ ਫੈਲਾਇਆ ਜਾ ਰਿਹਾ ਹੈ। ਜਿਹੜੇ ਲੋਕ ਹਿੰਦੂਆਂ ਨੂੰ ਇਕਜੁੱਟ ਕਰਨ ਦੀ ਗੱਲ ਕਰਦੇ ਸਨ, ਉਹ ਬੜੇ ਅਜੀਬ ਤਰੀਕੇ ਨਾਲ ਜਾਤਾਂ ਅੰਦਰ ਦੀਵਾਰਾਂ ਖੜ੍ਹੀਆਂ ਕਰ ਰਹੇ ਹਨ। ਵੱਖ-ਵੱਖ ਧਰਮਾਂ ਅਤੇ ਜਾਤਾਂ ਵਿੱਚ ਬੁਰੀ ਤਰ੍ਹਾਂ ਵੰਡਿਆ ਹੋਇਆ ਭਾਰਤ ਮੋਦੀ ਸਰਕਾਰ ਦੇ ਨੌਂ ਸਾਲਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ, ਜਿਸ ਨੂੰ ਇੱਕਜੁੱਟ ਹੋਣ ਵਿੱਚ ਲੰਮਾ ਸਮਾਂ ਲੱਗੇਗਾ ਅਤੇ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ।

ਪਿਛਲੇ ਬੀਤੇ ਸਾਲਾਂ ਦੌਰਾਨ ਭਾਰਤ ਵਿੱਚ ਲੋਕ-ਤੰਤਰ ਬਹੁਤ ਕਮਜ਼ੋਰ ਹੋਇਆ ਹੈ। ਸਰਕਾਰ ਦੀ ਜਨਤਾ ਪ੍ਰਤੀ ਜਵਾਬਦੇਹੀ ਲਗਭਗ ਖਤਮ ਹੋ ਚੁੱਕੀ ਹੈ। ਹੁਣ ਲੋਕ-ਤੰਤਰ ਦਾ ਅਰਥ ਸਿਰਫ਼ ਚੋਣਾਂ ਲੜਨਾ ਅਤੇ ਜਿੱਤਣਾ ਹੈ। ਇਸ ਲੋਕ-ਤੰਤਰ ਦੀ ਇੱਕੋ ਇੱਕ ਵਿਸ਼ੇਸ਼ਤਾ ਸੰਸਦ ਵਿੱਚ ਬਹੁਮਤ ਹਾਸਲ ਕਰਨਾ ਹੈ। ਸੱਤਾ ਵਿੱਚ ਬੈਠੇ ਲੋਕ ਇਹ ਭੁੱਲ ਰਹੇ ਹਨ ਕਿ ਸੰਸਦ ਸਿਰਫ਼ ਸੰਸਦ ਮੈਂਬਰ ਚੁਣਨ ਦਾ ਨਾਂ ਨਹੀਂ ਹੈ। ਦੇਸ਼ ਦੇ ਮੁੱਦਿਆਂ ’ਤੇ ਬਹਿਸ ਕਰਨਾ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਜਵਾਬਦੇਹੀ ਤੈਅ ਕਰਨਾ ਸੰਸਦ ਦਾ ਅਸਲ ਕੰਮ ਹੈ। ਬਹੁਗਿਣਤੀ ਦੀ ਸਰਕਾਰ ਨੂੰ ਤਾਨਾਸ਼ਾਹ ਨਹੀਂ ਬਣਨਾ ਚਾਹੀਦਾ, ਘੱਟ ਗਿਣਤੀ ਨੂੰ ਕੁਚਲਨਾ ਨਹੀਂ ਚਾਹੀਦਾ, ਇਸ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਾਉਣਾ ਚਾਹੀਦਾ ਹੈ, ਇਹ ਕੰਮ ਹੁਣ ਸੰਸਦ ਨਹੀਂ ਕਰਦੀ। ਪ੍ਰਧਾਨ ਮੰਤਰੀ ਕਦੇ ਵੀ ਸੰਸਦ ਮੈਂਬਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਨਹੀਂ ਦਿੰਦੇ। ਮੰਤਰੀ ਸਵਾਲਾਂ ਦੇ ਜਵਾਬ ਵਿੱਚ ਵਿਰੋਧੀ ਸੰਸਦ ਮੈਂਬਰਾਂ ਦਾ ਮਜ਼ਾਕ ਉਡਾਉਂਦੇਹਨ ਅਤੇ ਉਨ੍ਹਾਂ ਦੀ ਦੇਸ਼ ਭਗਤੀ ’ਤੇ ਸਵਾਲ ਉਠਾਉਂਦੇ ਹਨ। ਸੰਸਦ ਆਮ ਸਹਿਮਤੀ ਬਣਾਉਣ ਦਾ ਮੰਚ ਹੁੰਦਾ ਸੀ। ਹੁਣ ਇਹ ਖੰਡਿਤ ਵਿਸ਼ਵਾਸ ਦਾ ਕੇਂਦਰ ਬਣ ਗਿਆ ਹੈ। ਸੰਸਦ ਹੁਣ ਸਵਾਲ ਹੱਲ ਕਰਨ ਦੀ ਬਜਾਏ ਉਲਝਾਉਣ ਦਾ ਕੰਮ ਕਰਦਾ ਹੈ। ਅਜਿਹੀ ਸਥਿਤੀ ਵਿੱਚ ਜਦੋਂ ਨਵੀਂ ਸੰਸਦ ਦਾ ਉਦਘਾਟਨ ਵਿਵਾਦਾਂ ਵਿੱਚ ਘਿਰ ਗਿਆ, ਤਾਂ ਇੰਨੀ ਹੈਰਾਨੀ ਕਿਉਂ!

ਕਿਉਂਕਿ ਸਰਕਾਰ ਨੇ ਸੰਸਦ ਨੂੰ ਪ੍ਰਧਾਨ ਮੰਤਰੀ ਦੀ ਜਾਗੀਰ ਬਣਾਇਆ ਹੈ, ਇਸ ਲਈ ਇਸ ਦੇ ਉਦਘਾਟਨ ਵਿੱਚ ਨਾ ਤਾਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਨਾ ਹੀ ਉਪ ਰਾਸ਼ਟਰਪਤੀ ਜਗਦੀਪ ਧਨਖੜ ਲਈ ਜਗ੍ਹਾ ਸੀ। ਵਿਰੋਧ ਵੀ ਨਹੀਂ ਹੋਇਆ। ਅਜਿਹੇ ਵਿਚ ਜਿਸ ਇਮਾਰਤ ਦਾ ਉਦਘਾਟਨ ਕੀਤਾ ਜਾ ਰਿਹਾ ਸੀ, ਉਹ ਸੰਸਦ ਕਿਵੇਂ ਬਣ ਗਈ?

ਸੰਸਦ ਇੱਟਾਂ-ਰੋੜਿਆਂ ਦੀ ਇਮਾਰਤ ਨਹੀਂ ਹੈ। ਇਹ ਦੇਸ਼ ਦੇ ਲੋਕ-ਤੰਤਰ ਦੀ ਆਤਮਾ ਦਾ ਨਾਮ ਹੈ। ਵਿਰੋਧੀ ਧਿਰ ਤੋਂ ਬਿਨਾਂ ਲੋਕ-ਤੰਤਰ ਨਹੀਂ ਹੈ। ਵਿਰੋਧੀਆਂ ਧਿਰ ਬਿਨਾਂ ਸੰਸਦ ਨੂੰ ਤਾਨਾਸ਼ਾਹੀ ਤੰਤਰ ਕਿਹਾ ਜਾਂਦਾ ਹੈ। ਜੇਕਰ ਇਹ ਪਲ ਏਨਾ ਹੀ ਇਤਿਹਾਸਕ ਹੈ ਜਿੰਨਾ

(ਬਾਕੀ ਸਫ਼ਾ 30 ’ਤੇ)

# ਪੰਜਾਬ ਦੀ ਸਿਆਸਤ ’ਚ ਬਣਨ ਲੱਗੇ ਨਵੇਂ ਸਮੀਕਰਨ

## ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਦੀ ‘ਜ਼ਫੀ’ ਕਾਰਨ ਕਿਆਸ ਅਰਾਈਆਂ ਦਾ ਦੌਰ ਸ਼ੁਰੂ

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀ ਸਿਆਸਤ ’ਚ ਅੱਜ ਕੱਲ ਨਵੇਂ ਸਮੀਕਰਨ ਬਣਦੇ ਜਾ ਰਹੇ ਹਨ। ਜਲੰਧਰ ਵਿਖੇ ਕਾਂਗਰਸ ਵੱਲੋਂ ਸੱਦੀ ਗਈ ਸਿਆਸੀ ਪਾਰਟੀਆਂ ਦੀ ਮੀਟਿੰਗ ਦੌਰਾਨ ਲੰਬੇ ਸਮੇਂ ਤੋਂ ਸਿਆਸੀ ਵਿਰੋਧੀ ਰਹੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਦੀ ਹੋਈ ਮਿਲਣੀ ਅਤੇ ਦੋਵਾਂ ਆਗੂਆਂ ਵੱਲੋਂ ਸਟੇਜ ’ਤੇ ਪਾਈ ਜੱਫੀ ਨੇ ਸੂਬੇ ਦੀ ਸਿਆਸਤ ’ਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਮਿਲਣੀ ਦੌਰਾਨ ਜਿਥੇ ਨਵਜੋਤ ਸਿੰਘ ਸਿੱਧੂ ਵੱਲੋਂ ਮਜੀਠੀਆ ਨਾਲ ਯਾਰੀ ਹੋਣ ਦਾ ਦਾਅਵਾ ਕੀਤਾ ਗਿਆ, ਉਥੇ ਮਜੀਠੀਆ ਵੱਲੋਂ ਵੀ ਇਸ ਮਿਲਣੀ ’ਚ ਪੂਰੀ ਗਰਮਜੋਸ਼ੀ ਦਿਖਾਈ ਗਈ। ਜਿਸ ਕਾਰਨ ਨਵੀਆਂ ਸਿਆਸੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ।

ਸਿੱਧੂ ਅਤੇ ਮਜੀਠੀਆ ਦੀ ਜੱਫੀ ਨੇ ਪੰਜਾਬ ਦੀ ਸਿਆਸਤ ’ਚ ਗਰਮੀ ਲਿਆ ਦਿੱਤੀ ਹੈ। ਸਿਆਸੀ ਹਲਕਿਆਂ ’ਚ ਚਰਚਾ ਹੋ ਰਹੀ ਹੈ ਕਿ ਦੋਵਾਂ ਆਗੂਆਂ ਦੀ ਨੇੜਤਾ ਪੰਜਾਬ ਦੀ ਸਿਆਸਤ ਦੀ ਦਸ਼ਾ ਅਤੇ ਦਿਸ਼ਾ ਨੂੰ ਬਦਲ ਸਕਦੀ ਹੈ। ਸਿੱਧੂ ਅਤੇ ਮਜੀਠੀਆ ਦੀ ਇਸ ਮਿਲਣੀ ਸਬੰਧੀ ਵਿਅੰਗ ਕਰਦਿਆਂ ਪੰਜਾਬ ਦੇ ਕੈਬਿਨਟ ਮੰਤਰੀ ਲਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਸਿੱਧੂ ਅਤੇ ਮਜੀਠੀਆ ਦੋਵੇਂ ਕੈਮਰੇ ਪਿੱਛੇ ਇੱਕ ਸਨ। ਹੁਣ ਉਹਨਾਂ ਨੇ ਇਸ ਦਾ ਜਨਤਕ ਐਲਾਨ ਕੀਤਾ ਹੈ। ਹੁਣ ਤਾਂ ਇਹਨਾਂ ਨੂੰ ਚਾਹੀਦਾ ਹੈ ਕਿ ਸਾਂਝੀ ਪਾਰਟੀ ਬਣਾ ਲੈਣ ਅਤੇ 2024 ਦੀਆਂ ਚੋਣਾਂ ਸਾਂਝੇ ਤੌਰ ’ਤੇ ਲੜਨ।

ਇਸੇ ਦੌਰਾਨ ਮਜੀਠੀਆ ਨੇ ਇਕ ਟਵੀਟ ਰਾਹੀਂ ਨਵਜੋਤ ਕੌਰ ਸਿੱਧੂ ਲਈ ਅਰਦਾਸ ਕੀਤੀ ਹੈ। ਮਜੀਠੀਆ ਨੇ ਟਵੀਟ ਕਰਦਿਆਂ ਕਿਹਾ, “ਡਾ. ਨਵਜੋਤ ਕੌਰ ਸਿੱਧੂ ਜੀ ਕੈਂਸਰ ਤੋਂ ਜਲਦੀ ਠੀਕ ਹੋਵੋ। ਵਾਹਿਗੁਰੂ ਉਨ੍ਹਾਂ ਨੂੰ ਇਸ ਭਿਆਨਕ ਬਿਮਾਰੀ ਨੂੰ ਦੂਰ ਕਰਨ ਦੀ ਤਾਕਤ ਦੇਵੇ ਕਿਉਂਕਿ ਕੋਈ ਵੀ ਮਾਂ ਦੀ ਥਾਂ ਨਹੀਂ ਲੈ ਸਕਦਾ, ਜੋ ਹਰੇਕ ਪਰਿਵਾਰ ਵਿੱਚ ਤਾਕਤ ਦਾ ਥੰਮ੍ਹ ਹੈ। ਸਾਡੀਆਂ ਪ੍ਰਾਰਥਨਾਵਾਂ ਹਮੇਸ਼ਾ ਉਨ੍ਹਾਂ ਦੇ ਅਤੇ ਪਰਿਵਾਰ ਦੇ ਨਾਲ ਹਨ।”



ਮਜੀਠੀਆ ਦੇ ਇਸ ਟਵੀਟ ਤੋਂ ਬਾਅਦ ਦੋਵਾਂ ਆਗੂਆਂ ਸਬੰਧੀ ਚਰਚਾ ਹੋਰ ਤੇਜ਼ ਹੋ ਗਈ ਹੈ। ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਕਿਹਾ ਸੀ ਕਿ ਮਜੀਠੀਆ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਆਪਸੀ ਮਤਭੇਦ ਵਿਚਾਰਧਾਰਾ ਅਤੇ ਪਾਰਟੀ ਦੇ ਹਨ, ਜੋ ਭਵਿੱਖ ਵਿੱਚ ਵੀ ਰਹਿਣਗੇ।

### ਕੀ ਸਿਆਸੀ ਖ਼ਲਾਅ ਨੂੰ ਭਰ ਸਕਣਗੇ ਸਿੱਧੂ ਅਤੇ ਮਜੀਠੀਆ

-ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਵੱਲੋਂ ਪਾਈ ਜੱਫੀ ਤੋਂ ਬਾਅਦ ਸਿਆਸੀ ਮਾਹਿਰ ਕਿਆਸ ਅਰਾਈਆਂ ਲਗਾ ਰਹੇ ਹਨ ਕਿ ਜੇ ਆਉਣ ਵਾਲੇ ਸਮੇਂ ਦੌਰਾਨ ਦੋਵੇਂ ਆਗੂ ਇਕ ਹੋ ਜਾਂਦੇ ਹਨ ਜਾਂ ਇਕ ਦੂਜੇ ਦਾ ਵਿਰੋਧ ਕਰਨ ਦੀ ਥਾਂ ਦੋਸਤਾਨਾ ਮੈਚ ਖੇਡਣਗੇ ਤਾਂ ਕੀ ਉਹ ਪੰਜਾਬ ਦੀ ਸਿਆਸਤ ਵਿੱਚ ਆਏ ਸਿਆਸੀ ਖ਼ਲਾਅ ਨੂੰ ਭਰ ਸਕਣਗੇ? ਪੰਜਾਬ ਦੀ ਸਿਆਸਤ ’ਚ ਇਸ ਸਮੇਂ ਮੁੱਦਿਆਂ ਦੀ ਰਾਜਨੀਤੀ ਹੋਣ ਦੀ ਥਾਂ ਨਿੱਜੀ ਦੂਸ਼ਣ ਬਾਜੀ ਭਾਰੂ ਹੋ ਰਹੀ ਹੈ। ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਭਗਵੰਤ ਮਾਨ ਉਪਰ ਨਿੱਜੀ ਹਮਲੇ ਕੀਤੇ ਜਾ ਰਹੇ ਹਨ, ਜਿਸ ਨੂੰ ਪੰਜਾਬ ਦੇ ਲੋਕ ਚੰਗਾ ਨਹੀਂ ਸਮਝ ਰਹੇ। ਇਸ ਤੋਂ ਇਲਾਵਾ ਸਿਆਸੀ ਆਗੂਆਂ ਵੱਲੋਂ ਇਕ ਦੂਜੇ ’ਤੇ ਕੀਤੇ ਜਾ ਰਹੇ ਨਿੱਜੀ ਹਮਲਿਆਂ ਨੂੰ ਵੀ ਪੰਜਾਬ ਦੀ ਸਿਆਸਤ ਲਈ ਚੰਗਾ ਸੰਕੇਤ ਨਹੀਂ ਮੰਨਿਆ ਜਾ ਰਿਹਾ। ਆਮ ਪੰਜਾਬੀ ਮਹਿਸੂਸ ਕਰ ਰਹੇ ਹਨ ਕਿ ਬਦਲਾਓ ਦਾ ਨਾਅਰਾ ਲਗਾ ਕੇ ਪੰਜਾਬ ਦੀ ਸੱਤਾ ’ਚ ਆਈ ਆਮ ਆਦਮੀ ਪਾਰਟੀ ਜਿਥੇ ਪੰਜਾਬ ’ਚ ਕੋਈ ਵੱਡਾ ਬਦਲਾਓ ਲਿਆਉਣ ਵਿੱਚ ਅਜੇ ਤਕ ਪੂਰੀ ਤਰਾਂ ਸਫ਼ਲ ਨਹੀਂ ਹੋਈ, ਉਥੇ ਵਿਰੋਧੀ ਪਾਰਟੀਆਂ ਵੀ ਪੰਜਾਬ ਦੇ ਲੋਕਾਂ ਨੂੰ ਕੋਈ ਨਵਾਂ ਪ੍ਰੋਗਰਾਮ ਅਤੇ ਸੰਦੇਸ਼ ਦੇਣ ਵਿੱਚ ਅਸਫਲ ਹੋ ਗਈਆਂ ਹਨ, ਜਿਸ ਕਾਰਨ ਪੰਜਾਬ ਦੀ ਸਿਆਸਤ ’ਚ ਇਸ ਸਮੇਂ ਇੱਕ ਤਰਾਂ ਖ਼ਲਾਅ ਵਾਲਾ ਮਾਹੌਲ ਬਣਿਆ ਹੋਇਆ ਹੈ।

ਪੰਜਾਬ ਡਾਇਰੀ

ਜਗਮੋਹਨ ਸਿੰਘ
9463819174

# ਬਚਪਨ ਨੂੰ 'ਸਵਰਗ' ਵਾਂਗ ਮਾਣਨ 'ਨੰਨ੍ਹੇ ਫ਼ਰਿਸ਼ਤੇ'

## ਬਾਲ ਹੀਰਿਆਂ ਨੂੰ ਤਰਾਸ਼ਣ ਦੀ ਲੋੜ



ਬੱਚਿਆਂ ਦਾ ਮਨ ਕੋਰੀ ਸਲੇਟ ਵਰਗਾ ਹੁੰਦਾ ਹੈ, ਇਸ ਮਨ ਰੂਪੀ ਸਲੇਟ ਉਪਰ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਸਿੱਖਿਆ ਦੀ ਜਿਹੜੀ ਇਬਾਰਤ ਲਿਖ ਦਿੱਤੀ ਜਾਂਦੀ ਹੈ, ਉਸਦਾ ਅਸਰ ਬੱਚੇ ਉੱਪਰ ਸਾਰੀ ਜਿੰਦਗੀ ਰਹਿੰਦਾ ਹੈ। ਇਸੇ ਕਰਕੇ ਹਰ ਬੱਚੇ ਨੂੰ ਬਚਪਣ ਵਿੱਚ ਹੀ ਸਹੀ ਤਰੀਕੇ ਨਾਲ ਤਰਾਸ਼ਣ ਦੀ ਲੋੜ ਹੁੰਦੀ ਹੈ ਤਾਂ ਕਿ ਉਹ ਵੱਡਾ ਹੋ ਕੇ ਚੰਗਾ ਅਤੇ ਕਾਮਯਾਬ ਇਨਸਾਨ ਬਣ ਸਕੇ।

ਪੰਜਾਬ 'ਚ ਬੱਚਿਆਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ। ਇਸੇ ਕਰਕੇ ਹਰ ਬੱਚੇ ਨੂੰ ਪੰਜਾਬੀਆਂ ਵੱਲੋਂ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਭਾਵੇਂ ਕਿ ਅੱਜ ਦੇ ਆਧੁਨਿਕ ਕਹੇ ਜਾਂਦੇ ਸਮਾਜ ਵਿੱਚ ਲੋਕਾਂ ਦਾ ਆਪਸੀ ਮੋਹ ਪਿਆਰ ਕਾਫ਼ੀ ਘੱਟ ਗਿਆ ਹੈ, ਪਰ ਇਸਦੇ ਬਾਵਜੂਦ ਅਕਸਰ ਲੋਕ ਆਪਣੇ ਬੱਚਿਆਂ ਦੇ ਨਾਲ ਆਂਢ ਗੁਆਂਢ ਅਤੇ ਹੋਰਨਾਂ ਜਾਣ ਪਹਿਚਾਣ ਵਾਲੇ ਲੋਕਾਂ ਦੇ ਬੱਚਿਆਂ ਨੂੰ ਮੋਹ ਪਿਆਰ ਕਰਦੇ ਵੇਖੇ ਜਾਂਦੇ ਹਨ।



ਹਰ ਪੰਜਾਬੀ ਮਾਪੇ ਚਾਹੁੰਦੇ ਹਨ ਕਿ ਉਹਨਾਂ ਦਾ ਬੱਚਾ ਪੜ੍ਹਾਈ ਵਿੱਚ ਹੁਸ਼ਿਆਰ ਹੋਵੇ, ਇਸੇ ਕਾਰਨ ਕਈ ਮਾਪੇ ਆਪਣੇ ਬੱਚਿਆਂ ਤੋਂ ਪੜ੍ਹਾਈ ਦੇ ਬਹਾਨੇ ਉਹਨਾਂ ਦਾ ਬਚਪਣ ਖੋਹ ਲੈਂਦੇ ਹਨ। ਅਕਸਰ ਮਾਪੇ ਆਪਣੇ ਬੱਚੇ ਨੂੰ ਪੜ੍ਹਾਈ 'ਚ ਅੱਵਲ ਲਿਆਉਣ ਲਈ ਉਸ ਨੂੰ ਦਿਨ ਰਾਤ ਕਿਤਾਬਾਂ ਪੜ੍ਹਾਉਂਦੇ ਰਹਿੰਦੇ ਹਨ ਅਤੇ ਰੱਟੇ ਲਵਾਉਂਦੇ ਰਹਿੰਦੇ ਹਨ। ਇਸ ਤਰਾਂ ਬੱਚੇ ਨੂੰ ਖੇਡਣ ਲਈ ਬਿਲਕੁਲ ਵੀ ਸਮਾਂ ਨਹੀਂ ਮਿਲਦਾ, ਜਿਸ ਕਰਕੇ ਉਸਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ ਜਾਂ ਸਹੀ ਤਰੀਕੇ ਨਾਲ ਨਹੀਂ ਹੁੰਦਾ। ਇਸੇ ਕਾਰਨ ਪੜ੍ਹਾਈ ਵਿੱਚ ਹੁਸ਼ਿਆਰ ਬੱਚੇ ਅਕਸਰ ਸਰੀਰਕ ਪੱਖੋਂ ਕਮਜੋਰ ਹੁੰਦੇ ਹਨ। ਦੂਜੇ ਪਾਸੇ ਕਈ ਮਾਪੇ ਆਪਣੇ ਬੱਚਿਆਂ ਪ੍ਰਤੀ ਏਨੇ ਲਾਪਰਵਾਹ ਹੁੰਦੇ ਹਨ ਕਿ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਦਿੰਦੇ, ਜਿਸ ਕਾਰਨ ਉਹਨਾਂ ਦਾ ਬੱਚਾ ਪੜ੍ਹਾਈ ਵਿੱਚ ਪਿਛੜ ਜਾਂਦਾ ਹੈ। ਇਸ ਤੋਂ ਇਲਾਵਾ ਕਈ ਵਾਰ ਮਾਪਿਆਂ ਦੀ ਲੜਾਈ ਦਾ ਸ਼ਿਕਾਰ ਬੱਚੇ ਹੋ ਜਾਂਦੇ ਹਨ। ਕਈ ਵਾਰ ਮਾਪਿਆਂ ਦੇ ਤਲਾਕ ਤੋਂ ਬਾਅਦ ਬੱਚਾ ਮਾਂ ਜਾਂ ਪਿਤਾ ਕੋਲ ਰਹਿ ਜਾਂਦਾ ਹੈ, ਜਿਸ ਕਾਰਨ ਉਹ ਮਾਂ ਜਾਂ ਪਿਤਾ ਦੇ ਪਿਆਰ ਤੋਂ ਵਾਂਝਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕਈ ਵਾਰ ਤਲਾਕਸ਼ੁਦਾ ਮਹਿਲਾ ਜਾਂ ਮਰਦ ਇੱਕ ਹੋਰ ਵਿਆਹ ਅਜਿਹੇ ਵਿਅਕਤੀ ਨਾਲ ਕਰਵਾ ਲੈਂਦੇ ਹਨ, ਜਿਸਦੇ ਪਹਿਲਾਂ ਬੱਚੇ ਜਾਂ ਬੱਚਾ ਵੀ ਹੁੰਦਾ ਹੈ, ਜਿਸ ਕਾਰਨ ਬੱਚਿਆਂ ਨੂੰ ਆਪਸ ਵਿੱਚ ਤਾਲਮੇਲ ਬੈਠਾਉਣ ਵਿੱਚ ਸਮੱਸਿਆ ਆਉਂਦੀ ਹੈ। ਕਈ ਵਾਰ ਮਾਪਿਆਂ ਦੀ ਲੜਾਈ 'ਚ ਬੱਚੇ ਪੀਸੇ ਜਾਂਦੇ ਹਨ ਅਤੇ ਉਹਨਾਂ ਦਾ ਬਚਪਣ ਰੁਲ ਜਾਂਦਾ ਹੈ।



ਬੱਚੇ ਹੀਰੇ ਹੁੰਦੇ ਹਨ, ਉਹਨਾਂ ਨੂੰ ਬਚਪਣ ਵਿੱਚ ਹੀ ਸਹੀ ਤਰੀਕੇ ਨਾਲ ਤਰਾਸ਼ਣ ਦੀ ਵੱਡੀ ਲੋੜ ਹੈ ਤਾਂ ਕਿ ਉਹ ਵੱਡੇ ਹੋ ਕੇ ਚੰਗੇ ਅਤੇ ਕਾਮਯਾਬ ਇਨਸਾਨ ਬਣਨ। ਬੱਚਿਆਂ ਦੇ ਸਹੀ ਪਾਲਣ ਪੋਸ਼ਣ ਲਈ ਉਹਨਾਂ ਨਾਲ ਲਾਡ ਲਡਾਉਣੇ ਵੀ ਜ਼ਰੂਰੀ ਹਨ, ਉਹਨਾਂ ਨੂੰ ਮੋਹ ਪਿਆਰ ਕਰਨਾ ਵੀ ਜ਼ਰੂਰੀ ਹੈ ਅਤੇ ਲੋੜ ਪੈਣ 'ਤੇ ਕੁਝ ਸਖਤੀ ਵੀ ਬੱਚਿਆਂ ਨਾਲ ਉਹਨਾਂ ਦੇ ਚੰਗੇਰੇ ਭਵਿੱਖ ਲਈ ਕਰਨੀ ਚਾਹੀਦੀ ਹੈ। ਬੱਚੇ ਵੱਲੋਂ ਕੋਈ ਗਲਤੀ ਕਰਨ 'ਤੇ ਪਹਿਲਾਂ ਉਸ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਹਾਂ ! ਜੇ ਬੱਚਾ ਇਕ ਹੀ ਗਲਤੀ ਵਾਰ ਵਾਰ ਕਰੇ ਤਾਂ ਉਸ ਨਾਲ ਕੁਝ ਸਖਤੀ ਵਰਤੀ ਜਾ ਸਕਦੀ ਹੈ ਤਾਂ ਬੱਚੇ ਨੂੰ ਸਹੀ ਰਸਤੇ 'ਤੇ ਲਿਆਂਦਾ ਜਾ ਸਕੇ।

ਹਰ ਬੱਚੇ ਨੂੰ ਪੜ੍ਹਾਈ ਦੇ ਨਾਲ ਖੇਡਾਂ 'ਚ ਵੀ ਹਿੱਸਾ ਲੈਣ ਲਈ ਮਾਪਿਆਂ ਵੱਲੋਂ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਖੇਡਾਂ 'ਚ ਹਿੱਸਾ ਲੈਣ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਸਹੀ ਤਰੀਕੇ ਨਾਲ ਹੁੰਦਾ ਹੈ ਅਤੇ ਬੱਚੇ ਤੰਦਰੁਸਤ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਤੰਦਰੁਸਤ ਸਰੀਰ 'ਚ ਤੰਦਰੁਸਤ ਮਨ ਦਾ ਨਿਵਾਸ ਹੁੰਦਾ ਹੈ। ਇਸ ਲਈ ਖੇਡਾਂ 'ਚ ਹਿੱਸਾ ਲੈਣ ਵਾਲੇ ਬੱਚੇ ਅਕਸਰ ਪੜ੍ਹਾਈ ਵਿੱਚ ਵੀ ਅੱਵਲ ਆਉਂਦੇ ਹਨ। ਇਸ ਤਰਾਂ ਬੱਚਿਆਂ ਦਾ ਟਾਈਮ ਟੇਬਲ ਇਸ ਤਰੀਕੇ ਨਾਲ ਬਣਾਇਆ ਜਾਵੇ ਕਿ ਉਹਨਾਂ ਨੂੰ ਪੜ੍ਹਾਈ ਕਰਨ ਦੇ ਨਾਲ ਖੇਡਣ ਲਈ ਵੀ ਢੁੱਕਵਾਂ ਸਮਾਂ ਮਿਲ ਸਕੇ। ਖੇਡਣ ਤੋਂ ਭਾਵ ਇਹ ਨਹੀਂ ਹੈ ਕਿ ਉਹ ਮੋਬਾਇਲ ਜਾਂ ਕੰਪਿਊਟਰ ਗੇਮਾਂ ਹੀ ਖੇਡਣ। ਖੇਡਣ ਲਈ ਬੱਚਿਆਂ ਦਾ ਖੇਡ ਮੈਦਾਨ ਜਾਣਾ ਜਰੂਰੀ ਹੈ। ਬੱਚਿਆਂ ਨੂੰ ਬਚਪਣ ਵਿੱਚ ਹੀ ਪੜ੍ਹਾਈ ਦੇ ਨਾਲ ਧਰਮ, ਮਾਂ ਬੋਲੀ, ਸੱਭਿਆਚਾਰ, ਖੇਡਾਂ, ਪਰਿਵਾਰ ਬਾਰੇ ਵੀ ਜਾਣਕਾਰੀ ਦੇਣੀ ਜ਼ਰੂਰੀ ਹੈ ਤਾਂ ਕਿ ਬੱਚਾ ਬਚਪਣ ਤੋਂ ਹੀ ਇਹਨਾਂ ਸਭ ਬਾਰੇ ਜਾਣੂੰ ਹੋ ਸਕੇ। ਹਰ ਧਰਮ ਮਨੁੱਖ ਨੂੰ ਇਕ ਦੂਜੇ ਨਾਲ ਜੋੜਦਾ ਹੈ, ਤੋੜਦਾ ਨਹੀਂ। ਇਸ ਲਈ ਬੱਚਿਆਂ ਨੂੰ ਬਚਪਣ ਵਿੱਚ ਹੀ ਧਰਮ ਦੀ ਸਹੀ ਜਾਣਕਾਰੀ ਦੇਣੀ ਜ਼ਰੂਰੀ ਹੈ ਤਾਂ ਕਿ ਬੱਚੇ ਨੂੰ ਕੋਈ ਹੋਰ ਬਾਹਰੀ ਸ਼ਕਤੀ ਧਰਮ ਦੇ ਨਾਂਅ 'ਤੇ ਗੁੰਮਰਾਹ ਨਾ ਕਰ ਸਕੇ। ਇਸ ਤੋਂ ਇਲਾਵਾ ਹਰ ਬੱਚੇ ਨੂੰ ਉਸਦੀ ਮਾਂ ਬੋਲੀ ਬਾਰੇ ਵੀ ਜ਼ਰੂਰ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ ਬੱਚੇ ਨਾਲ ਜ਼ਿਆਦਾਤਰ ਗਲਬਾਤ ਮਾਂ ਬੋਲੀ ਵਿੱਚ ਕਰਨੀ ਚਾਹੀਦੀ ਹੈ। ਵਿਦਵਾਨ ਕਹਿੰਦੇ ਹਨ ਕਿ ਹਰ ਬੱਚੇ ਨੂੰ ਉਸਦੀ ਮਾਤ ਭਾਸ਼ਾ ਵਿੱਚ ਹੀ ਮੁੱਢਲੀ ਸਿਖਿਆ ਦੇਣੀ ਚਾਹੀਦੀ ਹੈ ਤਾਂ ਬੱਚਿਆਂ ਦਾ ਸਹੀ ਵਿਕਾਸ ਹੁੰਦਾ ਹੈ ਅਤੇ ਬੱਚਾ ਹਰ ਗਲ ਜਲਦੀ ਸਮਝ ਜਾਂਦਾ ਹੈ। ਪੰਜਾਬ 'ਚ ਬੱਚਿਆਂ ਤੇ ਅਕਸਰ ਬਚਪਣ 'ਚ ਹੀ ਅੰਗਰੇਜੀ ਦਾ ਬੋਝ ਲੱਦ ਦਿਤਾ ਜਾਂਦਾ ਹੈ ਅਤੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜੀ ਭਾਸ਼ਾ ਸਿਖਾਉਣ ਵੱਲ ਮਾਪੇ ਵਧੇਰੇ ਧਿਆਨ ਦਿੰਦੇ ਹਨ ਜਿਸ ਕਰਕੇ ਕਈ ਵਾਰ ਬੱਚਾ ਮਾਂ ਬੋਲੀ ਤੋਂ ਕੋਰਾ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਹਰ ਬੱਚੇ ਨੂੰ ਪੰਜਾਬੀ ਸੱਭਿਆਚਾਰ ਬਾਰੇ ਵੀ ਜਾਣਕਾਰੀ ਦੇਣੀ ਜ਼ਰੂਰੀ ਹੈ। ਹਰ ਪੰਜਾਬੀ ਬੱਚੇ ਨੂੰ ਪੰਜਾਬ ਦੇ ਗੀਤ ਰਿਵਾਜ਼ ਅਤੇ ਦਿਨ ਤਿਉਹਾਰ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਅਕਸਰ ਵੇਖਣ ਵਿੱਚ ਆਇਆ ਹੈ ਕਿ ਅਨੇਕਾਂ ਪੰਜਾਬੀ ਬੱਚਿਆਂ ਨੂੰ ਦੇਸੀ ਮਹੀਨਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਪਰ ਅੰਗ੍ਰੇਜੀ ਕੈਲੰਡਰ ਪੂਰਾ ਯਾਦ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਹਰ ਦੇਸੀ ਮਹੀਨੇ ਦੀ ਸ਼ੁਰੂਆਤ ਭਾਵ ਸੰਗਰਾਂਦ ਮੌਕੇ ਗੁਰੂ ਘਰ ਲਿਜਾਇਆ ਜਾਣਾ ਚਾਹੀਦਾ ਹੈ ਤਾਂ ਕਿ ਬੱਚਿਆਂ ਨੂੰ ਆਪਣੇ ਅਸਲੀ ਵਿਰਸੇ ਬਾਰੇ ਜਾਣਕਾਰੀ ਮਿਲ ਸਕੇ।

ਬੱਚਿਆਂ ਨੂੰ ਨੰਨ੍ਹੇ ਫਰਿਸ਼ਤੇ ਕਿਹਾ ਜਾਂਦਾ ਹੈ, ਇਸ ਲਈ ਬੱਚਿਆਂ ਦੇ ਬਚਪਣ ਦੌਰਾਨ ਉਹਨਾਂ ਨੂੰ ਸਵਰਗ ਵਰਗਾ ਅਹਿਸਾਸ ਕਰਵਾਉਣਾ ਜ਼ਰੂਰੀ ਹੈ।



### ਪੰਜਾਬੀ ਬੱਚਿਆਂ ਦਾ ਪੂਰੀ ਦੁਨੀਆਂ ਘੁੰਮਣ ਦਾ ਸੁਪਨਾ



ਮੌਜੂਦਾ ਸਮੇਂ 'ਚ ਪੰਜਾਬ ਦੀ ਅਸਲੀਅਤ ਇਹ ਹੈ ਕਿ ਪੰਜਾਬ ਵਿੱਚ ਪੈਦਾ ਹੋਇਆ ਹਰ ਨਵਜੰਮਿਆਂ ਬੱਚਾ ਜਦ ਕੁਝ ਸਮਝਣ/ਜਾਨਣ ਜੋਗਾ ਹੁੰਦਾ ਹੈ, ਤਾਂ ਉਹ ਆਪਣੇ ਬਾਲਪਣ ਵਿੱਚ ਹੀ ਦੁਨੀਆਂ ਦਾ ਨਕਸ਼ਾ ਜਾਂ ਧਰਤੀ ਦੇ ਨਕਸ਼ੇ ਦਾ ਗੋਲ ਮਾਡਲ ਆਪਣੇ ਅੱਗੇ ਰੱਖਕੇ ਵੱਖ- ਵੱਖ ਮੁਲਕਾਂ ਦੀ ਘੋਖ ਕਰਦਾ ਹੋਇਆ ਆਪਣੇ ਮਨਪਸੰਦ ਮੁਲਕ ਦੀ ਚੋਣ ਕਰਨ ਦਾ ਯਤਨ ਕਰਦਾ ਹੈ, ਜਿਥੇ ਜਾ ਕੇ ਉਸਨੇ ਆਪਣੀ ਪੜ੍ਹਾਈ ਬਹਾਨੇ ਪੱਕਾ ਰੈਣ ਬਸੇਰਾ ਬਣਾ ਕੇ ਆਪਣੀ ਅਗਲੀ ਜਿੰਦਗੀ ਬਤੀਤ ਕਰਨੀ ਹੁੰਦੀ ਹੈ। ਇਸ ਤਰਾਂ ਸੱਤ ਸਮੁੰਦਰ ਪਾਰ ਦੀ ਵਿਦੇਸ਼ੀ ਅਤੇ ਬੇਗਾਨੀ ਧਰਤੀ ਅਤੇ ਡਾਲਰਾਂ-ਪੌਂਡਾਂ ਦੀ ਖਿੱਚ ਪੰਜਾਬ ਦੇ ਹਰ ਬੱਚੇ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਨ ਲੱਗਦੀ ਹੈ।

ਪੰਜਾਬ ਵਿੱਚ ਹਾਲ ਤਾਂ ਇਹ ਹੋ ਗਿਆ ਹੈ ਕਿ ਪੰਜਾਬ ਵਿਚ ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਜਾਂ ਬੱਚਾ ਅਜੇ ਮਾਂ ਦੇ ਗਰਭ ਵਿਚ ਹੀ ਹੁੰਦਾ ਹੈ ਤਾਂ ਮਾਪੇ ਦੁਨੀਆਂ ਦੇ ਨਕਸ਼ੇ ਵਿਚੋਂ ਉਸ ਮੁਲਕ ਨੂੰ ਲੱਭਣ ਦਾ ਯਤਨ ਕਰਦੇ ਹਨ, ਜਿਸ ਮੁਲਕ ਵਿੱਚ ਉਹ ਆਪਣੇ ਬੱਚੇ ਦੇ ਜਨਮ ਤੋਂ ਬਾਅਦ ਉਸ ਨੂੰ ਉਥੇ ਪੜ੍ਹਨ ਅਤੇ ਪੱਕੇ ਤੌਰ 'ਤੇ ਰਹਿਣ ਲਈ ਭੇਜ ਸਕਣ। ਇਹ ਹੀ ਅੱਜ ਦੇ ਪੰਜਾਬ ਅਤੇ ਪੰਜਾਬੀਆਂ ਦੀ ਸੱਚਾਈ ਹੈ। ਕੁਝ ਸੋਝੀ ਆਉਣ 'ਤੇ ਹੁਣ ਤਾਂ ਹਰ ਪੰਜਾਬੀ ਬੱਚਾ ਧਰਤੀ ਦਾ ਮਾਡਲ ਆਪਣੇ ਅੱਗੇ ਰਖਕੇ ਧਰਤੀ ਰੂਪੀ ਗੋਲ ਚੱਕਰ ਨੂੰ ਘੁਮਾ ਕੇ ਪੂਰੀ ਦੁਨੀਆਂ ਘੁੰਮਣ ਦਾ ਸੁਪਨਾ ਵੇਖਣ ਲੱਗਦਾ ਹੈ, ਜਿਸ ਨੂੰ "ਅਰਾਉਂਡ ਦੀ ਵਰਲਡ" ਦਾ ਨਾਂਅ ਦਿਤਾ ਜਾਂਦਾ ਹੈ



# ਪਾਣੀ: ਪਿਆਓ ਤੋਂ ਬੋਤਲਬੰਦ ਤੱਕ ਦਾ ਸਫ਼ਰ

- ਹਰ ਕਿਸੇ ਨੂੰ ਗਿੱਲਾ ਕਰਨ ਵਾਲਾ ਪਾਣੀ ਆਪਣੇ ਆਪ ਕਿਵੇਂ ਜਾਂਦਾ ਹੈ ਸੁੱਕ ?
- 25 ਲੱਖ ਕਰੋੜ ਰੁਪਏ ਦਾ ਹੈ ਦੁਨੀਆਂ 'ਚ ਪਾਣੀ ਦਾ ਕਾਰੋਬਾਰ





ਪੰਦਰਵੀਂ ਸਦੀ 'ਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ 'ਚ ਪਾਣੀ ਦੀ ਮਹੱਤਤਾ ਨੂੰ ਸਮਝਦਿਆਂ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥" ਦਾ ਸੰਦੇਸ਼ ਦਿਤਾ ਸੀ। ਗੁਰੂ ਜੀ ਦੇ ਇਹ ਮਹਾਨ ਵਿਚਾਰ ਅੱਜ 21ਵੀਂ ਸਦੀ ਵਿੱਚ ਵੀ ਮਹੱਤਵਪੂਰਨ ਹਨ। ਗੁਰੂ ਨਾਨਕ ਦੇਵ ਜੀ ਤੋਂ ਬਾਅਦ 9 ਗੁਰੂ ਸਾਹਿਬਾਨ ਨੇ ਵੀ ਪਾਣੀ ਦੀ ਮਹੱਤਤਾ ਨੂੰ ਸਮਝਦਿਆਂ ਆਪਣੇ ਜੀਵਨ ਕਾਲ ਦੌਰਾਨ ਅਨੇਕਾਂ ਪਿਆਓ ਲਗਵਾਏ, ਬਾਉਲੀਆਂ ਬਣਵਾਈਆਂ, ਸਰੋਵਰ ਬਣਵਾਏ।

**ਦਿੱਲੀ ਦਾ ਪਹਿਲਾ ਗੁਰਦੁਆਰਾ: ਗੁਰਦੁਆਰਾ ਨਾਨਕ ਪਿਆਓ**

ਦਿੱਲੀ ਦਾ ਪਹਿਲਾ ਗੁਰਦੁਆਰਾ ਅਸਲ ਵਿੱਚ ਇੱਕ ਪਿਆਓ ਹੈ, ਜਿਸ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਨੇ 1505 ਵਿੱਚ ਕੀਤੀ ਸੀ, ਜਦੋਂ ਉਹ ਪਹਿਲੀ ਵਾਰ ਦਿੱਲੀ ਆਏ ਸਨ। ਉਨ੍ਹਾਂ ਦੇਖਿਆ ਕਿ ਇੱਥੇ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨਹੀਂ ਮਿਲਦਾ ਅਤੇ ਜ਼ਮੀਨ ਵਿੱਚੋਂ ਖਾਰਾ ਪਾਣੀ ਵੀ ਨਿਕਲਦਾ ਹੈ। ਜਿਸ ਤੋਂ ਬਾਅਦ ਉਸ ਨੇ ਮਿੱਠੇ ਪਾਣੀ ਦੇ ਚਸ਼ਮੇ ਦੀ ਖੋਜ ਕੀਤੀ। ਜਿਸ ਨੂੰ ਪਿਆਓ ਦਾ ਰੂਪ ਦਿੱਤਾ ਗਿਆ। ਆਲੇ-ਦੁਆਲੇ ਦੇ ਲੋਕ ਇੱਥੋਂ ਪਾਣੀ ਭਰਦੇ ਸਨ।

500 ਸਾਲ ਬਾਅਦ ਵੀ ਉਹ ਪਿਆਉ ਅਤੇ ਗੁਰਦੁਆਰਾ ਜੀ.ਟੀ. ਕਰਨਾਲ ਰੋਡ, ਦਿੱਲੀ 'ਤੇ ਮੌਜੂਦ ਹਨ। ਗੁਰਦੁਆਰੇ ਦਾ ਨਾਂ ਪਿਆਉ ਦੇ ਨਾਂ 'ਤੇ 'ਗੁਰਦੁਆਰਾ ਨਾਨਕ ਪਿਆਓ' ਰੱਖਿਆ ਗਿਆ। ਇਹ ਪਾਣੀ ਅੱਜ ਵੀ ਆਲੇ-ਦੁਆਲੇ ਦੇ ਲੋਕਾਂ ਦੀ ਪਿਆਸ ਬੁਝਾਉਂਦਾ ਹੈ। ਅਜਿਹਾ ਹੀ ਪਿਆਓ ਬੰਗਲਾ ਸਾਹਿਬ ਗੁਰਦੁਆਰੇ ਵਿੱਚ ਵੀ ਹੈ।

**ਪੰਜਾਬ 'ਚ ਠੰਡੇ ਮਿੱਠੇ ਜਲ ਦੀਆਂ ਛਬੀਲਾਂ**

ਦੁਨੀਆਂ 'ਚ ਪੰਜਾਬ ਅਜਿਹਾ ਇਲਾਕਾ ਹੈ, ਜਿਥੇ ਗਰਮੀਆਂ ਦੌਰਾਨ ਠੰਡੇ ਅਤੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ, ਜਿਥੇ ਆਮ ਲੋਕਾਂ ਨੂੰ ਮੁਫ਼ਤ ਵਿੱਚ ਠੰਡਾ ਅਤੇ ਮਿੱਠਾ ਪਾਣੀ ਪਿਲਾਇਆ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਦੁਨੀਆਂ ਦੇ ਜਿਸ ਇਲਾਕੇ ਵਿੱਚ ਵੀ ਗਏ ਹਨ, ਉਥੇ ਪੰਜਾਬੀਆਂ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਂਦੀਆਂ ਹਨ।

**ਦੁਨੀਆਂ 'ਚ ਹਰ ਮਿੰਟ ਵਿਕਦੀਆਂ ਹਨ 10 ਲੱਖ ਪਾਣੀ ਦੀਆਂ ਬੋਤਲਾਂ:**

ਮਸ਼ਕ, ਭਿਸ਼ਟੀ, ਧਰਮਰਥ ਪਿਆਓ ਅਤੇ ਪਾਣੀ ਵਰਕਰ ਹੁਣ ਬੀਤੇ ਦੀ ਗੱਲ ਹਨ। ਨਵਾਂ ਰੁਝਾਨ ਬੋਤਲਬੰਦ ਪਾਣੀ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਪਾਣੀ ਨਹੀਂ ਬਣਦਾ, ਪਰ ਫਿਰ ਵੀ ਇਸ ਨੂੰ ਪੈਕਿੰਗ ਅਤੇ ਲੋਕਾਂ ਤੱਕ ਪਹੁੰਚਾਉਣ ਦਾ ਕਾਰੋਬਾਰ 25 ਲੱਖ ਕਰੋੜ ਰੁਪਏ ਦਾ ਹੈ। 2030 ਤੱਕ ਇਹ ਵਧ ਕੇ 45 ਲੱਖ ਕਰੋੜ ਰੁਪਏ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ ਦੁਨੀਆ ਭਰ 'ਚ ਹਰ ਮਿੰਟ ਪਾਣੀ ਦੀਆਂ 10 ਲੱਖ ਬੋਤਲਾਂ ਵੇਚੀਆਂ ਜਾਂਦੀਆਂ ਹਨ।ਦੁਨੀਆਂ ਦਾ ਹਰ ਇਨਸਾਨ ਸਾਲ ਵਿੱਚ ਔਸਤਨ 3 ਹਜ਼ਾਰ ਰੁਪਏ ਦਾ ਬੋਤਲਬੰਦ ਪਾਣੀ ਖਰੀਦਦਾ ਹੈ। ਸਾਲ 2010 ਤੋਂ 2020 ਦੇ ਵਿਚਾਲੇ ਪਾਣੀ ਦਾ ਕਾਰੋਬਾਰ 75 ਫੀਸਦੀ ਵਧਿਆ ਹੈ। ਦੁਨੀਆਂ 'ਚ ਪਾਣੀ ਦਾ ਕਾਰੋਬਾਰ ਕਰੀਬ 25 ਲੱਖ ਕਰੋੜ ਰੁਪਏ ਦਾ ਹੈ। ਭਾਰਤ ਵਿੱਚ ਪਾਣੀ ਦਾ ਸਾਲਾਨਾ ਕਾਰੋਬਾਰ ਕਰੀਬ 20 ਹਜ਼ਾਰ ਕਰੋੜ ਰੁਪਏ ਦਾ ਹੈ।

**ਪਾਣੀ ਦੇਣਾ ਧੰਦਾ ਨਹੀਂ ਧਰਮ ਦਾ ਕੰਮ**

ਅੱਜ ਏਅਰਪੋਰਟ ਤੋਂ ਲੈ ਕੇ ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਛੋਟੀਆਂ ਦੁਕਾਨਾਂ ਤੱਕ ਬੋਤਲਬੰਦ ਪਾਣੀ ਉਪਲਬਧ ਹੈ। ਆਮ ਤੌਰ 'ਤੇ ਇਨ੍ਹਾਂ ਬੋਤਲਾਂ ਦੀ ਕੀਮਤ 20 ਰੁਪਏ ਤੋਂ ਲੈ ਕੇ 300 ਰੁਪਏ ਤੱਕ ਹੁੰਦੀ ਹੈ। ਕਈ ਵਾਰ ਕਾਲਾ ਪਾਣੀ ਜਾਂ ਕੁਦਰਤੀ ਗਲੇਸ਼ੀਅਰ ਦੇ ਪਾਣੀ ਦੇ ਨਾਂ 'ਤੇ ਗਾਹਕਾਂ ਤੋਂ ਹਜ਼ਾਰਾਂ ਰੁਪਏ ਵੀ ਵਸੂਲੇ ਜਾਂਦੇ ਹਨ ਪਰ ਇਹ ਰੁਝਾਨ ਬਹੁਤਾ ਪੁਰਾਣਾ ਨਹੀਂ ਹੈ। ਕੁਝ ਦਹਾਕੇ ਪਹਿਲਾਂ ਤੱਕ ਪਾਣੀ ਮੁਹੱਈਆ ਕਰਵਾਉਣਾ ਕਾਰੋਬਾਰ ਦੀ ਬਜਾਏ ਜ਼ਿੰਮੇਵਾਰੀ ਅਤੇ ਧਾਰਮਿਕ ਕੰਮ ਮੰਨਿਆ ਜਾਂਦਾ ਸੀ।

ਭਾਰਤ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪਾਣੀ ਦੀ ਖਰੀਦੋ-ਫਰੋਖਤ ਕਰਨਾ ਪਾਪ ਸਮਝਿਆ ਜਾਂਦਾ ਸੀ। ਉਸ ਦੌਰ ਵਿੱਚ ਭਾਰਤ ਵਿੱਚ ਪਾਣੀ ਪੀਣ ਅਤੇ ਖਾਣ ਦੀਆਂ ਕਈ ਵਿਲੱਖਣ ਪਰੰਪਰਾਵਾਂ ਸਨ।

ਬੋਤਲ ਕਲਚਰ ਦੇ ਸ਼ੁਰੂ ਹੋਣ ਅਤੇ ਪਾਣੀ ਦੀ ਖਰੀਦੋ-ਫਰੋਖਤ ਤੋਂ ਪਹਿਲਾਂ 'ਪਿਆਓ ਕਲਚਰ' ਦੇ ਪਾਣੀ ਪੀਣ ਦੇ ਆਪਣੇ ਤਰੀਕੇ



ਸਨ। ਵੈਸੇ ਵੀ ਕੁਦਰਤ ਅੱਜ ਦੇ ਬੋਤਲਬੰਦ ਪਾਣੀ ਦੇ ਸੱਭਿਆਚਾਰ ਦਾ ਬੋਝ ਬਹੁਤੀ ਦੇਰ ਤੱਕ ਨਹੀਂ ਝੱਲ ਸਕੇਗੀ। ਅਜਿਹੀ ਸਥਿਤੀ ਵਿੱਚ ਸਾਨੂੰ ਭੁੱਲੀ ਹੋਈ 'ਪਿਆਓ ਸੰਸਕ੍ਰਿਤੀ' ਨੂੰ ਇੱਕ ਵਾਰ ਫਿਰ ਯਾਦ ਕਰਨਾ ਚਾਹੀਦਾ ਹੈ।

ਕੁਝ ਦਹਾਕੇ ਪਹਿਲਾਂ ਦੀ ਗੱਲ ਹੈ। ਬੱਸ, ਰੇਲ ਜਾਂ ਕਿਸੇ ਵੀ ਵਾਹਨ ਰਾਹੀਂ ਸਫ਼ਰ ਕਰਨ ਵਾਲੇ ਲੋਕ ਖਿੜਕੀ ਤੋਂ ਬੈਗ ਵਰਗੀ ਚੀਜ਼ ਲਟਕਾਉਂਦੇ ਸਨ। ਜੇਕਰ ਕਿਸੇ ਰਾਹਗੀਰ ਨੂੰ ਪਿਆਸ ਲੱਗੀ ਤਾਂ ਉਹ ਉਸ ਥੈਲੇ ਵਿੱਚੋਂ ਪਾਣੀ ਮੰਗ ਕੇ ਪੀ ਲੈਂਦਾ।

ਮੋਟੇ ਕੱਪੜੇ ਦੇ ਬਣੇ ਇਸ ਥੈਲੇ ਨੂੰ 'ਚਾਗਲ' ਕਿਹਾ ਜਾਂਦਾ ਸੀ। ਬੋਤਲਬੰਦ ਪਾਣੀ ਦਾ ਕਾਰੋਬਾਰ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਇਸ ਥੈਲੇ ਵਿੱਚ ਪਾਣੀ ਲੈ ਕੇ ਬਾਹਰ ਜਾਂਦੇ ਸਨ।

ਕਈ ਥਾਵਾਂ 'ਤੇ ਇਹ ਚੱਗਲ ਜਾਨਵਰਾਂ ਦੀ ਖੱਲ ਤੋਂ ਵੀ ਬਣਾਈ ਜਾਂਦੀ ਸੀ।

ਇਸ ਦੇ ਅੰਦਰ ਪਾਣੀ ਕੁਦਰਤੀ ਤੌਰ 'ਤੇ ਠੰਡਾ ਰਹਿੰਦਾ ਹੈ। ਬਾਹਰੋਂ ਜਿੰਨਾ ਗਰਮ ਸੀ, ਚਾਗਲ ਅੰਦਰਲਾ ਪਾਣੀ ਓਨਾ ਹੀ ਠੰਡਾ ਹੁੰਦਾ ਗਿਆ।

**ਨਵੇਂ ਅਤੇ ਪੁਰਾਣੇ ਦਾ ਸੰਗਮ**

ਅੱਜ-ਕੱਲ੍ਹ ਵਿਆਹਾਂ ਵਿੱਚ ਵੀ ਘੜੇ ਅਤੇ ਡੱਬੇ ਵਾਲੇ ਪਾਣੀ ਦਾ ਅਨੋਖਾ ਸੰਗਮ ਦੇਖਣ ਨੂੰ ਮਿਲ ਰਿਹਾ ਹੈ।

**ਪਾਣੀ ਦੀ ਬਰਬਾਦੀ ਨੂੰ ਰੋਕ ਸਕਦਾ ਹੈ ਪਿਆਓ ਸੱਭਿਆਚਾਰ**

ਜੇ ਕੋਈ ਪਾਣੀ ਮੰਗਦਾ ਹੈ, ਤਾਂ ਉਸ ਨੂੰ ਪਾਣੀ ਦਾ ਗਿਲਾਸ ਹੀ ਦਿੱਤਾ ਜਾਂਦਾ ਹੈ; ਭਾਵੇਂ ਉਸ ਦੀ ਪਿਆਸ ਅੱਧੇ ਗਲਾਸ ਦੀ ਹੀ ਕਿਉਂ ਨਾ ਹੋਵੇ। ਇਸੇ ਤਰ੍ਹਾਂ ਲੋਕ ਇੱਕ ਸਮੇਂ ਪਾਣੀ ਦੀ ਬੋਤਲ ਖਰੀਦ ਲੈਂਦੇ ਹਨ ਅਤੇ ਕਈ ਵਾਰ ਉਹ ਪੂਰੀ ਬੋਤਲ ਪੀਣ ਤੋਂ ਅਸਮਰੱਥ ਹੁੰਦੇ ਹਨ। ਪਰ ਪਿਆਓ ਵਿੱਚ ਅਜਿਹਾ ਨਹੀਂ ਹੁੰਦਾ। ਇਸ ਵਿੱਚ ਗੰਗਾ ਸਾਗਰ ਤੋਂ ਹੀ ਪਾਣੀ ਪਾਇਆ ਜਾਂਦਾ ਹੈ; ਜਦੋਂ ਤੱਕ ਪੀਣ ਵਾਲਾ 'ਬੱਸ' ਦਾ ਸੰਕੇਤ ਨਹੀਂ ਦਿੰਦਾ।

**ਖੁਸ਼ੀ ਅਤੇ ਗਮੀ 'ਚ ਅਮੀਰ ਲੋਕ ਬਣਵਾਉਂਦੇ ਸਨ ਪਿਆਓ**

ਇੱਕ ਸੇਠ ਕੋਲ ਸ਼ਹਿਰ ਵਿੱਚ ਕਿੰਨੀ ਦੌਲਤ ਅਤੇ ਕਿੰਨਾ ਵੱਡਾ ਦਿਲ ਹੈ; ਇਸ ਦਾ ਅੰਦਾਜ਼ਾ ਉਸ ਦੇ ਨਾਂ 'ਤੇ ਰੱਖੇ ਗਏ ਪਿਆਊ ਤੋਂ ਲਗਾਇਆ ਜਾ ਸਕਦਾ ਹੈ। ਚਾਹੇ ਉਹ ਕਿਸੇ ਦੇ ਘਰ ਬੱਚੇ ਦਾ ਜਨਮ ਹੋਵੇ ਜਾਂ ਕਿਸੇ ਦਾ ਵਿਆਹ ਜਾਂ ਬਰਸੀ; ਗ਼ਮੀ ਜਾਂ ਖ਼ੁਸ਼ੀ ਦੇ ਹਰ ਮੌਕੇ 'ਤੇ ਪਿਆਓ ਲਗਾਉਣਾ ਯਾਦਗਾਰੀ ਬਣ ਜਾਂਦਾ ਸੀ। ਕੰਕਰੀਟ ਪਾਊ ਬਣਾਉਣਾ ਮਾਣ ਵਾਲੀ ਗੱਲ ਹੁੰਦੀ, ਜਿਸ 'ਤੇ ਲੋਕਾਂ ਨੇ ਆਪਣੇ ਬਜ਼ੁਰਗਾਂ ਦੇ ਨਾਂ ਵੀ ਲਿਖੇ ਹੁੰਦੇ।

ਇਹ ਦਾਨੀ ਪਿਆਓ ਸਮਾਜ ਸੇਵਾ ਦੇ ਹੋਰ ਕੰਮਾਂ ਨੂੰ ਵੀ ਅੱਗੇ ਤੋਰਦੇ ਸਨ। ਅਕਸਰ ਔਰਤਾਂ ਨੂੰ ਪਿਆਓ 'ਤੇ ਨੌਕਰੀਆਂ ਦਿੱਤੀਆਂ ਜਾਂਦੀਆਂ ਸਨ। ਕਈ ਵਾਰ ਤਾਂ ਪਾਣੀ ਪੀਣ ਵਾਲੇ ਵੀ ਆਪਣੀ ਤਰਫ਼ੋਂ ਉਸ ਔਰਤ ਨੂੰ ਕੁਝ ਪੈਸੇ ਦੇ ਦਿੰਦੇ ਸਨ। ਇਹਨਾਂ ਪਿਆਓ 'ਤੇ ਪਾਣੀ ਦੇ ਨਾਲ ਗੁੜ ਦੀਆਂ ਡਲੀਆਂ,ਪਤਾਸੇ ਜਾਂ ਭੁੰਨੇ ਹੋਏ ਛੋਲਿਆਂ ਦਾ ਵੀ ਵੱਡਾ ਪ੍ਰਬੰਧ ਕੀਤਾ ਜਾਂਦਾ ਸੀ।

**200 ਸਾਲ ਪੁਰਾਣਾ ਪਿਆਓ**

ਸਾਲ 2016 'ਚ ਮੁੰਬਈ ਦੇ ਕੁਝ ਨੌਜਵਾਨਾਂ ਦੀ ਨਜ਼ਰ ਇਕ ਬੇਕਾਰ ਅਤੇ ਖ਼ਸਤਾ-ਹਾਲ ਪਾਣੀ ਦੀ ਟੈਂਕੀ 'ਤੇ ਪਈ। ਜਦੋਂ ਉਹਨਾਂ ਨੇ ਖੋਜ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਕੁਝ ਬਰਤਨ 200 ਸਾਲ ਤੋਂ ਵੀ ਪੁਰਾਣੇ ਹਨ। ਜਿਸ ਤੋਂ ਬਾਅਦ ਉਨ੍ਹਾਂ ਨੌਜਵਾਨਾਂ ਨੇ 'ਮੁੰਬਈ ਪਿਆਊ ਪ੍ਰੋਜੈਕਟ' ਸ਼ੁਰੂ ਕੀਤਾ।

ਇਸ ਪ੍ਰੋਜੈਕਟ ਦੇ ਜ਼ਰੀਏ, ਮੁੰਬਈ ਦੇ 200 ਤੋਂ ਵੱਧ ਪੁਰਾਣੇ ਪਿਆਓ ਨੂੰ ਮੁੜ ਸੁਰਜੀਤ ਕੀਤਾ ਗਿਆ ਸੀ। ਯੂਰਪੀਅਨ ਸਮੁੰਦਰੀ ਵਪਾਰੀਆਂ ਦੁਆਰਾ ਬਣਾਏ ਗਏ ਇਹ ਪਿਆਓ ਇੱਕ ਵਾਰ ਫਿਰ ਮੁੰਬਈ ਦੇ ਲੋਕਾਂ ਦੀ ਪਿਆਸ ਬੁਝਾ ਰਹੇ ਹਨ।

**'ਭਿਸ਼ਟੀ' ਦੀ ਪੱਕੀ ਨਿਯੁਕਤੀ**

ਕੁਝ ਦਹਾਕੇ ਪਹਿਲਾਂ ਤੱਕ ਦਿੱਲੀ ਨਗਰ ਨਿਗਮ ਵਿੱਚ 'ਭਿਸ਼ਟੀ' ਦੀ ਪੱਕੀ ਨਿਯੁਕਤੀ ਹੁੰਦੀ ਸੀ। ਪੁਰਾਣੇ ਸਮਿਆਂ ਵਿੱਚ ਭਿਸ਼ਤੀ ਬੱਕਰੀ ਦੀ ਖੱਲ ਦੀ ਬਣੀ ਮੁਸ਼ੱਕਰ ਮੋਢੇ ਉੱਤੇ ਲੈ ਕੇ ਜਾਂਦੇ ਸਨ। ਇਹ ਪਾਣੀ ਨਾਲ ਭਰ ਗਿਆ ਹੋਵੇਗਾ. ਨਾਲ ਹੀ ਤਾਂਬੇ ਦਾ ਕਟੋਰਾ ਹੁੰਦਾ। ਇਹ ਕਟੋਰਾ ਖਾਸ ਤੌਰ 'ਤੇ ਭਿਸ਼ਟੀਆਂ ਲਈ ਬਣਾਇਆ ਗਿਆ ਹੈ।ਉਸ ਦੇ ਥੱਲਿਓਂ ਛਣ-ਛਣ ਦੀ ਆਵਾਜ਼ ਆਉਂਦੀ ਸੀ। ਉਹ ਆਪਣੇ ਮੋਢੇ 'ਤੇ ਟੰਗ ਕੇ ਭਿਸ਼ਤੀ ਦਾ ਕਟੋਰਾ ਵਜਾਉਂਦਾ ਸੀ। ਇਹ ਪਿਆਸੇ ਲੋਕਾਂ ਲਈ ਇੱਕ ਨਿਸ਼ਾਨੀ ਸੀ। ਇਹ ਆਵਾਜ਼ ਸੁਣ ਕੇ ਲੋਕ ਇਕੱਠੇ ਹੋ ਜਾਂਦੇ ਅਤੇ ਭਿਸ਼ਤੀ ਕਸਤੂਰੀ ਦੇ ਪਾਣੀ ਨਾਲ ਸਾਰਿਆਂ ਦੀ ਪਿਆਸ ਬੁਝਾਉਂਦੇ।

ਦਿੱਲੀ ਦੇ ਭਿਸ਼ਟੀਆਂ ਦਾ ਇਤਿਹਾਸ ਵੀ ਘੱਟ ਦਿਲਚਸਪ ਨਹੀਂ ਹੈ। ਸੈਂਕੜੇ ਸਾਲਾਂ ਤੱਕ ਚਾਂਦਨੀ ਚੌਕ ਅਤੇ ਮੀਨਾ ਬਾਜ਼ਾਰ ਦੀਆਂ ਦੁਕਾਨਾਂ ਭਰਨ ਵਾਲੇ ਭਿਸ਼ਤੀ ਮੁਗਲਾਂ ਨਾਲ ਭਾਰਤ ਆਏ ਅਤੇ ਦੇਸ਼ ਭਰ ਵਿੱਚ ਫੈਲ ਗਏ।

ਕਿਹਾ ਜਾਂਦਾ ਹੈ ਕਿ ਭਿਸ਼ਤੀ ਮੁਗ਼ਲ ਫ਼ੌਜ ਦੇ ਨਾਲ ਤੁਰਦੇ ਸਨ ਅਤੇ ਜੰਗ ਵਿੱਚ ਫ਼ੌਜੀਆਂ ਨੂੰ ਪਾਣੀ ਪਿਲਾਉਂਦੇ ਸਨ। ਬਾਅਦ ਵਿੱਚ ਅੰਗਰੇਜ਼ਾਂ ਨੇ ਉਹਨਾਂ ਦੀ ਨੌਕਰੀ ਵੀ ਬਹਾਲ ਕਰ ਦਿੱਤੀ। ਆਜ਼ਾਦੀ ਤੋਂ ਬਾਅਦ ਵੀ ਦਿੱਲੀ ਨਗਰ ਨਿਗਮ ਪੁਰਾਣੀ ਦਿੱਲੀ ਖੇਤਰ ਵਿੱਚ ਭਿਸ਼ਤੀ ਦੀ ਨਿਯੁਕਤੀ ਕਰਦਾ ਸੀ।

ਪਾਣੀ ਦੇਣ ਤੋਂ ਇਲਾਵਾ ਉਹ ਵਿਸ਼ੇਸ਼ ਮੌਕਿਆਂ ਅਤੇ ਤਿਉਹਾਰਾਂ ਮੌਕੇ ਸਾਫ਼ ਕੀਤੀਆਂ ਸੜਕਾਂ 'ਤੇ ਪਾਣੀ ਛਿੜਕਦੇ ਸਨ। ਇਸ ਦੇ ਲਈ ਇੱਕ ਖਾਸ ਕਿਸਮ ਦੀ ਮੂਸ਼ ਦੀ ਵਰਤੋਂ ਕੀਤੀ ਜਾਂਦੀ ਸੀ। 'ਜੋਸ਼ੂਆ ਪ੍ਰੋਜੈਕਟ' ਅਨੁਸਾਰ ਦਿੱਲੀ ਵਿੱਚ ਅਜੇ ਵੀ 400 ਦੇ ਕਰੀਬ ਭਿਸ਼ਤੀ ਆਬਾਦ ਹਨ। ਭਾਰਤ-ਪਾਕਿਸਤਾਨ ਸਮੇਤ ਇਨ੍ਹਾਂ ਦੀ ਆਬਾਦੀ 5 ਲੱਖ ਦੇ ਕਰੀਬ ਹੈ।

**ਅੰਗਰੇਜ਼ਾਂ ਨੇ ਰੇਲਵੇ 'ਚ ਰੱਖੇ ਸਨ 'ਪਾਣੀ ਵਰਕਰ'**

ਜਦੋਂ ਅੰਗਰੇਜ਼ਾਂ ਨੇ ਦੇਸ਼ ਭਰ ਵਿੱਚ ਰੇਲਵੇ ਦਾ ਜਾਲ ਵਿਛਾ ਦਿੱਤਾ; ਉਸ ਸਮੇਂ ਹੈਂਡ ਪੰਪ ਦੀ ਤਕਨੀਕ ਵੀ ਵਿਕਸਤ ਨਹੀਂ ਹੋਈ ਸੀ। ਪਾਣੀ ਸਿਰਫ਼

(ਬਾਕੀ ਸਫ਼ਾ 31 'ਤੇ)



# ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀਅਤ, ਰਾਜਨੀਤੀ ਤੇ ਇਨਕਲਾਬ





ਪ੍ਰੋ. ਬਲਵਿੰਦਰ ਪਾਲ ਸਿੰਘ
9815700916

ਰੂਹਾਨੀਅਤ, ਰਾਜਨੀਤੀ ਅਤੇ ਇਨਕਲਾਬ ਦੋਵਾਂ ਦਾ ਕੇਂਦਰੀ ਤੇ ਸਰਗਰਮ ਬਿੰਦੂ ਮਨ ਹੈ, ਪਰ ਇਹਨਾਂ ਸਭਨਾਂ ਦਾ ਵਿਸ਼ਲੇਸ਼ਣ ਵੱਖ-ਵੱਖ ਹੈ। ਇਸਲਾਮ ,ਵੈਦਿਕ ਫਿਲਾਸਫੀ ਤੇ ਈਸਾਈਅਤ ਅਨੁਸਾਰ ਅਧਿਆਤਮਿਕਤਾ ਕਿਸੇ ਅਦਿੱਖ ਸੰਸਾਰ ਵਿੱਚ ਜਾਂ ਆਪਣੇ ਸਰੀਰ ਅਤੇ ਮਨ ਦੇ ਕਿਸੇ ਅਦਿੱਖ ਤਲ ਉਪਰ ਪਰਮ ਅਨੰਦ ਦੇ ਸਰੋਤ ਦੀ ਕਲਪਨਾ ਕਰਦੀ ਹੈ।ਪਰ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਕਲਪਨਾ ਨਹੀਂ , ਮਨ ਨੂੰ ਕੇਂਦਰਿਤ ਕਰਦੀ ਹੈ।ਮਨ ਵਿੱਚ ਬ੍ਰਹਮ ਨੂੰ ਖੋਜਦੀ ਹੈ।ਗੁਰਮਤਿ ਅਨੁਸਾਰ ਮਨ ਦੀ ਖੋਜ ਹੀ ਪਰਮ ਸਤਿ ਦੀ ਖੋਜ ਹੈ।ਇਹ ਆਪਣੇ ਆਪ ਇਨਕਲਾਬ ਵਲ ਸਫਰ ਹੈ।ਗੁਰਬਾਣੀ ਅਨੁਸਾਰ ਤਾਂ ਮਨੁੱਖ ਦੇ ਸਰੀਰ ਨੂੰ ਮਨ ਚਲਾਉਂਦਾ ਹੈ। ਇਸ ਲਈ ਜਿਸ ਤਰ੍ਹਾਂ ਦੀ ਮਨੁੱਖ ਦੇ ਮਨ ਦੀ ਤਿਆਰੀ ਹੋਵੇਗੀ, ਸਰੀਰ ਵੀ ਉਸੇ ਤਰ੍ਹਾਂ ਹੀ ਪਿਛੇ ਲਗ ਟੁਰੇਗਾ। ਠੀਕ ਉਸੇ ਤਰ੍ਹਾਂ ਜਿਵੇਂ, ਜੇਕਰ ਸਰੀਰ ਨੂੰ 'ਰਥ' ਮੰਨ ਲਿਆ ਜਾਵੇ ਤਾਂ ਇਸ ਰਥ ਦਾ 'ਰਥਵਾਹ' ਹੋਵੇਗਾ ਸਾਡਾ ਮਨ ਹੈ। ਇਹੀ ਕਾਰਨ ਹੈ ਜੇ ਮਨ ਸੰਤੋਖੀ ਹੈ ਤਾਂ ਸਰੀਰ ਵਿਚੋਂ ਆਪਣੇ ਆਪ ਧਰਮ ਹੀ ਪ੍ਰਗਟ ਹੋਵੇਗਾ। ਜੇ ਮਨੁੱਖ ਮਨ ਕਰਕੇ ਸਦਾਚਾਰੀ ਹੈ ਤਾਂ ਸਰੀਰ, ਵਿਕਾਰ ਰਹਿਤ ਹੀ ਰਹੇਗਾ। ਜੇ 'ਮਨ' ਸਦਗੁਣਾਂ ਨਾਲ ਭਰਪੂਰ ਹੈ ਤਾਂ ਸਰੀਰ ਤੋਂ ਵੀ ਉੱਚਾ-ਸੁੱਚਾ ਤੇ ਆਦਰਸ਼ਕ ਜੀਵਨ ਹੀ ਪ੍ਰਗਟ ਹੋਵੇਗਾ। ਜੇ ਮਨ ਹੈ ਹੀ ਤ੍ਰਿਸ਼ਨਾ-ਭੁੱਖਾਂ-ਲਾਲਸਾਵਾਂ ਦਾ ਮਾਰਿਆ ਤਾਂ ਸਰੀਰ ਵਿਕਾਰਾਂ, ਭਟਕਣਾ, ਤ੍ਰਿਸ਼ਨਾਵਾਂ ਦੀ ਭੱਠੀ ਬਣਿਆ ਹੀ ਸੜਦਾ ਰਹੇਗਾ। ਇਸ ਲਈ ਗੁਰਬਾਣੀ ਅਨੁਸਾਰ, ਸਾਡਾ ਜੀਵਨ, ਸਰੀਰ ਦਾ ਨਹੀਂ ਬਲਕਿ ਮਨ ਦਾ ਵਿਸ਼ਾ ਹੈ। ਇਸ ਵਿਚ ਸਰੀਰ, ਕਿਸੇ ਵੀ ਮਾਨਸਿਕ ਅਵਸਥਾ ਦੇ ਪ੍ਰਗਟਾਵੇ ਲਈ ਕੇਵਲ ਸਾਧਨ ਮਾਤਰ ਹੈ। ਲੋੜ ਹੈ ਸਰੀਰ ਅੰਦਰਲੇ ਆਪਣੇ ਮਨ ਨੂੰ ਸੰਭਾਲਣ ਦੀ। ਤਾਂ ਤੇ ਮਨ ਦੀ ਤਿਆਰੀ ਵਿਚ ਭਿੰਨਤਾ ਕਾਰਨ, ਜੀਵਨ ਰਹਿਣੀ ਕਰਕੇ ਹਰੇਕ ਯੁਗ ਦਾ ਵਾਸੀ ਅੱਜ ਵੀ ਇਕੋ ਸਮੇਂ ਮਿਲ ਸਕਦਾ ਹੈ। ਉਂਞ ਵੀ ਗੁਰੂ ਸਾਹਿਬਾਨ ਨੇ ਸਤਯੁਗ, ਤ੍ਰੇਤਾ, ਦੁਆਪਰ, ਕਲਯੁਗ ਵਾਲੀ ਯੁਗਾਂ ਦੀ ਵੰਡ ਨੂੰ ਪ੍ਰਵਾਣ ਨਹੀਂ ਕੀਤਾ।

ਸਲੋਕੁ ਮ ? ੧॥
ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥
ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥
ਕਲਜੁਗਿ ਰਥੁ ਅਗਨਿ ਕਾ, ਕੂੜੁ ਅਗੈ ਰਥਵਾਹੁ॥ ੧ ॥
(ਪੰ: ੪੭੦)

ਗੁਰਬਾਣੀ ਦੱਸਦੀ ਹੈ ਕਿ ਮਨੁੱਖੀ ਮਨ ਰਾਜਾ ਹੈ। ਉਹ ਮਨੁੱਖੀ ਸਰੀਰ ਤੇ ਰਾਜ ਕਰਦਾ ਹੈ। ਮਨੁੱਖ ਮਨ ਤੋਂ ਏਨਾ ਡਰਦਾ ਹੈ ਕਿ ਕਈ ਵੇਰ ਮਨ ਤੋਂ ਤੰਗ ਆ ਕੇ ਸਰੀਰ ਦਾ ਤਿਆਗ ਕਰਨ ਲਈ ਵੀ ਰਾਜ਼ੀ ਹੋ ਜਾਂਦਾ ਹੈ। ਮਨੁੱਖ ਮਨ ਨੂੰ ਖੁਸ਼ ਰੱਖਣ ਲਈ ਉਸ ਦੀ ਮਰਜ਼ੀ ਅਨੁਸਾਰ ਚਲਦਾ ਹੈ ਅਤੇ ਮਨ ਦੀ ਖੁਸ਼ੀ ਨੂੰ ਜੀਵਨ ਦੀ ਸੁਤੰਤਰਤਾ ਅਤੇ ਸੁਖ ਸਮਝਦਾ ਹੈ। ਪਰ ਗੁਰਬਾਣੀ ਮਨਮੱਤ ਦਾ ਤਿਆਗ ਕਰਕੇ ਗੁਰ ਸ਼ਬਦ ਦੇ ਅਭਿਆਸ ਨਾਲ ਮਨ ਨੂੰ ਵਸ ਕਰਨ ਦਾ ਉਪਦੇਸ਼ ਕਰਦੀ ਹੈ। ਜਿਹੜਾ ਮਨੁੱਖ ਮਨ ਤੋਂ ਏਨਾ ਡਰਦਾ ਹੈ ਉਸ ਲਈ ਆਪਣੇ ਸ਼ਕਤੀਸ਼ਾਲੀ ਮਾਲਕ ਮਨ ਨੂੰ ਵਸ ਕਰਨਾ ਅਸੰਭਵ ਹੁੰਦਾ ਹੈ।

ਸੋ, ਗੁਰਬਾਣੀ ਤੋਂ ਸਾਨੂੰ ਇਹ ਸਿਖਿਆ ਮਿਲਦੀ ਹੈ ਕਿ ਜੇਕਰ ਗੁਰਬਾਣੀ ਪੜ੍ਹਨ ਸੁਣਨ ਨਾਲ ਅਸੀਂ ਜੀਵਨ ਵਿੱਚ ਮਾੜੇ ਵਿਚਾਰਾਂ ਤੋਂ ਚੰਗੇ ਵਿਚਾਰਾਂ ਵੱਲ ਨਹੀਂ ਤੁਰੇ ਤਾਂ ਬਾਹਰੀ ਧਾਰਮਿਕ ਦਿੱਖ ਵੀ ਭੇਖ ਬਣ ਕੇ ਰਹਿ ਜਾਵੇਗਾ । ਜਿਸ ਨਾਲ ਜਿਥੇ ਸਾਡਾ ਕੀਤਾ ਪੂਜਾ ਪਾਠ ਕਰਦਿਆ ਸਮਾਂ ਹੀ ਬਰਬਾਦ ਹੋਵੇਗਾ।ਇਸੇ ਕਰਕੇ ਗੁਰਬਾਣੀ ਸਮਝਾਉਂਦੀ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥(ਮ:1,ਪੰਨਾ 62)

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸੰਸਾਰ, ਭੌਤਿਕਤਾ ,ਪਦਾਰਥ ਨੂੰ ਬਾਕੀ ਧਰਮਾਂ ਵਾਗ ਮਾਇਆ ਤੇ ਮਿਥ ਨਹੀਂ ਮੰਨਦੀ।ਪਰ ਬੇਲੋੜੀਆਂ ਲੋੜਾਂ ,ਵਾਸ਼ਨਾਵਾਂ ,ਆਵਾਰਾ ਪੂੰਜੀ ਨੂੰ ਰੱਬੀ ਰਾਹ ਅਗੇ ਰੁਕਾਵਟ ਮੰਨਦੀ ਹੈ।ਇਹੀ ਸਮਝ ਮਨੁੱਖੀ ਹਿਤਾਂ ਵਲ ਇਨਕਲਾਬ ਦਾ ਸਫਰ ਹੈ।ਗੁਰੂ ਸਾਹਿਬਾਨ ਅਨੁਸਾਰ ਮਾਇਆ ਦਾ ਕੂੜ (ਭ੍ਰਮ/ਛਲਾਵਾ) ਮਨੁੱਖ ਦੇ ਮਾਨਸਿਕ ਵਿਕਾਸ਼ ਨੂੰ ਠੱਲ੍ਹ ਪਾਉਂਦਾ ਹੈ। ਅਤੇ ਬਿਖ ਮਾਇਆ ਦਾ ਮੋਹ ਹੀ ਮਨੁੱਖ ਦੇ ਆਤਮਿਕ ਵਿਨਾਸ਼ ਦਾ ਕਾਰਣ ਬਣਦਾ ਹੈ। ਮਾਨਸਿਕ ਵਿਕਾਸ ਅਤੇ ਆਤਮਿਕ ਕਲਿਆਣ ਦੇ ਰਾਹ ਵਿੱਚ ਰੋੜਾ ਬਣਨ ਵਾਲੀ ਮਾਇਆ ਦੇ ਵਿਨਾਸ਼ਕ ਗੁਣਾਂ ਕਰਕੇ, ਗੁਰਬਾਣੀ ਵਿੱਚ ਇਸ (ਮਾਇਆ) ਨੂੰ ਸਰਪਨੀ, ਛਲ ਨਾਗਨੀ, ਨਕਟੀ, ਸਕਤੀ, ਮੋਹਣੀ, ਚੇਰੀ, ਅਮਲੁ ਗਲੋਲਾ ਕੂੜ ਕਾ, ਧਾਤੁ, ਸਾਸੁ (ਸੱਸ), ਡਾਇਨ, ਚੁੜੇਲ, ਬਿਖਿਆ, ਕਾਚਾ ਧਨੁ, ਮੋਹ ਠਗਉਲੀ, ਬਿਖੈ ਠਗਉਰੀ, ਠਗਵਾਰੀ, ਲਖਿਮੀ, ਗੁਹਜ ਪਾਵਕੋ, ਗੁਝੀ ਭਾਹਿ, ਡਾਕੀ (ਡਾਇਨ) ਆਦਿ ਕਈ ਨਾਮ ਦਿੱਤੇ ਗਏ ਹਨ।ਆਰਥਕ ਅਤੇ ਪਦਾਰਥਕ ਲਾਭ ਦਾ ਲੋਭ-ਲਾਲਚ ਅਤੇ ਤ੍ਰਿਸ਼ਨਾ ਹੀ ਮਾਇਆ ਦਾ ਚੰਦਰਾ ਚਮਤਕਾਰ ਹੈ। ਮਾਇਆ ਦਾ ਲੋਭ ਮਨ ਦਾ ਸੂਤਕ ਹੈ ਅਰਥਾਤ ਲੋਭ ਦਾ ਵਿਕਾਰ ਮਨ ਦੀ ਮਲੀਨਤਾ ਅਤੇ ਅਸ਼ੁੱਧਤਾ ਦਾ ਕਾਰਣ ਬਣਦਾ ਹੈ।

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥ ਸਲੋਕ ਮ: ੧

ਮਨ ਦੇ ਇਸ ਗੁੱਝੇ ਸੂਤਕ ਸਦਕਾ ਮਨੁੱਖ ਦਾ ਮਨ ਪਿੰਗਲਾ ਅਤੇ ਆਤਮਾ ਨਿਰਬਲ ਹੋ ਜਾਂਦੀ ਹੈ। ਮਾਇਆ-ਮੋਹ ਨੂੰ ਪੁਗਾਉਣ ਲਈ ਮਨੁੱਖ ਦੇ ਚੰਚਲ ਮਨ ਨੂੰ ਕਾਮ, ਕ੍ਰੋਧ, ਲੋਭ-ਲਾਲਚ ਅਤੇ ਹਉਮੈਂ-ਹੰਕਾਰ ਆਦਿ ਮਾਰੂ ਵਿਕਾਰਾਂ ਦੀ ਲਤ ਲੱਗ ਜਾਂਦੀ ਹੈ; ਅਤੇ ਮਨ ਦੀ ਇਸ ਭੈੜੀ ਲਤ ਦੀ ਤ੍ਰਿਪਤੀ ਵਾਸਤੇ ਮਨੁੱਖ ਕਾਮ-ਕ੍ਰੀੜਾ, ਚੋਰੀ-ਚਕਾਰੀ, ਠੱਗੀ-ਠੋਰੀ, ਧੋਖਾ-ਧੜੀ, ਛਲ-ਕਪਟ, ਭ੍ਰਸ਼ਟਤਾ, ਦੁਸ਼ਟਤਾ, ਨਿਰਦਯਤਾ, ਹਿੰਸਾ, ਆਤੰਕ ਅਤੇ ਗੁੰਡਾਗਰਦੀ ਆਦਿਕ ਅਵਗੁਣਾਂ ਦੇ ਜਾਲ ਵਿੱਚ ਉਲਝ ਕੇ ਆਤਮਿਕ ਪੱਖੋਂ ਨਿਤਾਣਾ ਹੋ ਜਾਂਦਾ ਹੈ। ਲੋਭ-ਲਾਲਚ ਦੀ ਅੰਨ੍ਹੀ ਖਾਈ ਵਿੱਚ ਡਿੱਗਿਆ ਮਨੁੱਖ ਫਿਰ ਬਾਹਰ ਨਹੀਂ ਨਿਕਲ ਸਕਦਾ।ਗੁਰੂ ਸਾਹਿਬਾਨ ਅਨੁਸਾਰ ਮਾਇਆ ਸੰਸਾਰ ਰੂਪੀ ਬਿਖ ਅਰਥਾਤ ਜ਼ਹਿਰ ਨਾਲ ਭਰਿਆ ਅੰਨ੍ਹਾ ਖੂਹ ਹੈ।

ਸੰਸਾਰੁ ਬਿਖਿਆ ਕੂਪ॥ ਤਮ ਅਗਿਆਨ ਮੋਹਿਤ ਘੂਪ॥ ਬਿਲਾਵਲ ਅਸ: ਮ: ੫

ਗੁਰਮਤਿ ਅਨੁਸਾਰ ਜੀਵਨ ਵਿੱਚ ਦੁੱਖ ਹੈ, ਪਰ ਇਸਦਾ ਕਾਰਨ ਪਦਾਰਥ ਹੈ, ਜੇਕਰ ਦੁੱਖ ਦਾ ਕਾਰਨ ਪਦਾਰਥਕ ਹੈ ਤਾਂ ਇਸ ਦਾ ਹੱਲ ਵੀ ਪਦਾਰਥਕ ਸੰਸਾਰ ਵਿੱਚ ਹੈ। ਗੁਰਮਤਿ ਜੀਵਨ ਵਿੱਚ ਦੁਖਾਂ ਦਾ ਕਾਰਣ ਮਨ ਦੀ ਭਟਕਣਾ ਨੂੰ ਮੰਨਦੀ ਹੈ।ਹੱਲ ਮਨ ਉਪਰ ਕਾਬੂ ਪਾਉਣ ਤੇ ਮਨ ਨੂੰ ਮਜਬੂਤ ਕਰਨ ਵਿਚ ਟੋਲਦੀ ਹੈ।ਸਨਮਾਨਜਨਕ ਜੀਵਨ ਦਾ ਹੱਲ ਉਹ ਸਰਬਤ ਦੇ ਭਲੇ, ਸਰਬੱਤ ਦੀ ਅਜ਼ਾਦੀ, ਸਾਂਝੀਵਾਲਤਾ ਆਤੇ ਸੰਗਤ ਵਿੱਚ ਦਸਦੀ ਹੈ। ਗੁਰਬਾਣੀ ਦਾ ਮਨੋਰਥ ਕਰਮ , ਸ਼ੁਭ ਕਰਮ, ਸਚ ਅਚਾਰ ਹੈ, ਕਰਮਕਾਂਡ ਨਹੀਂ।

ਭਾਰਤ ਵਰਗੇ ਗ਼ਰੀਬ ਦੇਸ਼ ਵਿੱਚ ਅਧਿਆਤਮਿਕਤਾ ਇੱਕ ਅਜਿਹਾ ਕਾਰੋਬਾਰ ਤੇ ਪਖੰਡ ਬਣ ਕੇ ਉੱਭਰਿਆ ਹੈ ਜਿਸਦੇ ਉਪਦੇਸ਼ਕ ਰਬੀ ਸਚ ਤੋਂ ਉਲਟ ਲਗਜ਼ਰੀ ਜੀਵਨ ਬਤੀਤ ਕਰਨ ਵਿੱਚ ਵਿਸ਼ਵਾਸ ਰਖਦੇ ਹਨ।ਮਾਇਆ ਦੇ ਵਪਾਰੀ ਹਨ , ਨਾਲ ਹੀ ਇਹਨਾਂ ਦਾ ਵਪਾਰ ਅਤੇ ਰਾਜਨੀਤਿਕ ਖੇਤਰ ਵਿੱਚ ਵੀ ਚਲਦਾ ਹੈ। ਗੁਰਮਤਿ ਵਿੱਚ ਇਹਨਾਂ ਨੂੰ ਬਨਾਰਸ ਦੇ ਠਗ ਕਿਹਾ ਹੈ-

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥(ਭਗਤ ਕਬੀਰ ਜੀ, ਪੰਨਾ 476)

ਗੁਰਮਤਿ ਅਨੁਸਾਰ ਮਨੁੱਖ ਦਾ ਜੀਵਨ ਮਨੋਰਥ ਇਹ ਹੈ ਕਿ ਉਹ ਸਾਰਾ ਜੀਵਨ ਰੱਬੀ ਸੱਚ ਨਾਲ ਸਦੀਵੀ ਸਾਂਝ ਬਣਾਈ ਰੱਖੇ। ਗੁਰਬਾਣੀ ਮਨੁੱਖੀ ਜੀਵਨ ਲਈ ਚਾਨਣ ਮੁਨਾਰਾ ਹੈ। ਸਮਾਜ ਦੇ ਰਾਜ ਪ੍ਰਬੰਧ ਬਾਰੇ ਗੁਰਬਾਣੀ ਦਾ ਉਪਦੇਸ਼ ਹੈ ਕਿ ਲਾਇਕ ਆਗੂਆਂ ਦਾ ਸੱਚਾ, ਨਿਆਂਪੂਰਨ ਅਤੇ ਸ਼ਾਂਤਮਈ ਹਲੀਮੀ ਰਾਜ ਸਥਾਪਤ ਹੋਵੇ। ਗੁਰਬਾਣੀ ਦਾ ਕਥਨ ਹੈ: ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ॥ ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤ ਮੇਲਿ ਮਿਲਾਈ॥ (ਪੰ: ੧੦੯੭) ਐਸੇ ਸੱਚੇ, ਸੁਖੀ ਨਿਆਂਪੂਰਨ ਰਾਜ ਦੇ ਵਾਤਾਵਰਣ ਵਿੱਚ ਸਤਸੰਗਤ ਰਾਹੀਂ ਬੇਗਮਪੁਰਾ ਦਾ ਆਤਮਕ ਅਨੰਦ ਪਰਾਪਤ ਹੁੰਦਾ ਹੈ। ਗੁਰਬਾਣੀ ਕਿਸੇ ਵੀ ਧਰਮਤੰਤਰਕ ਰਾਜ ਦਾ ਸਮਰਥਨ ਨਹੀਂ ਕਰਦੀ। ਉਹ ਅਜ਼ਾਦੀ ਤੇ ਨਿਆਂ ਪਖੀ, ਸਾਂਝੀਵਾਲਤਾ ਵਾਲੇ ਰਾਜ ਦੀ ਸਮਰਥਕ ਹੈ।ਪਰ ਖਬੇਪਖੀਆਂ ਤੇ ਭੌਤਿਕਵਾਦੀਆਂ ਨੇ ਇਸ ਮਹਾਨ ਵਿਚਾਰ ਨੂੰ ਸਮਝਣ ਦਾ ਯਤਨ ਨਹੀਂ ਕੀਤਾ।

ਗੁਰਮਤਿ ਦਾ ਬ੍ਰਾਹਮਣਵਾਦੀ ਸਿਸਟਮ ਨਾਲ ਇਸ ਕਰਕੇ ਵਿਰੋਧ ਹੈ ਕਿ ਉਹ ਰੱਬ ਤੇ ਮਨੁੱਖਤਾ ਵਿਰੋਧੀ ਸਿਸਟਮ ਦੀ ਪੈਰੋਕਾਰ ਹੈ ਜੋ ਰਬੀ ਨਿਆਂ ਨੂੰ ਰੱਦ ਕਰਦੀ, ਵਰਨ ਆਸ਼ਰਮ ਉਪਰ ਟੇਕ ਰਖਦੀ ਮਨੁੱਖ ਨੂੰ ਜਾਤਾਂ ਵਿਚ ਵੰਡਕੇ ਵਰਨ ਆਸ਼ਰਮ ਸਿਰਜਦੀ ਮਨੁੱਖ ਨੂੰ ਗੁਲਾਮੀ ਦੇ ਰਾਹੇ ਪਾਉਂਦੀ ਹੈ ਤੇ ਰਾਜੇ ਨੂੰ ਰੱਬ ਦੀ ਮੂਰਤ ਵਜੋਂ ਸਥਾਪਿਤ ਕਰਦੀ ਹੈ ਤਾਂ ਜੋ ਲੋਕ ਰਾਜੇ ਦਾ ਹਰ ਕੂੜ ਤੇ ਅਨਿਆਂਈ ਹੁਕਮ ਨੂੰ ਰੱਬੀ ਹੁਕਮ ਸਮਝ ਕੇ ਸਿਰ ਝੁਕਾ ਕੇ ਮੰਨਣ। ਇਸ ਲਈ ਰਾਜਿਆਂ ਦਾ ਸਮਰਥਨ ਬ੍ਰਾਹਮਣਵਾਦੀ ਸੋਚ ਦੇ ਹੱਕ ਵਿੱਚ ਸੀ।ਅਜੋਕੇ ਤੰਤਰ ਵਿਚ ਵੀ ਹਾਲਤ ਅਜਿਹੀ ਹੈ। ਇਸ ਦੇ ਨਤੀਜੇ ਇਹ ਨਿਕਲੇ ਕਿ ਮਨੁੱਖੀ ਅਜ਼ਾਦੀ ਨੂੰ ਦਬਾ ਦਿੱਤਾ ਗਿਆ, ਉਨ੍ਹਾਂ ਦੇ ਉਸਾਰੂ ਸਾਹਿਤ ਨੂੰ ਤਬਾਹ ਕਰ ਦਿੱਤਾ ਗਿਆ। ਬੁਧ ਧਰਮ ਦੇ ਸਾਹਿਤ ਦੀ ਤਬਾਹੀ ਤੇ ਜੂਨ 84 ਘਲੂਘਾਰੇ ਦੌਰਾਨ ਦਰਬਾਰ ਸਾਹਿਬ ਦੀ ਲਾਇਬਰੇਰੀ ਦੀ ਤਬਾਹੀ ਇਸ ਗੱਲ ਦਾ ਸਬੂਤ ਹੈ।ਅੱਜ ਬਾਹਮਣਵਾਦ ਵਲੋਂ ਤਬਾਹ ਕੀਤੇ ਲੋਕਾਇਤ ਅਤੇ ਚਾਰਵਾਕ ਦਾ ਸਾਹਿਤ ਸਾਨੂੰ ਉਹਨਾਂ ਦੇ ਵਿਰੋਧੀਆਂ ਦੇ ਹਵਾਲੇ ਨਾਲ ਮਿਲਦਾ ਹੈ ਅਤੇ ਇਹਨਾਂ ਤੋਂ ਅਸੀਂ ਉਹਨਾਂ ਬਾਰੇ ਅੰਦਾਜ਼ਾ ਲਗਾ ਸਕਦੇ ਹਾਂ।

ਇਹੀ ਕਾਰਣ ਹੈ ਕਿ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਫੈਲਣ ਨਹੀਂ ਦਿੱਤਾ ਜਾ ਰਿਹਾ ।

**(ਬਾਕੀ ਸਫ਼ਾ 30 'ਤੇ)**

# ਪੰਜਾਬ ਦੇ ਸਨਅਤੀ ਵਿਕਾਸ ਲਈ ਕਾਰੀਡੋਰ ਨੂੰ ਅੰਮ੍ਰਿਤਸਰ ਅਤੇ ਪਠਾਨਕੋਟ ਤਕ ਵਧਾਉਣ ਦੀ ਲੋੜ

ਬਿਕਰਮ ਸਿੰਘ

ਭਾਰਤ ਵਿੱਚ ਵਿਸ਼ਾਲ ਰੇਲਵੇ ਲਾਈਨਾਂ ਦਾ ਜਾਲ ਵਿਛਿਆ ਹੋਇਆ ਹੈ ਪਰ ਇਸ ਉੱਪਰ ਯਾਤਰੀ ਅਤੇ ਮਾਲ-ਅਸਬਾਬ ਢੋਣ ਵਾਲੀਆਂ ਗੱਡੀਆਂ ਵਾਸਤੇ ਇਕੋ ਹੀ ਸਾਂਝੀ ਰੇਲ ਲਾਈਨ ਹੋਣ ਕਾਰਨ ਮਾਲ ਗੱਡੀਆਂ ਦੇ ਚੱਲਣ ਦੀ ਰਫ਼ਤਾਰ ਕਾਫ਼ੀ ਘੱਟ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਵੀ ਕੋਈ ਯਾਤਰੀ ਰੇਲ ਗੱਡੀ ਆਉਂਦੀ ਹੈ ਤਾਂ ਮਾਲ-ਗੱਡੀ ਨੂੰ ਘੰਟਿਆਂਬੱਧੀ ਇਕ ਪਾਸੇ ਲਗਾ ਕੇ ਖੜ੍ਹਾ ਦਿੱਤਾ ਜਾਂਦਾ ਹੈ। ਇਸ ਵਜ੍ਹਾ ਕਰਕੇ ਮਾਲ ਦੇ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਪਹੁੰਚਣ ਵਿਚ ਇਕ ਤਾਂ ਬਹੁਤ ਦੇਰੀ ਹੋ ਜਾਂਦੀ ਅਤੇ ਦੂਸਰਾ ਢੋਆ-ਢੁਆਈ ਦੀ ਲਾਗਤ 'ਚ ਚੋਖਾ ਵਾਧਾ ਹੋ ਜਾਂਦਾ ਹੈ। ਅਜੇ ਵੀ ਸੜਕੀ ਰਸਤੇ ਦੇ ਮੁਕਾਬਲੇ ਰੇਲਵੇ ਲਾਈਨਾਂ ਰਾਹੀਂ ਢੋਆ-ਢੁਆਈ ਦੀ ਲਾਗਤ ਮੁਕਾਬਲਤਨ ਕਾਫ਼ੀ ਘੱਟ ਹੈ ਪ੍ਰੰਤੂ ਸਮੇਂ ਦੀ ਬਹੁਤਾਤ ਨੂੰ ਦੇਖਦਿਆਂ ਮਜਬੂਰੀ ਵਿੱਚ ਕਈ ਵਾਰ ਰੇਲ ਦੀ ਬਜਾਏ ਸੜਕੀ ਆਵਾਜਾਈ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸੇ ਕਾਰਨ ਹੀ ਰੇਲਵੇ ਰਾਹੀਂ ਮਾਲ ਅਸਬਾਬ ਦੀ ਢੋਆ-ਢੁਆਈ, ਜੋ ਕਿ 1951 ਵਿੱਚ 86 ਫ਼ੀਸਦੀ ਸੀ, ਇਸ ਵਕਤ ਘਟ ਕੇ ਮਹਿਜ਼ 27 ਫ਼ੀਸਦ ਹੀ ਰਹਿ ਗਈ ਹੈ ਅਤੇ ਇਸ ਦੀ ਢੋਆ-ਢੁਆਈ ਦਾ ਇਕ ਵੱਡਾ ਹਿੱਸਾ ਸੜਕੀ ਆਵਾਜਾਈ ਅਧੀਨ ਆ ਗਿਆ ਹੈ। ਇਸ ਨਾਲ ਸਮੇਂ ਦੀ ਤਾਂ ਭਾਵੇਂ ਕੁਝ ਬੱਚਤ ਹੋਈ ਹੋਵੇ, ਪ੍ਰੰਤੂ ਲਾਗਤਾਂ 'ਚ ਭਾਰੀ ਵਾਧਾ ਹੋਇਆ ਹੈ। ਇਕ ਰਿਪੋਰਟ ਅਨੁਸਾਰ ਰੇਲਵੇ ਦੇ ਮੁਕਾਬਲੇ ਸੜਕੀ ਆਵਾਜਾਈ ਰਾਹੀਂ ਢੋਆ-ਢੁਆਈ 12 ਗੁਣਾਂ ਜ਼ਿਆਦਾ ਮਹਿੰਗੀ ਪੈਂਦੀ ਹੈ। ਇਸ ਤੋਂ ਇਲਾਵਾ ਰੇਲਵੇ ਨੂੰ ਯਾਤਰੀ ਗੱਡੀਆਂ ਦੇ ਕਿਰਾਏ ਤੋਂ ਤਾਂ ਕੁਝ ਖ਼ਾਸ ਨਹੀਂ ਬਚਦਾ ਪ੍ਰੰਤੂ ਮਾਲ-ਅਸਬਾਬ ਦੀ ਢੋਆ-ਢੁਆਈ ਤੋਂ ਵੱਡਾ ਮੁਨਾਫ਼ਾ ਹੁੰਦਾ ਹੈ।

ਦੇਸ਼ ਵਿੱਚ ਰੇਲ ਗੱਡੀਆਂ ਰਾਹੀਂ ਢੋਆ-ਢੁਆਈ ਨੂੰ ਸੁਖਾਲਾ ਅਤੇ ਤੇਜ਼ ਬਣਾਉਣ ਵਾਸਤੇ ਸਰਕਾਰ ਵੱਲੋਂ ਸਾਲ 2006 'ਚ ਢੋਆ-ਢੁਆਈ ਲਈ ਇੱਕ ਵੱਖਰੀ ਲਾਈਨ ਸਥਾਪਤ ਕੀਤੇ ਜਾਣ ਦੀ ਤਜਵੀਜ਼ ਤਿਆਰ ਕੀਤੀ ਗਈ, ਜਿਸ ਅਧੀਨ ਭਾਰਤ ਸਰਕਾਰ ਵੱਲੋਂ ਜਾਪਾਨ ਦੀ ਸਰਕਾਰ ਨਾਲ ਇੱਕ ਸਮਝੌਤਾ ਵੀ ਸਹੀਬੱਧ ਕੀਤਾ ਗਿਆ। ਇਸ ਨੂੰ 'ਡੈਡੀਕੇਟਡ ਫਰੇਟ ਕਾਰੀਡੋਰ' ਭਾਵ ਕੇਵਲ ਮਾਲ-ਭਾੜੇ ਲਈ ਲਾਂਘੇ ਵਾਲੀ ਲਾਈਨ ਦਾ ਨਾਂਅ ਦਿੱਤਾ ਗਿਆ, ਜਿਸ ਦੇ ਕਿ ਦੋ ਹਿੱਸੇ, ਉੱਤਰੀ ਕਾਰੀਡੋਰ ਅਤੇ ਪੱਛਮੀ ਕਾਰੀਡੋਰ ਤਿਆਰ ਕੀਤੇ ਜਾਣੇ ਸਨ ਅਤੇ ਇਹ ਕੇਵਲ ਤੇ ਕੇਵਲ ਮਾਲ-ਅਸਬਾਬ ਦੀ ਢੋਆ-ਢੁਆਈ ਲਈ ਹੀ ਵਰਤੇ ਜਾਣੇ ਸਨ। 1873 ਕਿੱਲੋਮੀਟਰ ਦੀ ਲੰਬਾਈ ਵਾਲਾ ਉੱਤਰੀ ਕਾਰੀਡੋਰ ਲੁਧਿਆਣਾ ਤੋਂ ਕੋਲਕਾਤਾ ਨੇੜੇ ਦੰਕੁਨੀ ਤੀਕਰ ਅਤੇ 1504 ਕਿੱਲੋਮੀਟਰ ਲੰਬਾ ਪੱਛਮੀ ਕਾਰੀਡੋਰ ਦਿੱਲੀ ਨੇੜਲੇ ਦਾਦਰੀ ਤੋਂ ਮੁੰਬਈ ਤੀਕਰ ਬਣਾਏ ਜਾਣ ਦੀ ਤਜਵੀਜ਼ ਉਲੀਕੀ ਗਈ ਸੀ। ਇਸ ਉੱਪਰ ਹੋਣ ਵਾਲੇ ਖ਼ਰਚ ਨੂੰ ਸੰਸਾਰ ਬੈਂਕ, ਜਾਪਾਨ ਇੰਟਰਨੈਸ਼ਨਲ ਕੋਆਪਰੇਸ਼ਨ ਏਜੰਸੀ, ਏਸ਼ੀਆ ਵਿਕਾਸ ਬੈਂਕ ਅਤੇ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਵੱਲੋਂ ਜੁਟਾਇਆ ਜਾਣਾ ਸੀ। ਇਸ ਵੇਲੇ ਇਹ ਦੋਵੇਂ ਲਾਂਘੇ ਅੰਸ਼ਕ ਰੂਪ ਵਿੱਚ ਚਾਲੂ ਹੋ ਚੁੱਕੇ ਹਨ। ਇਨ੍ਹਾਂ ਦੇ ਮੁਕੰਮਲ ਹੋਣ ਉਪਰੰਤ ਢੋਆ-ਢੁਆਈ ਵਿਚ ਆਈ ਕ੍ਰਾਂਤੀ ਨੂੰ ਦੇਖਦਿਆਂ ਸਾਲ 2021-22 ਦੇ ਸਾਲਾਨਾ ਬਜਟ ਵਿੱਚ 4090 ਕਿੱਲੋਮੀਟਰ ਦੀ ਲੰਬਾਈ ਵਾਲੀਆਂ ਤਿੰਨ ਹੋਰ ਡੈਡੀਕੇਟਡ ਫਰੇਟ ਕਾਰੀਡੋਰਜ਼, ਦੰਕੁਨੀ-ਭੁਸਾਵਲ, ਵਿਜੇਵਾੜਾ ਇਟਾਰਸੀ ਅਤੇ ਖੜਗਪੁਰ-ਵਿਜੇਵਾੜਾ ਰੂਪੀ ਬਣਾਏ ਜਾਣ ਦੀ ਤਜਵੀਜ਼ ਵੀ ਰੱਖੀ ਗਈ ਹੈ।

### ਦੇਰੀ ਅਤੇ ਲਾਗਤ ਵਿੱਚ ਵਾਧਾ

ਇਨ੍ਹਾਂ ਦੋਹਾਂ ਕਾਰੀਡੋਰਜ਼ ਦੇ ਨਿਰਮਾਣ ਲਈ ਭਾਰਤ ਸਰਕਾਰ ਵਲੋਂ ਅਕਤੂਬਰ 2006 'ਚ ਇੱਕ ਵੱਖਰੀ ਕਾਰਪੋਰੇਸ਼ਨ ਬਣਾਈ ਗਈ, ਜਿਸ ਦਾ ਨਾਂਅ 'ਡੈਡੀਕੇਟਡ ਫਰੇਟ ਕਾਰੀਡੋਰ ਕਾਰਪੋਰੇਸ਼ਨ ਆਫ਼ ਇੰਡੀਆ ਲਿਮ.' ਰੱਖਿਆ ਗਿਆ। ਇਸ ਕਾਰਪੋਰੇਸ਼ਨ ਦੁਆਰਾ ਇਸ ਪ੍ਰਾਜੈਕਟ ਵਾਸਤੇ ਫੰਡ ਜੁਟਾ ਕੇ ਇਸ ਨੂੰ ਤੈਅ ਸਮੇਂ ਵਿੱਚ ਮੁਕੰਮਲ ਕੀਤੇ ਜਾਣ ਦੀ ਜ਼ਿੰਮੇਵਾਰੀ ਸੀ। 3377 ਕਿੱਲੋਮੀਟਰ ਦੀ ਲੰਬਾਈ ਵਾਲੀਆਂ 17 ਸਾਲ ਪਹਿਲਾਂ ਉਲੀਕੇ ਇਹ ਦੋ ਕਾਰੀਡੋਰਜ਼ ਨੂੰ 8 ਸਾਲ ਦੇ ਸਮੇਂ ਵਿੱਚ ਮੁਕੰਮਲ ਕੀਤੇ ਜਾਣ ਦਾ ਸਮਾਂ ਤੈਅ ਕੀਤਾ ਗਿਆ ਸੀ ਅਤੇ ਇਸ 'ਤੇ ਹੋਣ ਵਾਲਾ ਕੁੱਲ ਖ਼ਰਚ 21,140 ਕਰੋੜ ਰੁਪਏ ਆਂਕਿਆ ਗਿਆ ਸੀ। ਪਰ ਜਿਵੇਂ ਸਾਡੇ ਦੇਸ਼ 'ਚ ਹੁੰਦਾ ਹੈ ਕਿ ਪ੍ਰਾਜੈਕਟ ਸਾਲਾਂ-ਬੱਧੀ ਲਟਕਦੇ ਰਹਿੰਦੇ ਹਨ ਅਤੇ ਇਨ੍ਹਾਂ ਉੱਪਰ ਖ਼ਰਚ ਹੋਣ ਵਾਲੀ ਲਾਗਤ ਵਧਦੀ ਰਹਿੰਦੀ ਹੈ, ਇੰਜ ਹੀ ਇਸ ਪ੍ਰਾਜੈਕਟ ਵਾਸਤੇ ਵੀ ਪੰਜ ਵਾਰ 'ਡੈੱਡਲਾਈਨ' (ਪ੍ਰਾਜੈਕਟ ਮੁਕੰਮਲ ਕਰਨ ਦੀ ਤੈਅ ਤਰੀਕ) ਵਧਾਈ ਗਈ। ਇੰਜ ਇਸ 'ਤੇ ਹੋਣ ਵਾਲਾ ਕੁੱਲ ਖ਼ਰਚ ਵਧ ਕੇ 1 ਲੱਖ 24 ਹਜ਼ਾਰ ਕਰੋੜ ਰੁਪਏ ਹੋ ਗਿਆ, ਜੋ ਕਿ ਮੁਢਲੇ ਤਜਵੀਜ਼ਤ ਖ਼ਰਚ ਨਾਲੋਂ 6 ਗੁਣਾਂ ਦੇ ਕਰੀਬ ਬਣਦਾ ਹੈ। ਭਾਵੇਂ ਕਿ ਇਨ੍ਹਾਂ ਦੋਹਾਂ ਕਾਰੀਡੋਰਜ਼ ਦੇ ਇਕ ਵੱਡੇ

**(ਬਾਕੀ ਸਫ਼ਾ 30 'ਤੇ)**

# ਕੀ ਦਿੱਲੀ ਯੂਨੀਵਰਸਿਟੀ, ਜੇਐਨਯੂ ਵਰਗੇ ਕੈਂਪਸ ਹਿੰਦੂਤਵ ਦੇ ਸਿਖਲਾਈ ਕੇਂਦਰ ਨੇ








**ਅਪੂਰਵਾਨੰਦ**
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ

ਦਿੱਲੀ ਯੂਨੀਵਰਸਿਟੀ ਇੱਕ ਨਵੇਂ ਕਾਰਨ ਕਰਕੇ ਸੁਰਖ਼ੀਆਂ ਵਿੱਚ ਹੈ। ਬੀਬੀਸੀ ਦੀ ਇੱਕ ਡਾਕੂਮੈਂਟਰੀ ਨੂੰ ਦਿਖਾਉਣ ਦੇ ਦੋਸ਼ ਵਿੱਚ ਵਿਦਿਆਰਥੀਆਂ ਨੂੰ ਸਜ਼ਾ ਦੇਣ ਅਤੇ ਕਾਂਗਰਸ ਨੇਤਾ ਰਾਹੁਲ ਗਾਂਧੀ ਵੱਲੋਂ ਇੱਕ ਹੋਸਟਲ ਦਾ ਦੌਰਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ। ਦਿੱਲੀ ਯੂਨੀਵਰਸਿਟੀ ਵੱਲੋਂ ਹੁਣ ਭੀਮ ਰਾਓ ਅੰਬੇਡਕਰ, ਇਕਬਾਲ, ਜਾਤੀ, ਨਾਰੀਵਾਦ ਨੂੰ ਆਪਣੇ ਕੋਰਸਾਂ ਵਿੱਚੋਂ ਹਟਾਉਣ ਦੀ ਚਰਚਾ ਹੈ।ਇਸ ਸਬੰਧੀ ਜੋ ਖ਼ਬਰਾਂ ਪ੍ਰਕਾਸ਼ਿਤ ਹੋ ਰਹੀਆਂ ਹਨ, ਉਸ ਤੋਂ ਯੂਨੀਵਰਸਿਟੀ ਅਧਿਕਾਰੀਆਂ ਅਤੇ ਸਬੰਧਿਤ ਵਿਭਾਗਾਂ ਦੇ ਅਧਿਆਪਕਾਂ ਦੀ ਆਪਸੀ ਖਿੱਚੋਤਾਣ ਦਾ ਪਤਾ ਨਹੀਂ ਲੱਗਦਾ ਜੋ ਆਪਸ ਵਿੱਚ ਚੱਲ ਰਹੀ ਹੈ। ਉਹਨਾਂ ਨੂੰ ਪੜ੍ਹ ਕੇ ਤੁਸੀਂ ਕਲਪਨਾ ਨਹੀਂ ਕਰ ਸਕਦੇ ਕਿ ਅਧਿਆਪਕ ਕਿਸ ਤਣਾਅ ਵਿੱਚ ਹਨ, ਕਿਉਂਕਿ ਉਹ ਆਪਣੇ ਵਿਸ਼ਿਆਂ ਪ੍ਰਤੀ ਵਫ਼ਾਦਾਰ ਹਨ ਤੇ ਉਹਨਾਂ ਦੀ ਰੱਖਿਆ ਲਈ ਸੰਘਰਸ਼ ਕਰ ਰਹੇ ਹਨ। ਪ੍ਰਸ਼ਾਸਨ ਜਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਵਿਚਾਰਧਾਰਾ ਪ੍ਰਤੀ ਉਹਨਾਂ ਦੀ ਕੋਈ ਪ੍ਰਤੀਬੱਧਤਾ ਨਹੀਂ ਹੈ।

ਇਹ ਸੱਚ ਹੈ ਕਿ ਦਿੱਲੀ ਯੂਨੀਵਰਸਿਟੀ ਦੇ ਅਧਿਕਾਰੀ ਹੋਰ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਾਂਗ, ਹੁਣ ਆਰਐਸਐਸ ਦੀ ਵਿਚਾਰਧਾਰਾ ਨੂੰ ਯੂਨੀਵਰਸਿਟੀ ਦੀ ਅਧਿਕਾਰਕ ਵਿਚਾਰਧਾਰਾ ਬਣਾਉਣ ਲਈ ਯੂਨੀਵਰਸਿਟੀ ਦੇ ਸਾਧਨਾਂ ਦੀ ਵਰਤੋਂ ਕਰ ਰਹੇ ਹਨ। ਹਾਲ ਹੀ ਵਿੱਚ ਯੂਨੀਵਰਸਿਟੀ ਨੇ ਇੱਕ ਪੰਚਾਂਗ ਪ੍ਰਕਾਸ਼ਿਤ ਕੀਤਾ ਹੈ। ਉਹ ਇਸ ਨੂੰ ਭਾਰਤੀ ਕੈਲੰਡਰ ਦੱਸ ਕੇ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਇਸ ਦੇ ਹਰ ਪੰਨੇ 'ਤੇ ਹਿੰਦੂਆਂ ਦੇ ਦੇਵੀ-ਦੇਵਤਿਆਂ ਦੀਆਂ ਤਸਵੀਰਾਂ ਦੇ ਨਾਲ-ਨਾਲ ਹਿੰਦੂ ਤਾਰੀਖ਼ਾਂ, ਤਿਉਹਾਰਾਂ ਨੂੰ ਅੰਕਿਤ ਕੀਤਾ ਗਿਆ ਹੈ। ਜਿੱਥੇ ਸਤਿਗੁਰੂ ਨਾਨਕ ਸਾਹਿਬ ਜਾਂ ਬੁੱਧ ਦੀ ਤਸਵੀਰ ਦਿੱਤੀ ਗਈ ਹੈ, ਉੱਥੇ ਦੂਜੇ ਕੋਨੇ 'ਤੇ ਹਿੰਦੂ ਦੇਵਤੇ ਦੀ ਤਸਵੀਰ ਨਾਲ ਉਸ ਨੂੰ ਸੰਤੁਲਿਤ ਕਰ ਦਿੱਤਾ ਗਿਆ ਹੈ। ਅਜੇ ਵੀ ਯੂਨੀਵਰਸਿਟੀ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਇਹ ਹਿੰਦੂਆਂ ਦੀ ਸੰਸਥਾ ਹੈ? ਕੀ ਕੈਲੰਡਰ ਦਾ ਇਹੀ ਇੱਕੋ ਇਕ ਤਰੀਕਾ ਹੈ? ਜੇਕਰ ਯੂਨੀਵਰਸਿਟੀ ਇਹੀ ਦਲੀਲ ਦੇ ਰਹੀ ਹੈ ਕਿ ਇਹ ਭਾਰਤੀ ਕੈਲੰਡਰ ਦਾ ਵਿਗਿਆਨਕ ਤਰੀਕਾ ਹੈ, ਤਾਂ ਇਸ ਭਾਰਤ ਵਿੱਚ ਹੋਰ ਧਾਰਮਿਕ ਫਿਰਕੇ ਵੀ ਹਨ ਜਿਨ੍ਹਾਂ ਦਾ ਆਪਣਾ ਕੈਲੰਡਰ ਹੈ। ਕੀ ਯੂਨੀਵਰਸਿਟੀ ਉਹਨਾਂ ਦੇ ਵੀ ਕੈਲੰਡਰ ਤਿਆਰ ਕਰੇਗੀ?ਕੁਝ ਸਮਾਂ ਪਹਿਲਾਂ ਤੱਕ ਆਰਐਸਐਸ ਦੇ ਪ੍ਰਚਾਰਕਾਂ ਨੂੰ ਬੁੱਧੀਜੀਵੀ ਅਤੇ ਚਿੰਤਕ ਕਿਹਾ ਜਾਂਦਾ ਸੀ। ਹੁਣ ਸੰਘ ਅਜਿਹਾ ਰੁਤਬਾ ਪ੍ਰਾਪਤ ਕਰਨ ਤੋਂ ਝਿਜਕ ਨਹੀਂ ਰਿਹਾ। ਆਰਐਸਐਸ ਦੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਨੂੰ ਆਪਣੀ ਮਾਨਤਾ ਦਾ ਖੁਲਾਸਾ ਕਰਨ ਲਈ ਯੂਨੀਵਰਸਿਟੀਆਂ ਵਿੱਚ ਅਧਿਕਾਰਕ ਤੌਰ ਉਪਰ ਬੁਲਾਇਆ ਜਾ ਰਿਹਾ ਹੈ। ਕਈ ਕਾਲਜਾਂ ਦੇ ਅਧਿਆਪਕ ਦੱਸਦੇ ਹਨ ਕਿ ਸੰਘੀਆਂ ਦੇ ਪ੍ਰੋਗਰਾਮ ਵਿੱਚ ਪ੍ਰਸ਼ਾਸਨ ਵੱਲੋਂ ਲਾਜ਼ਮੀ ਹਾਜ਼ਰ ਹੋਣ ਦਾ ਹੁਕਮ ਦਿੱਤਾ ਜਾਂਦਾ ਹੈ।

ਅਧਿਆਪਕਾਂ ਨੂੰ ਉਹਨਾਂ ਦੇ ਗਿਆਨ ਦੇ ਖੇਤਰ ਵਿੱਚ ਨਵੀਨਤਮ ਖੋਜਾਂ ਤੋਂ ਜਾਣੂ ਕਰਵਾਉਣ ਲਈ ਜੋ ਵਰਕਸ਼ਾਪਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ ,ਉਹਨਾਂ ਵਿਚ ਇਹਨਾਂ ਪ੍ਰਚਾਰਕਾਂ ਨੂੰ ਵੀ ਬੁਲਾਇਆ ਜਾਂਦਾ ਹੈ। ਹਾਲ ਹੀ ਵਿੱਚ ਪ੍ਰਸ਼ਾਸਨ ਨੇ ਸਟੇਡੀਅਮ



ਵਿੱਚ ਬਹੁਤ ਖਰਚੀਲਾ ਨਾਟਕ 'ਚਾਣਕਿਆ' ਦਾ ਮੰਚਨ ਕੀਤਾ। ਮੇਰੀ ਇਕ ਵਿਦਿਆਰਥਣ ਉਸ ਨੂੰ ਦੇਖ ਕੇ ਬਹੁਤ ਦੁਖੀ ਹੋਈ। ਨਾਟਕ ਦੌਰਾਨ 'ਜੈ ਸ਼੍ਰੀ ਰਾਮ', 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਸੁਣ ਕੇ ਉਹ ਹੈਰਾਨ ਹੋ ਗਈ। ਉਸ ਨੂੰ ਮਹਿਸੂਸ ਹੋਣ ਲੱਗਾ ਕਿ ਉਹ ਕਿਸੇ ਅਜੀਬ ਥਾਂ 'ਤੇ ਬੈਠੀ ਹੈ। ਉਹ ਖੁਦ ਹਿੰਦੂ ਹੈ ਪਰ ਨਾਟਕ ਦੇਖਦਿਆਂ ਉਹ ਸੋਚਦੀ ਰਹੀ ਕਿ ਇੱਥੇ ਮੁਸਲਮਾਨ ਜਾਂ ਈਸਾਈ ਜਾਂ ਆਦਿਵਾਸੀ ਕਿਵੇਂ ਮਹਿਸੂਸ ਕਰਨਗੇ?

ਅਧਿਕਾਰੀ ਇਹ ਕਹਿ ਕੇ ਨਹੀਂ ਬਚ ਸਕਦੇ ਕਿ ਇਨ੍ਹਾਂ ਵਿੱਚ ਆਉਣਾ ਜਾਂ ਨਾ ਆਉਣਾ ਵਿਦਿਆਰਥੀ ਅਤੇ ਅਧਿਆਪਕ ਦੀ ਮਰਜ਼ੀ ਉਪਰ ਹੈ। ਉਹ ਯੂਨੀਵਰਸਿਟੀ ਦੇ ਜਨਤਕ ਮੌਕਿਆਂ ਨੂੰ ਅਜਿਹਾ ਨਹੀਂ ਬਣਾ ਸਕਦੇ, ਜਿਸ ਨਾਲ ਯੂਨੀਵਰਸਿਟੀ ਦੇ ਭਾਈਚਾਰੇ ਦੇ ਸਾਰੇ ਮੈਂਬਰ ਅਸੁਰੱਖਿਅਤ ਅਤੇ ਨਾ -ਬਰਾਬਰੀ ਮਹਿਸੂਸ ਕਰਨ।ਇਨ੍ਹਾਂ ਪ੍ਰੋਗਰਾਮਾਂ ਰਾਹੀਂ ਯੂਨੀਵਰਸਿਟੀ ਦੇ ਮਾਹੌਲ ਨੂੰ ਹਿੰਦੂਤਵੀ ਬਣਾਇਆ ਜਾ ਰਿਹਾ ਹੈ। ਇਸ ਮਾਹੌਲ ਵਿੱਚ ਸਿਰਫ਼ ਮੁਸਲਮਾਨ ਅਤੇ ਈਸਾਈ ਜਾਂ ਹੋਰ ਧਰਮਾਂ ਦੇ ਪੈਰੋਕਾਰ ਹੀ ਨਹੀਂ, ਮੇਰੇ ਹਿੰਦੂ ਵਿਦਿਆਰਥੀ ਵੀ ਆਪਣੇ ਆਪ ਨੂੰ ਨਿਤਾਣਾ ਮਹਿਸੂਸ ਕਰਨਗੇ।ਯੂਨੀਵਰਸਿਟੀ ਨੂੰ ਹਿੰਦੂਤਵ ਦੇ ਪ੍ਰਚਾਰ ਦਾ ਮਾਧਿਅਮ ਨਹੀਂ ਬਣਾਇਆ ਜਾ ਸਕਦਾ।

ਕੁਝ ਸਮਾਂ ਪਹਿਲਾਂ ਤੱਕ ਇਹ ਕਿਹਾ ਜਾ ਰਿਹਾ ਸੀ ਕਿ ਯੂਨੀਵਰਸਿਟੀਆਂ ਨੇ ਰਾਸ਼ਟਰਵਾਦ ਦੀ ਭਾਵਨਾ ਫੈਲਾਉਣੀ ਹੈ। ਉਨ੍ਹੀਂ ਦਿਨੀਂ ਕੈਂਪਸ ਵਿੱਚ ਕੌਮੀ ਝੰਡਾ ਲਹਿਰਾਉਣਾ ਜ਼ਰੂਰੀ ਸੀ। ਹੁਣ ਰਾਸ਼ਟਰਵਾਦ ਦਾ ਚੋਲਾ ਉਤਾਰ ਦਿੱਤਾ ਗਿਆ ਹੈ ਅਤੇ ਹਿੰਦੂਤਵ ਦਾ ਬਿਨਾਂ ਕਿਸੇ ਝਿਜਕ ਦੇ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਕ੍ਰਮ ਵਿੱਚ, ਕੁਝ ਯੂਨੀਵਰਸਿਟੀਆਂ ਮੰਦਰਾਂ ਦੀ ਉਸਾਰੀ ਕਰ ਰਹੀਆਂ ਹਨ, ਘੰਟੀਆਂ, ਗੂੰਜਾਂ, ਸੰਖਾਂ ਅਤੇ ਮੰਤਰਾਂ ਨਾਲ ਰਸਮੀ ਮੌਕਿਆਂ ਨੂੰ ਪਵਿੱਤਰ ਕਰ ਰਹੀਆਂ ਹਨ।ਪਰ ਸੰਘ ਇਹ ਵੀ ਜਾਣਦਾ ਹੈ ਕਿ ਜਦੋਂ ਤੱਕ ਯੂਨੀਵਰਸਿਟੀ ਨੂੰ ਬਦਲ ਨਾ ਦਿੱਤਾ ਜਾਵੇ ,ਉਹ ਅਸਲ ਵਿੱਚ ਆਪਣੇ ਕੋਰਸਾਂ ਅਤੇ ਕਲਾਸਾਂ ਵਿੱਚ ਰਹਿੰਦੀ ਹੈ। ਸਿਰਫ਼ ਭਾਸ਼ਣਾਂ, ਨਾਟਕਾਂ ਨਾਲ ਉਸ ਦਾ ਕਿਰਦਾਰ ਬਦਲਣਾ ਔਖਾ ਹੈ। ਇਹ ਕਰਨਾ ਵੀ ਇੰਨਾ ਆਸਾਨ ਨਹੀਂ ਹੈ। ਪਰ ਭਗਵਿਆਂ ਵੱਲੋਂ ਕੋਸ਼ਿਸ਼ ਜਾਰੀ ਹਨ।ਆਰਐਸਐਸ ਸੱਤਾ ਵਿੱਚ ਹੋਵੇ ਜਾਂ ਨਾ ਹੋਵੇ, ਉਹ ਧਮਕੀਆਂ, ਅਦਾਲਤਾਂ, ਹਿੰਸਾ ਰਾਹੀਂ ਇਹ ਕਰਦੀ ਰਹੀ ਹੈ। ਮਿਸਾਲ ਵਜੋਂ ਕੋਈ 11 ਸਾਲ ਪਹਿਲਾਂ ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੀ ਹਿੰਸਾ ਕਾਰਨ ਸੁਪ੍ਰੀਮ ਕੋਰਟ ਵਿੱਚ ਇੱਕ ਕੇਸ ਰਾਹੀਂ ਦਬਾਅ ਪਾ ਕੇ ਏ ਕੇ ਰਾਮਾਨੁਜਨ ਦਾ ਲੇਖ 'ਤੀਨ ਸੌ ਰਾਮਾਇਣ' ਹਟਾ ਦਿੱਤਾ ਗਿਆ ਸੀ। ਇਸ ਵਿਚਾਲੇ ਨੰਦਨੀ ਸੁੰਦਰ, ਅਰਚਨਾ ਕੁਮਾਰ ਵਰਗੇ ਬੁੱਧੀਜੀਵੀਆਂ ਦੀਆਂ ਕਿਤਾਬਾਂ ਨੂੰ ਇਹ ਕਹਿ ਕੇ ਹਟਾਉਣ ਦੀ ਮੁਹਿੰਮ ਚਲਾਈ ਗਈ ਕਿ ਉਹ ਮਾਓਵਾਦੀ ਸਮਰਥਕ ਹਨ।

ਹੁਣ ਅਸੀਂ ਸੁਣ ਰਹੇ ਹਾਂ ਕਿ ਫ਼ਿਲਾਸਫ਼ੀ ਵਿਭਾਗ ਉਪਰ ਦਬਾਅ ਪਾਇਆ ਗਿਆ ਹੈ ਕਿ ਉਹ ਗ੍ਰੈਜੂਏਸ਼ਨ ਪੱਧਰ 'ਤੇ ਡਾ: ਅੰਬੇਡਕਰ ਸੰਬੰਧੀ ਪੇਪਰ ਨੂੰ ਹਟਾ ਦਿੱਤਾ ਜਾਵੇ। ਇਹ ਲਾਜ਼ਮੀ ਨਹੀਂ ਹੈ, ਇਹ ਇਕ ਆਪਸ਼ਨਲ ਪੇਪਰ ਹੈ, ਫਿਰ ਵੀ ਇਸ ਨੂੰ ਹਟਾਉਣ ਲਈ ਕਿਹਾ ਗਿਆ ਕਿ ਸਿਰਫ਼ ਇੱਕ ਚਿੰਤਕ 'ਤੇ ਪੇਪਰ ਕਿਵੇਂ ਹੋ ਸਕਦਾ ਹੈ। ਅੰਬੇਡਕਰ ਦੀ ਮਹੱਤਤਾ ਨੂੰ ਇਸ ਤਰ੍ਹਾਂ ਘਟਾਉਣ ਦੀ ਕੋਸ਼ਿਸ਼ ਦੇ ਅਰਥਾਂ ਨੂੰ ਸਮਝਣ ਲਈ, ਇਹ ਜਾਣਨਾ ਜ਼ਰੂਰੀ ਹੈ ਕਿ ਮਾਨਵ-ਵਿਗਿਆਨ ਦੇ ਪਾਠਕ੍ਰਮ ਵਿੱਚੋਂ ਜਾਤੀ ਨੂੰ ਹਟਾਉਣ ਲਈ ਦਬਾਅ ਪਾਇਆ ਗਿਆ ਸੀ।

ਜਾਤਾਂ ਵਿਚ ਵੰਡੇ ਭਾਰਤੀ ਸਮਾਜ ਨੂੰ ਬਿਨਾਂ ਜਾਤ ਨੂੰ ਸਮਝੇ ਤੁਸੀਂ ਕਿਵੇਂ ਜਾਣ ਸਕਦੇ ਹੋ? ਪਰ ਆਰਐਸਐਸ ਜਾਤ ਦੇ ਜ਼ਿਕਰ ਨੂੰ ਵੰਡਣ ਵਾਲਾ ਮੰਨਦੀ ਹੈ ਜਦ ਕਿ ਉਹ ਮਨੂ ਸਿਮਰਤੀ ਤੇ ਵਰਨ ਆਸ਼ਰਮ ਦਾ ਵਿਰੋਧ ਕਰਨ ਨੂੰ ਤਿਆਰ ਨਹੀਂ। ਉਹ ਜਾਤੀਵਾਦ ਵਿੱਚ ਵਿਸ਼ਵਾਸ ਰਖਦੀ ਹੈ।ਵੰਨ-ਸਵੰਨਤਾ ਹਿੰਦੂ ਸਮਾਜ ਦੀ ਭਰਮੀ ਮਿੱਥ ਨੂੰ ਤੋੜਦੀ ਹੈ, ਇਸ ਲਈ ਜਾਤੀਵਾਦ ਦੀ ਬਣਤਰ ਨੂੰ ਵਿਦਿਆਰਥੀਆਂ ਦੀਆਂ ਨਜ਼ਰਾਂ ਤੋਂ ਸੰਘ ਲਈ ਹਟਾਉਣਾ ਜ਼ਰੂਰੀ ਹੈ।

ਸੰਘ ਵਲੋਂ ਨਾਰੀਵਾਦ ਨੂੰ ਇੱਕ ਗੈਰ ਭਾਰਤੀ ਵਿਚਾਰ ਮੰਨਿਆ ਜਾਂਦਾ ਹੈ।ਸੰਘ ਦੀ ਧਾਰਨਾ ਹੈ ਕਿ ਨਾਰੀਵਾਦ ਪਰਿਵਾਰ ਨਾਮਕ ਸੰਸਥਾ ਨੂੰ ਤੋੜਦਾ ਹੈ।ਜਦ ਕਿ ਅਸਲੀਅਤ ਹੈ ਕਿ ਸੰਘ ਦਾ ਵਿਚਾਰ ਇਸਤਰੀ ਪ੍ਰਤੀ ਵਿਤਕਰਾ ਪੈਦਾ ਕਰਨ ਵਾਲਾ ਅਤੇ ਮਰਦਾਂ ਦੇ ਹੱਕ ਵਿੱਚ ਹੈ! ਸਾਡੀ ਧਾਰਨਾ ਇਹ ਹੈ ਕਿ ਵਿਦਿਆਰਥੀਆਂ ਨੂੰ ਪਿੱਤਰ ਸੱਤਾ ਵਰਗੇ ਸੰਘ ਸੰਕਲਪਾਂ ਤੋਂ ਬਚਾਉਣ ਦੀ ਵੀ ਲੋੜ ਹੈ। ਸੰਘ ਪੱਖੀਆਂ ਦੀ ਧਾਰਨਾ ਹੈ ਕਿ ਅੰਬੇਡਕਰ ਦੇ ਪੇਪਰ ਵਿੱਚ ਹਿੰਦੂ ਸਮਾਜਿਕ ਪ੍ਰਣਾਲੀ ਦੀ ਆਲੋਚਨਾ ਵਿਚੋਂ ਹਿੰਦੂ ਸ਼ਬਦ ਨੂੰ ਹਟਾ ਦੇਣਾ ਚਾਹੀਦਾ ਹੈ ਅਤੇ ਹਿੰਦੂ ਔਰਤ ਦੇ ਉਭਾਰ ਅਤੇ ਪਤਨ ਵਿਚੋਂ ਵੀ ਹਿੰਦੂ ਸ਼ਬਦ ਕੱਟ ਦੇਣਾ ਚਾਹੀਦਾ ਹੈ। ਕੀ ਇਹ ਇਸ ਲਈ ਹੈ ਕਿਉਂਕਿ ਇਹ ਹਿੰਦੂ ਧਰਮ ਨੂੰ ਬਦਨਾਮ ਕਰਦਾ ਹੈ? ਪਰ ਅੰਬੇਦਕਰ ਨੇ ਤਾਂ ਹਿੰਦੂ ਸਮਾਜ ਪ੍ਰਣਾਲੀ ਦੀ ਹੀ ਆਲੋਚਨਾ ਕੀਤੀ ਸੀ, ਫਿਰ ਉਸ ਨੂੰ ਪੜ੍ਹਦਿਆਂ ਹਿੰਦੂ ਸ਼ਬਦ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਇਕਬਾਲ ਨੂੰ ਹਟਾਉਣਾ ਆਸਾਨ ਹੈ। ਉਹ ਤਾਂ ਪਾਕਿਸਤਾਨ ਦੇ ਜਨਮ ਤੇ ਉਦਭਵ ਦੇ ਵਿਚਾਰ ਨਾਲ ਜੁੜਿਆ ਹੋਇਆ ਹੈ, ਫਿਰ ਭਾਰਤੀ ਵਿਦਿਆਰਥੀ ਉਸ ਨੂੰ ਕਿਉਂ ਪੜ੍ਹਨ ਭਾਵੇਂ ਉਹ ਜਨਮ-ਮਰਨ ਤੋਂ ਭਾਰਤੀ ਹੀ ਰਿਹਾ ਹੈ? ਉਸ ਨੂੰ ਭਾਵੇਂ ਪਾਕਿਸਤਾਨ ਦੇਖਣ ਦਾ ਸੁਭਾਗ ਨਹੀਂ ਮਿਲਿਆ ਅਤੇ ਪਰ ਉਹ ਪੂਰੀ ਦੁਨੀਆਂ ਦੇ ਦਾਰਸ਼ਨਿਕਾਂ ਲਈ ਵਿਚਾਰਨ ਯੋਗ ਹੈ। ਪਰ ਹੁਣ ਦਿੱਲੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਦਾ ਮੰਨਣਾ ਹੈ ਕਿ ਸਾਡੇ ਲਈ ਉਸ ਦੇ ਵਿਚਾਰ ਜਾਂ ਫ਼ਲਸਫ਼ੇ ਨੂੰ ਜਾਣਨਾ ਅਪ੍ਰਸੰਗਿਕ ਹੈ ਕਿਉਂਕਿ ਉਸ ਦੇ ਵਿਚਾਰ ਭਾਰਤ ਦੇ ਹਿਤ ਵਿਚ ਨਹੀਂ ਹਨ।

ਇਸੇ ਤਰ੍ਹਾਂ ਸਿਆਸੀ ਚਿੰਤਕ ਮਾਓ ਨੂੰ ਪੜ੍ਹਨ ਜਾਂ ਨਾ ਪੜ੍ਹਨ? ਚੀਨ ਬਾਰੇ ਜਾਣਨਾ ਜ਼ਰੂਰੀ ਹੈ ਜਾਂ ਨਹੀਂ? ਅਧਿਕਾਰੀਆਂ ਦੀ ਗੱਲ ਚਲਦੀ ਹੋਵੇ ਤਾਂ ਵਿਦਿਆਰਥੀ ਮਾਓ ਦਾ ਨਾਂ ਵੀ ਨਾ ਜਾਣ ਸਕਣ। ਅਜੇ ਕੁਝ ਸਾਲ ਪਹਿਲਾਂ, ਇੱਕ ਅਧਿਆਪਕਾਂ ਦੀ ਵਰਕਸ਼ਾਪ ਵਿੱਚ, ਸੰਘ ਦੇ ਇੱਕ ਪ੍ਰਚਾਰਕ ਨੇ ਸਾਰੇ ਅਧਿਆਪਕਾਂ ਨੂੰ ਖੜ੍ਹੇ ਹੋ ਕੇ ਚੀਨ, ਤਲਾਕ, ਤਲਾਕ, ਤਲਾਕ ਦਾ ਜਾਪ ਕਰਨ ਦਾ ਆਦੇਸ਼ ਦਿੱਤਾ। ਸਾਰਿਆਂ ਨੇ ਅਜਿਹਾ ਵੀ ਕੀਤਾ ਵੀ।

ਭਾਰਤ ਵਿੱਚ ਇਕਬਾਲ ਦੇ ਵਕੀਲ ਨਾ ਮਿਲਣ , ਅੰਬੇਡਕਰ ਸਾਹਿਬ ਸੰਘ ਦੇ ਗਲੇ ਦੀ ਹੱਡੀ ਹਨ। ਇਸੇ ਕਰਕੇ ਜਦੋਂ ਅੰਬੇਡਕਰ ਨੂੰ ਹਟਾਉਣ ਦਾ ਜ਼ੋਰਦਾਰ ਵਿਰੋਧ ਹੋਇਆ ਤਾਂ ਯੂਨੀਵਰਸਿਟੀ ਨੂੰ ਆਪਣਾ ਫੈਸਲਾ ਬਦਲਣਾ ਪਿਆ।ਪਰ ਕਿਹਾ ਗਿਆ ਕਿ ਬਾਕੀਆਂ ਬਾਰੇ ਸਿਲੇਬਸ ਸੰਬੰਧੀ ਵਿਚਾਰ ਕੀਤਾ ਜਾਵੇ।ਹੋਰਨਾਂ 'ਤੇ ਵੀ ਸਿਲੇਬਸ ਘੜਨ ਦੀ ਗੱਲ ਕਹੀ ਗਈ। ਪਰ ਪੇਰੀਆਰ ਨਾਮ ਵੀ ਸੰਘ ਨੂੰ ਵਾਰਾ ਨਹੀਂ ਖਾਂਦਾ। ਵਿਵੇਕਾਨੰਦ ਸਾਡੇ ਆਪਣੇ ਹੀ ਜਾਪਦੇ ਹਨ, ਪਰ ਜੇਕਰ ਉਹਨਾਂ ਨੂੰ ਵੀ ਸਹੀ ਢੰਗ ਨਾਲ ਪੜ੍ਹਾਇਆ ਜਾਵੇ ਤਾਂ ਸੰਘ ਭੰਬਲਭੂਸੇ ਵਿੱਚ ਪੈ ਜਾਵੇਗਾ ਕਿਉਂਕਿ ਉਹ ਸੰਘ ਵਿਰੋਧੀ ਚਿੰਤਕ ਦਿਖਾਈ ਦੇਣਗੇ।

ਆਰ.ਐਸ.ਐਸ. ਜਿਸ ਵਿਸ਼ੇ ਨੂੰ ਅਸੁਵਿਧਾਜਨਕ ਮੰਨਦਾ ਹੈ ,ਉਹ ਉਸ ਨੂੰ ਹਟਾ ਦੇਣਾ ਚਾਹੁੰਦਾ ਹੈ।ਕੀ ਉਹ ਅਜਿਹਾ ਕਰਕੇ ਵਿਦਿਆਰਥੀ ਮਨ ਨੂੰ ਫਜ਼ੂਲ ਜਿਹੀਆਂ ਚਾਲਾਂ ਫਸਾ ਸਕੇਗਾ। ਸਾਡੇ ਯੂਨੀਵਰਸਿਟੀ ਪ੍ਰਬੰਧਕਾਂ ਜੋਰ ਸੰਘ ਦੀ ਹਿੰਦੂਤਵੀ ਵਿਚਾਰਧਾਰਾ ਫੈਲਾਉਣ ਉਪਰ ਲਗਾ ਹੋਇਆ ਹੈ ਜੋ ਹੁਣ ਜੋਸ਼ ਨਾਲ ਭਾਰਤੀ ਟੈਕਸ ਦਾਤਾਵਾਂ ਦੇ ਪੈਸੇ 'ਤੇ ਆਰਐਸਐਸ ਦੇ ਪ੍ਰਚਾਰਕਾਂ ਜਾਂ ਪ੍ਰਬੰਧਕਾਂ ਵਜੋਂ ਕੰਮ ਕਰ ਰਹੇ ਹਨ।

ਇਸ ਤੋਂ ਇਲਾਵਾ ਗ੍ਰੈਜੂਏਸ਼ਨ ਵਿੱਚ ਆਰੰਭਿਕ ਪੱਧਰ 'ਤੇ ਆਯੁਰਵੇਦ ਅਤੇ ਪੋਸ਼ਣ, ਪੰਚਕੋਸ਼, ਸਵੱਛ ਭਾਰਤ, ਆਰਟ ਆਫ਼ ਬੀਇੰਗ ਹੈਪੀ, ਫਿਟ ਇੰਡੀਆ, ਵੈਦਿਕ ਗਣਿਤ, ਨੀਤੀ ਅਤੇ ਸੰਸਕ੍ਰਿਤੀ, ਪੁਰਾਤਨ ਭਾਰਤ ਵਿਚ ਨੀਤੀ ਅਤੇ ਕਦਰਾਂ-ਕੀਮਤਾਂ ਵਰਗੇ ਪਰਚੇ (**ਬਾਕੀ ਸਫ਼ਾ 31 'ਤੇ**)

# ਪਾਕਿਸਤਾਨ ਵਿੱਚ ਭੁੱਖਮਰੀ ਦੀ ਸੰਭਾਵਨਾ ਬਨਾਮ ਭਾਰਤੀ ਪੰਜਾਬ

**ਰਜਿੰਦਰ ਸਿੰਘ ਪੁਰੇਵਾਲ**






ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪਾਕਿਸਤਾਨ ਵਿੱਚ ਆਰਥਿਕ ਅਤੇ ਰਾਜਨੀਤਕ ਸੰਕਟ ਵਿਗੜਦਾ ਹੈ ਤਾਂ ਆਉਣ ਵਾਲੇ ਮਹੀਨਿਆਂ ਵਿੱਚ ਭੋਜਨ ਦੀ ਸਮੱਸਿਆ ਵਧਣ ਦੀ ਸੰਭਾਵਨਾ ਹੈ। ਇੱਕ ਰਿਪੋਰਟ ਮੁਤਾਬਕ ਪਿਛਲੇ ਸਾਲ ਦੇ ਹੜ੍ਹ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ (ਐਫਏਓ) ਅਤੇ ਵਿਸ਼ਵ ਭੋਜਨ ਪ੍ਰੋਗਰਾਮ (ਡਬਲਯੂਐਫਪੀ) ਨੇ ਸਾਂਝੇ ਤੌਰ 'ਤੇ ਜੂਨ ਅਤੇ ਨਵੰਬਰ 2023 ਦੇ ਵਿਚਾਲੇ ਭੋਜਨ ਦੀ ਅਸੁਰੱਖਿਆ ਬਾਰੇ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ। ਜਿਸ ਵਿੱਚ ਮੁਢਲੀ ਚੇਤਾਵਨੀ ਜਾਰੀ ਕੀਤੀ ਗਈ ਸੀ। ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਮੌਜੂਦਾ ਗਲੋਬਲ ਆਰਥਿਕ ਮੰਦੀ ਦੇ ਵਿਚਕਾਰ ਜਨਤਕ ਕਰਜ਼ੇ ਦੇ ਵਧਣ ਕਾਰਨ ਪਾਕਿਸਤਾਨ ਦਾ ਵਿੱਤੀ ਸੰਕਟ ਡੂੰਘਾ ਹੋ ਗਿਆ ਹੈ।

ਪਾਕਿਸਤਾਨ ਪਿਛਲੇ ਸਾਲ ਦੇ ਭਿਆਨਕ ਹੜ੍ਹਾਂ ਤੋਂ ਬਾਅਦ 'ਭੋਜਨ ਅਸੁਰੱਖਿਆ' ਦਾ ਸਾਹਮਣਾ ਕਰ ਰਿਹਾ ਹੈ। ਪਾਕਿਸਤਾਨ ਨੂੰ ਅਪ੍ਰੈਲ 2023 ਤੋਂ ਜੂਨ 2026 ਦਰਮਿਆਨ 77.5 ਬਿਲੀਅਨ ਡਾਲਰ ਦੇ ਵਿਦੇਸ਼ੀ ਕਰਜ਼ੇ ਦੀ ਅਦਾਇਗੀ ਕਰਨੀ ਪਵੇਗੀ, ਜੋ ਕਿ 2021 ਵਿੱਚ 350 ਬਿਲੀਅਨ ਡਾਲਰ ਦੇ ਜੀਡੀਪੀ ਦੇ ਮੁਕਾਬਲੇ ਇੱਕ ਮਹੱਤਵਪੂਰਨ ਰਕਮ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੀ ਵਧਦੀ ਸਿਆਸੀ ਅਸਥਿਰਤਾ ਅਤੇ ਸੁਸਤ ਸੁਧਾਰਾਂ ਕਾਰਨ ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.) ਨੇ ਵੀ ਨਵੇਂ ਕਰਜ਼ੇ ਦੀ ਵੰਡ 'ਤੇ ਰੋਕ ਲਗਾ ਦਿੱਤੀ ਹੈ। ਇਥੋਂ ਤੱਕ ਉਸ ਦੇ ਸਾਥੀ ਦੇਸ਼ ਮਦਦ ਕਰਨ ਤੋਂ ਝਿਜਕ ਰਹੇ ਹਨ। ਪਾਕਿਸਤਾਨ ਇਸ ਸਮੇਂ ਆਰਥਿਕ ਸੰਕਟ ਵਿਚ ਘਿਰਿਆ ਹੋਇਆ ਹੈ। ਇਸ ਦੇ ਵਿਦੇਸ਼ੀ ਮੁਦਰਾ ਭੰਡਾਰ ਇਸ ਪੱਧਰ 'ਤੇ ਪਹੁੰਚ ਗਏ ਹਨ ਕਿ ਇਨ੍ਹਾਂ ਨਾਲ ਮਸਾਂ ਇਕ ਮਹੀਨੇ ਦਾ ਗੁਜ਼ਾਰਾ ਚੱਲ ਸਕਦਾ ਹੈ। ਮਿੱਤਰ ਅਤੇ ਸਹਿਯੋਗੀ ਦੇਸ਼ਾਂ ਤੋਂ ਆਉਣ ਵਾਲੀ ਵਿਦੇਸ਼ੀ ਮੁਦਰਾ ਵਿੱਚ ਅੜਿੱਕਾ ਪੈ ਗਿਆ ਹੈ ਜਿਸ ਲਈ ਲੋੜੀਂਦੀ ਆਈਐਮਐਫ ਦੀ ਮਨਜ਼ੂਰੀ ਕਈ ਮਹੀਨਿਆਂ ਤੋਂ ਨਹੀਂ ਆ ਸਕੀ। ਹੋਰ ਇਮਦਾਦ ਲਈ ਆਈਐਮਐਫ ਦਾ ਪ੍ਰਮਾਣ ਪੱਤਰ ਜਾਰੀ ਕੀਤੇ ਜਾਣ ਤੋਂ ਪਹਿਲਾਂ ਅਮਰੀਕਾ ਵੱਲੋਂ ਵੀ ਪਾਕਿਸਤਾਨ 'ਤੇ ਆਪਣੀਆਂ ਵਚਨਬੱਧਤਾਵਾਂ ਪੂਰੀਆਂ ਕਰਨ ਲਈ ਜ਼ੋਰ ਪਾਇਆ ਜਾ ਰਿਹਾ ਹੈ। ਅਮਰੀਕੀਆਂ ਦੇ ਮਨਾਂ ਵਿੱਚ ਪਾਕਿਸਤਾਨ ਵੱਲੋਂ ਆਪਣੀਆਂ ਆਰਥਿਕ ਨੀਤੀਆਂ ਮੁਤੱਲਕ ਭਰੋਸਿਆਂ ਦੀ ਪ੍ਰਮਾਣਿਕਤਾ ਨੂੰ ਲੈ ਕੇ ਵੀ ਸ਼ੰਕੇ ਹਨ। ਇਸ ਸਮੇਂ ਆਮ ਚੋਣਾਂ ਵਿੱਚ ਭਾਵੇਂ ਇਮਰਾਨ ਖ਼ਾਨ ਨੂੰ ਭਰਵਾਂ ਹੁੰਗਾਰਾ ਮਿਲਣ ਦੇ ਆਸਾਰ ਹਨ ਪਰ ਅਹਿਮ ਗੱਲ ਇਹ ਹੈ ਕਿ ਇਮਰਾਨ ਖ਼ਾਨ ਦੀਆਂ ਨੀਤੀਆਂ ਪ੍ਰਤੀ ਅਮਰੀਕਾ ਦੇ ਗੰਭੀਰ ਇਤਰਾਜ਼ ਹਨ। ਇਮਰਾਨ ਤੇ ਫੌਜ ਦੇ ਟਕਰਾਅ ਕਾਰਨ ਪਾਕਿਸਤਾਨ ਰਾਜਨੀਤਕ ਸੰਕਟ ਵਿੱਚ ਹੈ। ਇਸ ਕਾਰਨ ਪਾਕਿਸਤਾਨ ਵਿੱਚ ਟੁਟ ਭਜ ਦੀ ਸੰਭਾਵਨਾ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ। ਪੱਛਮੀ ਪੰਜਾਬ ਵਿਚੋਂ ਬਫਰ ਸਟੇਟ ਦੀਆਂ ਅਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਕਤੂਬਰ 2023 ਵਿੱਚ ਪ੍ਰਸਤਾਵਿਤ ਆਮ ਚੋਣਾਂ ਤੋਂ ਪਹਿਲਾਂ ਦੇਸ਼ ਦੇ ਉੱਤਰ-ਪੱਛਮ ਵਿੱਚ ਭੋਜਨ ਦੀ ਅਸੁਰੱਖਿਆ ਕਾਰਨ ਸਿਆਸੀ ਸੰਕਟ ਅਤੇ ਨਾਗਰਿਕ ਅਸ਼ਾਂਤੀ ਵਧਣ ਦੀ ਸੰਭਾਵਨਾ ਹੈ। ਵਿਦੇਸ਼ੀ ਮੁਦਰਾ ਦੀ ਕਮੀ ਅਤੇ ਪਾਕਿਸਤਾਨੀ ਰੁਪਏ ਦੇ ਮੁੱਲ ਵਿੱਚ ਗਿਰਾਵਟ ਕਾਰਨ ਦੇਸ਼ ਦੀ ਜ਼ਰੂਰੀ ਖੁਰਾਕ ਅਤੇ ਊਰਜਾ ਦਰਾਮਦ ਕਰਨ ਦੀ ਸਮਰੱਥਾ ਵੀ ਘੱਟ ਜਾਵੇਗੀ। ਇਸ ਤੋਂ ਸਪਸ਼ਟ ਹੈ ਕਿ ਪਾਕਿਸਤਾਨ ਵਿੱਚ ਭੁੱਖਮਰੀ ਫੈਲੇਗੀ।

ਰਿਪੋਰਟ ਮੁਤਾਬਕ ਪਿਛਲੇ ਸਾਲ ਆਏ ਹੜ੍ਹਾਂ ਕਾਰਨ ਇਹ ਸਥਿਤੀ ਹੋਰ ਗੁੰਝਲਦਾਰ ਹੋ ਗਈ ਹੈ। ਹੜ੍ਹ ਕਾਰਨ ਪਾਕਿਸਤਾਨ ਦੇ ਖੇਤੀ ਸੈਕਟਰ ਨੂੰ 30 ਅਰਬ ਰੁਪਏ ਦਾ ਨੁਕਸਾਨ ਹੋਇਆ ਸੀ। ਸੰਯੁਕਤ ਰਾਸ਼ਟਰ ਦੀ ਇਸ ਰਿਪੋਰਟ ਦੇ ਅਨੁਸਾਰ, ਸਤੰਬਰ ਤੋਂ ਦਸੰਬਰ 2022 ਦਰਮਿਆਨ, 8.5 ਮਿਲੀਅਨ ਤੋਂ ਵੱਧ ਲੋਕ ਭੋਜਨ ਦੀ ਸਮੱਸਿਆ ਨਾਲ ਜੂਝ ਰਹੇ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੂਨ ਤੋਂ ਨਵੰਬਰ 2023 ਦੇ ਦੌਰਾਨ ਖੁਰਾਕ ਸੰਕਟ ਦੀ ਸਥਿਤੀ ਵਿਗੜਨ ਦੀ ਸੰਭਾਵਨਾ ਹੈ ਕਿਉਂਕਿ ਆਰਥਿਕ ਅਤੇ ਸਿਆਸੀ ਸੰਕਟ ਲੋਕਾਂ ਦੀ ਖਰੀਦ ਸ਼ਕਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ ਅਤੇ ਨਾਗਰਿਕਾਂ ਦੀ ਭੋਜਨ ਅਤੇ ਹੋਰ ਜ਼ਰੂਰੀ ਵਸਤਾਂ ਖਰੀਦਣ ਦੀ ਸਮਰੱਥਾ ਘਟ ਜਾਵੇਗੀ।

ਰਿਪੋਰਟ ਮੁਤਾਬਕ ਇਸ ਸਥਿਤੀ ਵਿੱਚ ਸੰਭਾਵਿਤ ਵਿਗਾੜ ਵੀ ਹੜ੍ਹਾਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਕਾਰਨ ਹੈ। ਹੜ੍ਹਾਂ ਨੇ ਖੇਤੀ ਸੈਕਟਰ ਨੂੰ ਨੁਕਸਾਨ ਪਹੁੰਚਾਇਆ ਹੈ, ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਪਸ਼ੂ ਮਰ ਗਏ ਹਨ, ਅਨਾਜ ਉਤਪਾਦਨ ਅਤੇ ਰੁਜ਼ਗਾਰ ਦੇ ਮੌਕੇ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਸੰਯੁਕਤ ਰਾਸ਼ਟਰ ਨੇ ਸਲਾਹ ਦਿੱਤੀ ਹੈ ਕਿ ਰਾਸ਼ਟਰੀ ਅਤੇ ਸੂਬਾਈ ਆਫ਼ਤ ਪ੍ਰਬੰਧਨ ਅਥਾਰਟੀਆਂ ਦੀ ਸਮਰੱਥਾ ਵਿੱਚ ਹੋਰ ਸੁਧਾਰ ਕੀਤੇ ਜਾਣ ਦੀ ਲੋੜ ਹੈ। ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ 22 ਦੇਸ਼ਾਂ ਵਿੱਚ ਭੋਜਨ ਦੀ ਭਾਰੀ ਕਮੀ ਨਾਲ ਪ੍ਰਭਾਵਿਤ 81 ਖੇਤਰਾਂ ਵਿੱਚ ਭੋਜਨ ਦੀ ਸਮਸਿਆ ਪੈਦਾ ਹੋਣ ਦੀ ਸੰਭਾਵਨਾ ਹੈ। ਹੁਣੇ ਜਿਹੇ ਰੂਸ ਨੇ ਪਾਕਿਸਤਾਨ ਨਾਲ ਦੋਵਾਂ ਦੇਸ਼ਾਂ ਵਿਚਾਲੇ ਵਪਾਰ, ਆਰਥਿਕ ਅਤੇ ਊਰਜਾ ਸਬੰਧਾਂ ਨੂੰ ਵਧਾਉਣ ਲਈ ਪਹਿਲੀ ਵਾਰ ਸਿੱਧੀ ਸ਼ਿਪਿੰਗ ਸੇਵਾ ਸ਼ੁਰੂ ਕੀਤੀ ਹੈ। ਬੀਤੇ ਹਫਤੇ ਕਰਾਚੀ ਵਿੱਚ ਇਕ ਉਦਘਾਟਨ ਸਮਾਰੋਹ ਤੋਂ ਬਾਅਦ 36,000 ਟਨ ਕੱਚੇ ਤੇਲ ਲਿਜਾਣ ਵਾਲਾ ਇਕ ਜਹਾਜ਼ ਕਰਾਚੀ ਬੰਦਰਗਾਹ ਤੋਂ ਸੇਂਟ ਪੀਟਰਸਬਰਗ ਲਈ ਰਵਾਨਾ ਹੋਇਆ ਸੀ। ਪੈਟਰੋਲੀਅਮ ਅਤੇ ਊਰਜਾ ਰਾਜ ਮੰਤਰੀ ਮੁਸਾਦਿਕ ਮਲਿਕ ਨੇ ਮੀਡੀਆ ਨੂੰ ਦੱਸਿਆ ਸੀ ਕਿ ਇਹ ਪਹਿਲੀ ਸਿੱਧੀ ਸ਼ਿਪਿੰਗ ਲਾਈਨ ਹੈ ਜੋ ਪਾਕਿਸਤਾਨ ਅਤੇ ਰੂਸ ਵਿਚਾਲੇ ਸ਼ੁਰੂ ਹੋਈ ਹੈ ਅਤੇ ਇਹ ਦੁਵੱਲੇ ਵਪਾਰ ਅਤੇ ਆਰਥਿਕ ਸਬੰਧਾਂ ਨੂੰ ਹੋਰ ਵਧਾਏਗੀ। ਇਸ ਵਪਾਰ ਕਾਰਨ ਪਾਕਿਸਤਾਨ ਨੂੰ ਯੂਰਪੀ ਦੇਸਾਂ ਵਿੱਚ ਤੇਲ ਵੇਚਣ ਦਾ ਮੌਕਾ (ਬਾਕੀ ਸਫ਼ਾ 29 'ਤੇ)

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਕੀ ਕਿਸਾਨ ਅੰਦੋਲਨ ਵਾਂਗ ਕੌਮਾਂਤਰੀ ਲਹਿਰ ਬਣ ਸਕੇਗਾ ਮਹਿਲਾ ਪਹਿਲਵਾਨਾਂ ਦਾ ਅੰਦੋਲਨ ?

## ਦੇਸ਼ ਵਾਸੀਆਂ ਨੇ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਨੂੰ ‘ਭਲਵਾਨ ਧੀਆਂ ਦਾ ਅੰਦੋਲਨ’ ਨਾਂਅ ਦਿੱਤਾ






ਭਾਰਤ ਲਈ ਤਗਮੇ ਜਿੱਤ ਕੇ ਪੂਰੀ ਦੁਨੀਆਂ ’ਚ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੀਆਂ ਭਾਰਤ ਦੀਆਂ ਮਹਿਲਾ ਪਹਿਲਵਾਨਾਂ ਵੱਲੋਂ ਲੰਬੇ ਸਮੇਂ ਤੋਂ ਉਹਨਾਂ ਦੇ ਯੌਨ ਸ਼ੋਸ਼ਣ ਵਿਰੁੱਧ ਅੰਦੋਲਨ ਕੀਤਾ ਜਾ ਰਿਹਾ ਹੈ। ਭਾਵੇਂ ਕਿ ਭਾਰਤ ਦੀ ਮੋਦੀ ਸਰਕਾਰ ਵੱਲੋਂ ਮਹਿਲਾ ਪਹਿਲਵਾਨਾਂ ਦੇ ਇਸ ਅੰਦੋਲਨ ਨੂੰ ਦਬਾਉਣ, ਕੁਚਲਣ ਅਤੇ ਮਹਿਲਾ ਪਹਿਲਵਾਨਾਂ ਨੂੰ ਬਦਨਾਮ ਕਰਨ ਲਈ ਹਰ ਤਰੀਕਾ ਅਪਣਾਇਆ ਜਾ ਰਿਹਾ ਹੈ ਪਰ ਅੰਦੋਲਨ ਕਰ ਰਹੀਆਂ ਇਹਨਾਂ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਵਿਸ਼ਵ ਪੱਧਰੀ ਸੰਸਥਾਵਾਂ ਵਿਸ਼ਵ ਕੁਸ਼ਤੀ ਮਹਾਂ ਸੰਘ ਅਤੇ ਇੰਟਰਨੈਸ਼ਨਲ ਉਲੰਪਿਕ ਕਮੇਟੀ (ਆਈ ਓ ਸੀ) ਵੀ ਖੜ੍ਹੀਆਂ ਹੋ ਗਈਆਂ ਹੈ। ਇਹਨਾਂ ਦੋਵਾਂ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਭਾਰਤ ਦੀਆਂ ਮਹਿਲਾ ਪਹਿਲਵਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦੇਸ਼ ਵਿਦੇਸ਼ ਦੀਆਂ ਹੋਰਨਾਂ ਸੰਸਥਾਵਾਂ ਵੱਲੋਂ ਵੀ ਮਹਿਲਾ ਪਹਿਲਵਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ ਗਿਆ ਹੈ, ਜਿਸ ਕਾਰਨ ਮਹਿਲਾ ਪਹਿਲਵਾਨਾਂ ਦੇ ਇਸ ਅੰਦੋਲਨ ਦਾ ਵਿਸ਼ਵੀਕਰਨ ਅਤੇ ਕੌਮਾਂਤਰੀ ਕਰਨ ਤਾਂ ਹੋ ਗਿਆ ਹੈ, ਪਰ ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਮਹਿਲਾ ਪਹਿਲਵਾਨਾਂ ਦਾ ਇਹ ਅੰਦੋਲਨ ਕੁਝ ਸਾਲ ਪਹਿਲਾਂ ਭਾਰਤ ’ਚ ਹੋਏ ਵਿਸ਼ਾਲ ਕਿਸਾਨ ਅੰਦੋਲਨ ਵਾਂਗ ਕੌਮਾਂਤਰੀ ਲਹਿਰ ਬਣ ਸਕੇਗਾ ?

ਮਹਿਲਾ ਪਹਿਲਵਾਨਾਂ ਦੇ ਅੰਦੋਲਨ ਨੂੰ ਕੁਚਲਣ ਲਈ ਮੋਦੀ ਸਰਕਾਰ ਵੱਲੋਂ ਵਰਤੀ ਜਾਂਦੀ ਤਾਕਤ ਦੇ ਵਿਰੋਧ ਵਿੱਚ ਲੋਕ ਰੋਹ ਪ੍ਰਚੰਡ ਹੋ ਗਿਆ ਹੈ ਅਤੇ ਪੰਜਾਬ ਸਮੇਤ ਅਨੇਕਾਂ ਸੂਬਿਆਂ ’ਚ ਵੱਖ- ਵੱਖ ਜਥੇਬੰਦੀਆਂ ਵੱਲੋਂ ਮਹਿਲਾ ਪਹਿਲਵਾਨਾਂ ਦਾ ਸਮਰਥਨ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਅਰਥੀਆਂ ਫੂਕੀਆਂ ਗਈਆਂ ਹਨ। ਇਸ ਦੌਰਾਨ ਹੋਈਆਂ ਰੈਲੀਆਂ ’ਚ ਕਿਸਾਨ, ਮਜ਼ਦੂਰ, ਮੁਲਾਜ਼ਮ, ਟਰੇਡ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੇ ਮਹਿਲਾ ਪਹਿਲਵਾਨਾਂ ਦੇ ਅੰਦੋਲਨ ਨੂੰ ‘ਦੇਸ਼ ਦੀਆਂ ਭਲਵਾਨ ਧੀਆਂ ਦਾ ਅੰਦੋਲਨ ’ ਦਾ ਨਾਂਅ ਦਿੱਤਾ ਹੈ।

ਜ਼ਿਕਰ ਯੋਗ ਹੈ ਕਿ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਸੰਸਦ ਵਿੱਚ ਵਿਰੋਧੀ ਧਿਰ ਦੇ ਬਿਨਾਂ ਰਾਜਦ (ਸੇਂਗੋਲ) ਲਗਾਉਣ ਤੋਂ ਬਾਅਦ ਹੀ ਪੁਲਿਸ ਇਨ੍ਹਾਂ ਪਹਿਲਵਾਨ ਲੜਕੀਆਂ ਨੂੰ ਡੰਡਿਆਂ ਦੀ ਮਦਦ ਨਾਲ ਬੱਸਾਂ ਵਿੱਚ ਬਿਠਾ ਕੇ ਥਾਣੇ ਲੈ ਗਈ। ਉਹ ਨਵੀਂ ਸੰਸਦ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ। ਏਸ਼ਿਆਈ ਸੋਨ ਤਗਮਾ ਜੇਤੂ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਦੋ ਵਾਰ ਦੀ ਕਾਂਸੀ ਦਾ ਤਗਮਾ ਜੇਤੂ ਵਿਨੇਸ਼ ਫੋਗਾਟ ਦੁੱਖ ਅਤੇ ਉਦਾਸੀ ਨਾਲ ਭਰੇ ਚਿਹਰੇ ਨਾਲ ਬੱਸ ਵਿੱਚੋਂ ਬਾਹਰ ਆਈ ਅਤੇ ਚੀਖੀ “ਨਵਾਂ ਦੇਸ਼ ਮੁਬਾਰਕ”

ਇਸ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ, ਬਹਿਸ ਹੋ ਰਹੀ ਹੈ ਕਿ ਜਿਸ ਦਿਨ ਨਵੀਂ ਪਾਰਲੀਮੈਂਟ ਦਾ ਉਦਘਾਟਨ ਹੋ ਰਿਹਾ ਸੀ, ਉਸ ਥਾਂ ਤੋਂ ਥੋੜ੍ਹੀ ਦੂਰ ਪਹਿਲਵਾਨਾਂ ’ਤੇ ਲਾਠੀਆਂ ਵਰ੍ਹਾਈਆਂ ਗਈਆਂ ਸਨ। ਜੰਤਰ-ਮੰਤਰ ’ਤੇ ਇਕ ਮਹੀਨੇ ਤੋਂ ਚੱਲ ਰਹੇ ਉਨ੍ਹਾਂ ਦੇ ਧਰਨੇ ਨੂੰ ਉਖਾੜ ਦਿੱਤਾ ਗਿਆ ਅਤੇ ਅਜਿਹਾ



ਹੋਇਆ ਜਿਸ ਦੀ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨਾ ਨਾਗਰਿਕਾਂ ਦਾ ਅਧਿਕਾਰ ਰਿਹਾ ਹੈ, ਪਰ ਇਹ ਸਰਕਾਰ ਇਸ ਗੱਲ ਤੋਂ ਸਭ ਤੋਂ ਵੱਧ ਡਰਦੀ ਹੈ। ਸ਼ਾਇਦ ਇਹ ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਸਬਕ ਲੈਂਦਾ ਹੈ ਜਿਸ ਨੇ ਯੂਪੀਏ ਸਰਕਾਰ ਨੂੰ ਡੇਗ ਦਿੱਤਾ ਸੀ। ਇਸੇ ਲਈ ਹਰ ਵਿਰੋਧ, ਅੰਦੋਲਨ ਇਸ ਤਰ੍ਹਾਂ ਉਖਾੜਿਆ ਜਾਂਦਾ ਹੈ।

28 ਮਈ ਨੂੰ ਜਦੋਂ ਇਨ੍ਹਾਂ ਪਹਿਲਵਾਨਾਂ ਦੀ ਕੁੱਟਮਾਰ ਕੀਤੀ ਜਾ ਰਹੀ ਸੀ ਤਾਂ ਮੁਲਜ਼ਮ ਨਵੀਂ ਪਾਰਲੀਮੈਂਟ ਵਿੱਚ ਪੂਰੇ ਜੋਸ਼ ਨਾਲ ਹਾਜ਼ਰ ਸਨ। ਕਿਸੇ ਸਮੇਂ ਇਹ ਪਹਿਲਵਾਨ ਵੀ ਪ੍ਰਧਾਨ ਮੰਤਰੀ ਦੇ ਕਰੀਬੀ ਸਨ ਜਦੋਂ ਉਨ੍ਹਾਂ ਨੇ ਦੁਨੀਆਂ ਦੇ ਸਭ ਤੋਂ ਵੱਡੇ ਖੇਡ ਮੁਕਾਬਲੇ ਉਲੰਪਿਕ ਖੇਡਾਂ ’ਚੋਂ ਤਗਮੇ ਜਿੱਤੇ ਸਨ। ਇਨ੍ਹਾਂ ਪਹਿਲਵਾਨ ਕੁੜੀਆਂ ਨੇ ਭਾਰਤ ਦਾ ਝੰਡਾ ਬੁਲੰਦ ਕੀਤਾ ਹੈ ਪਰ ਪਿਛਲੇ ਐਤਵਾਰ ਨੂੰ ਉਹ ਜ਼ਮੀਨ ’ਤੇ ਸਨ ਅਤੇ ਉਨ੍ਹਾਂ ਦੇ ਨਾਲ ਦੇਸ਼ ਦਾ ਝੰਡਾ ਸੀ। ਬੜੇ ਦੁੱਖ ਦੀ ਗੱਲ ਹੈ ਕਿ ਦੇਸ਼ ਦਾ ਮੁਖੀ ਅਤੇ ਉਸ ਦੀ ਪੁਲਿਸ ਝੰਡੇ ਨੂੰ ਬੁਲੰਦ ਨਹੀਂ ਰੱਖ ਸਕੀ।

ਆਖ਼ਰ ਸਰਕਾਰ ਜਾਂਚ ਤੋਂ ਪਿੱਛੇ ਕਿਉਂ ਹਟ ਰਹੀ ਹੈ ? ਉਹ ਖੁਦ ਬਣਾਈ ਗਈ ਵਿਸ਼ੇਸ਼ ਜਾਂਚ ਕਮੇਟੀ ਦੀ ਰਿਪੋਰਟ ਦਾ ਪਰਦਾਫਾਸ਼ ਕਿਉਂ ਨਹੀਂ ਕਰ ਰਹੀ ? ਸੁਪ੍ਰੀਮ ਕੋਰਟ ਦੇ ਕਹਿਣ ਤੋਂ ਬਾਅਦ ਇਨ੍ਹਾਂ ਪਹਿਲਵਾਨਾਂ ਦੀ ਐਫਆਈਆਰ ਵੀ ਕਿਉਂ ਦਰਜ ਕੀਤੀ ਗਈ ? ਆਖ਼ਰਕਾਰ, ਇਹ ਉਹੀ ਧੀਆਂ ਹਨ ਜਿਨ੍ਹਾਂ ਦੇ ਨਾਮ ਪ੍ਰਧਾਨ ਮੰਤਰੀ ਨੇ ਮਾਰਚ 2019 ਵਿੱਚ ਟਵੀਟ ਕੀਤਾ ਸੀ - “ਅਸੀਂ ਤੁਹਾਨੂੰ ਕੁਸ਼ਤੀ ਦੀ ਦੁਨੀਆ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਦੇਖਿਆ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ‘ਚੋਣ ਦੰਗਲ’ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਅਤੇ ਇਸ ਮੁਹਿੰਮ ਦਾ ਸਮਰਥਨ ਕਰਨ ਲਈ ਜਨਤਾ ਨੂੰ ਸੱਦਾ ਦਿਓ। ” ਆਖ਼ਰ ਹੁਣ ਅਜਿਹਾ ਕੀ ਹੋਇਆ ਕਿ ਇਹ ਪਹਿਲਵਾਨ ਇਸ ਤਰ੍ਹਾਂ ਮੂੰਹ ਮੋੜ ਰਹੇ ਹਨ ? ਇਹ ਸਿਰਫ਼ ਸਾਂਸਦ ਬ੍ਰਜ ਭੂਸ਼ਣ ਜਾਂ ਲੋਕ ਸਭਾ ਸੀਟਾਂ ਮਿਲਣ ਦਾ ਮਾਮਲਾ ਨਹੀਂ ਹੈ, ਸਗੋਂ ਉਸ ਮਾਨਸਿਕਤਾ ਦਾ ਪ੍ਰਤੀਬਿੰਬ ਹੈ, ਜਿਸ ਤਹਿਤ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰ ਦਿੱਤਾ ਜਾਂਦਾ ਹੈ। ਉਨਾਓ, ਕਠੂਆ, ਹਥਰਾਸ ਅਜਿਹੇ ਬਹੁਤ ਸਾਰੇ ਮਾਮਲੇ ਹਨ ਜਿੱਥੇ ਬਲਾਤਕਾਰ ਪੀੜਤਾਂ ਨੂੰ ਨਹੀਂ ਬਲਕਿ ਦੋਸ਼ੀਆਂ ਨੂੰ ਸੁਰੱਖਿਆ ਅਤੇ ਨਿਆਂ ਦਿੱਤਾ ਜਾਂਦਾ ਹੈ।

ਰਾਜਦੰਡ ਦਾ ਪ੍ਰਤੀਕ ਸਥਾਪਤ ਕਰਨ ਤੋਂ ਬਾਅਦ ਜੇਕਰ ਕੁਝ ਨਿਆਂ-ਪ੍ਰੇਮੀ ਰਾਜਿਆਂ ਦੇ ਹਵਾਲੇ ਨਾਲ ਕੋਈ ਫੈਸਲਾ ਲਿਆ ਜਾਂਦਾ ਤਾਂ ਪਹਿਲਵਾਨਾਂ ਨੂੰ ਇਸ ਤਰ੍ਹਾਂ ਤਸੀਹੇ ਨਾ ਝੱਲਣੇ ਪੈਂਦੇ। ਉਨ੍ਹਾਂ ਇਨਸਾਫ਼ ਪਸੰਦ ਰਾਜਿਆਂ ਦੇ ਮਹਿਲ ਦੇ ਬਾਹਰ ਇੱਕ ਵੱਡੀ ਘੰਟੀ ਲੱਗੀ ਹੁੰਦੀ ਸੀ, ਜਿਸ ਦੀ ਘੰਟੀ ਵਜਾ ਕੇ ਸ਼ਿਕਾਇਤਕਰਤਾ ਜਦੋਂ ਚਾਹੇ ਆਪਣੇ ਲਈ ਇਨਸਾਫ਼ ਦੀ ਮੰਗ ਕਰ ਸਕਦਾ ਸੀ। ਇਹ ਬਦਕਿਸਮਤੀ ਦੀ ਗੱਲ ਹੈ ਕਿ ਮੌਜੂਦਾ ਨਿਜ਼ਾਮ ਸਿਰਫ਼ ਪ੍ਰਤੀਕਾਂ ਵਿੱਚ ਹੀ ਉਲਝਿਆ ਹੋਇਆ ਹੈ। ਜਿਹੜੀਆਂ ਏਜੰਸੀਆਂ ਕਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਇਮਾਨਦਾਰ ਹੁੰਦੀਆਂ ਸਨ, ਹੁਣ ਉਹ ਅਦਾਰੇ ਅਤੇ ਸਰਕਾਰ ਤੋਂ ਵੱਖਰਾ ਵਿਚਾਰ ਰੱਖਣ ਵਾਲੇ ਵਿਅਕਤੀ ਵਿਰੁੱਧ ਵਰਤੀਆਂ ਜਾਂਦੀਆਂ ਹਨ। ਇਸ ਵੇਲੇ ਇਹ ਸਿਸਟਮ ਉਨ੍ਹਾਂ ਪਹਿਲਵਾਨ ਕੁੜੀਆਂ ਨੂੰ ਲਤਾੜਨ ਵਿੱਚ ਲੱਗਾ ਹੋਇਆ ਹੈ, ਜਿਨ੍ਹਾਂ ਨੇ ਕਦੇ ਦੁਨੀਆਂ ਦੇ ਸਾਹਮਣੇ ਸਾਡਾ ਮਾਣ ਵਧਾਇਆ ਸੀ।

ਜੇਕਰ ਇਨ੍ਹਾਂ ਮਹਿਲਾ ਪਹਿਲਵਾਨਾਂ ਨੇ ਅਪਮਾਨ, ਦੁੱਖ ਅਤੇ ਦਰਦ ਵਿੱਚ ਡੁੱਬ ਕੇ ਮੰਗਲਵਾਰ ਸ਼ਾਮ ਨੂੰ ਆਪਣੇ ਤਗਮੇ ਗੰਗਾ ਵਿੱਚ ਸੁੱਟ ਦਿੱਤੇ ਹੁੰਦੇ ਤਾਂ ਸੱਚਮੁੱਚ ਇਸ ਸਰਕਾਰ ਦਾ ਇਕਬਾਲ ਵੀ ਗਾਇਬ ਹੋ ਜਾਣਾ ਸੀ। ਤਜਰਬੇਕਾਰ ਲੋਕਾਂ /ਕਿਸਾਨ ਆਗੂਆਂ ਦਾ ਧੰਨਵਾਦ, ਜਿਨ੍ਹਾਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ।

ਸੰਤ ਸਮਾਜ ਦਾ ਇੱਕ ਵਰਗ ਵੀ ਪ੍ਰੋਟੈਕਸ਼ਨ ਆਫ਼ ਚਿਲਡਰਨ ਫਰਾਮ ਸੈਕਸੁਅਲ ਆਫ਼ੈਂਸ ਐਕਟ (ਪੋਕਸੋ ਐਕਟ) ਨੂੰ ਕਮਜ਼ੋਰ ਕਰਨ ਦੇ ਹੱਕ ਵਿੱਚ ਹੈ। ਹੈਰਾਨੀ ਅਤੇ ਦੁੱਖ ਦੀ ਗੱਲ ਹੈ ਕਿ ਇੱਕ ਸੰਸਦ ਮੈਂਬਰ, ਜਿਸ ਦੇ ਖ਼ਿਲਾਫ਼ ਇੱਕ ਨਾਬਾਲਗ ਲੜਕੀ ਦੇ ਜਿਨਸੀ ਸ਼ੋਸ਼ਣ ਦਾ ਵੀ ਇਲਜ਼ਾਮ ਹੈ, ਉਹੀ ਤਰੀਕੇ ਅਪਣਾ ਰਿਹਾ ਹੈ, ਜਿਸ ਨਾਲ ਪਾਰਟੀ ਨੇ ਕਦੇ ਲੋਕਾਂ ਨੂੰ ਰਾਮਰਾਜ ਦੀ ਵਾਪਸੀ ਦਾ ਸੁਪਨਾ ਦਿਖਾਇਆ ਸੀ।

ਪੋਕਸੋ ਐਕਟ ਦੇ ਤਹਿਤ, ਐਫਆਈਆਰ ਦਰਜ ਹੁੰਦੇ ਹੀ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਜੋ ਉਹ ਸਬੂਤ ਨੂੰ ਪ੍ਰਭਾਵਿਤ ਨਾ ਕਰ ਸਕੇ। ਇੱਥੇ ਇਹ ਪੀੜਤ ਪਹਿਲਵਾਨ ਜਨਵਰੀ ਤੋਂ ਇਨਸਾਫ਼ ਦੀ ਗੁਹਾਰ ਲਗਾ ਰਹੇ ਹਨ। ਉਹਨਾਂ ਦੀ ਹਿੰਮਤ ਨੂੰ ਸਲਾਮ। ਭਾਰਤੀ ਸਮਾਜ ਦੇ ਰਵੱਈਏ ਨੂੰ ਜਾਣਦੇ ਹੋਏ ਜਦੋਂ ਉਸ ਨੇ ਇਹ ਸਖ਼ਤ ਫੈਸਲਾ ਲਿਆ ਹੋਵੇਗਾ ਤਾਂ ਉਸ ਨੂੰ ਕਿੰਨੀ ਪੀੜ ਹੋਈ ਹੋਵੇਗੀ। ਸਮਾਜ ਅਜੇ ਵੀ ਪੀੜਤ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਸਰਕਾਰ ਨੇ ਆਪਣੇ ਹੀ ਕਾਨੂੰਨ ਦੀ ਉਲੰਘਣਾ ਕਰਦੇ ਹੋਏ ਅਜਿਹਾ ਹੀ ਕੀਤਾ। ਇਸ ਸਮੇਂ ਸਾਨੂੰ ਅਰਾਧਨਾ ਗੁਪਤਾ ਅਤੇ ਰੁਚਿਕਾ ਗਹਿਰੋਤਰਾ ਦੀ ਦੋਸਤੀ ਨੂੰ ਵੀ ਯਾਦ ਕਰਨਾ ਚਾਹੀਦਾ ਹੈ। 13 ਸਾਲ ਪਹਿਲਾਂ ਹਰਿਆਣਾ ਦੇ ਆਈਜੀ ਲਾਅਨ ਟੈਨਿਸ ਐਸੋਸੀਏਸ਼ਨ ਦੇ ਪ੍ਰਧਾਨ ਸਨ। ਰੁਚਿਕਾ ਦੀ ਦੋਸਤ ਨੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ 14 ਸਾਲਾ ਟੈਨਿਸ ਖਿਡਾਰਨ ਰੁਚਿਕਾ ਦੇ ਜਿਨਸੀ ਸ਼ੋਸ਼ਣ ਦੇ ਕੱਚੇ ਚਿੱਠੇ ਦਾ ਪਰਦਾਫਾਸ਼ ਕਰਨ ਲਈ ਦਿਨ-ਰਾਤ ਕੰਮ ਕੀਤਾ। ਜਿਨਸੀ ਸ਼ੋਸ਼ਣ ਤੋਂ ਤੰਗ ਆ ਕੇ ਰੁਚਿਕਾ ਨੇ ਖੁਦਕੁਸ਼ੀ ਕਰ ਲਈ ਸੀ। ਉਸ ਨੂੰ ਇਨਸਾਫ਼ ਮਿਲਣ ਵਿੱਚ 19 ਸਾਲ ਲੱਗ ਗਏ।

ਵੱਡੇ ਤੋਂ ਵੱਡਾ ਅਪਰਾਧ ਹੋਣ ਦੇ ਬਾਵਜੂਦ ਜ਼ਿਆਦਾਤਰ ਔਰਤਾਂ ਪੁਲਿਸ ਕੋਲ ਨਹੀਂ ਜਾਂਦੀਆਂ। ਨਿਆਂ ਉਨ੍ਹਾਂ ਲਈ ਸੁਪਨਾ ਹੈ, ਸਾਰੇ ਜੁਰਮਾਂ ਨੂੰ ਝੱਲ ਕੇ, ਉਹ ਘਰ ਦੀ ਚਾਰ ਦੀਵਾਰੀ ਅੰਦਰ ਸਿਸਕਣ, ਹਉਕੇ ਭਰਨ ਤੇ ਘੁੱਟਣ ਲਈ ਮਜਬੂਰ ਹਨ। ਇੱਕ ਹੀ ਉਮੀਦ ਹੈ ਕਿ ਜਿਸ ਤਰ੍ਹਾਂ ਲੋਕਾਂ ਦੇ ਚਹੇਤੇ ਪ੍ਰਧਾਨ ਮੰਤਰੀ ਰਾਤੋ-ਰਾਤ ਆ ਕੇ ਨੋਟਬੰਦੀ ਅਤੇ ਲਾਕਡਾਊਨ ਦਾ ਐਲਾਨ ਕਰਦੇ ਹਨ, ਇਸ ਵਾਰ ਉਹ ਔਰਤਾਂ ਦੇ ਹੱਕ ਵਿੱਚ ਆ ਕੇ ਚੁੱਪੀ ਤੋੜਨਗੇ। ਆਖ਼ਰਕਾਰ, ਬੇਟੀ ਬਚਾਓ ਅਤੇ ਬੇਟੀ ਪੜ੍ਹਾਓ ਦੇ ਨਾਲ ਖੇਲੋ ਇੰਡੀਆ ਦਾ ਨਾਅਰਾ ਵੀ ਉਨ੍ਹਾਂ ਦਾ ਹੈ। ਇਹ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ਕਿ ਅੱਧੀ ਆਬਾਦੀ (ਮਹਿਲਾਵਾਂ) ਕਿਸੇ ਵੋਟ ਬੈਂਕ ਵਿੱਚ ਵੰਡੀ ਨਹੀਂ ਹੈ। ਇਹ ਮਹਿਲਾ ਆਬਾਦੀ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਬੇਇਨਸਾਫ਼ੀ ਦੇ ਵਿਰੁੱਧ ਪੂਰਾ ਫੈਸਲਾ ਲਵੇਗੀ।

# ਮੇਲਿਆਂ ਅਤੇ ਸਮਾਗਮਾਂ ਦੌਰਾਨ ਕਿਉਂ ਪੈ ਜਾਂਦੀ ਹੈ ਅਚਾਨਕ ਭਾਜੜ?

## ਭਾਜੜ ਦੀਆਂ ਘਟਨਾਵਾਂ ਵਿੱਚ ਭਾਰਤ ਪਹਿਲੇ ਨੰਬਰ ’ਤੇ







ਕੁਝ ਸਮਾਂ ਪਹਿਲਾਂ ਅਲ ਸਲਵਾਡੋਰ ਵਿੱਚ ਇੱਕ ਫੁਟਬਾਲ ਮੈਚ ਦੌਰਾਨ ਭਾਜੜ/ਭਗਦੜ ਪੈਣ ਕਾਰਨ 12 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਲਗਭਗ 500 ਜ਼ਖਮੀ ਹੋ ਗਏ ਸਨ। ਉਸ ਤੋਂ ਪਹਿਲਾਂ ਰਾਮ ਨੌਮੀ ਵਾਲੇ ਦਿਨ ਇੰਦੌਰ ਦੇ ਬੇਲੇਸ਼ਵਰ ਮਹਾਦੇਵ ਮੰਦਰ ’ਚ ਮਚੀ ਭਾਜੜ ’ਚ 35 ਤੋਂ ਵੱਧ ਲੋਕ ਮਾਰੇ ਗਏ ਸਨ। ਹਰ ਰੋਜ਼ ਦੁਨੀਆਂ ਭਰ ਵਿੱਚ ਕਿਤੇ ਨਾ ਕਿਤੇ ਭਾਜੜ ਪੈ ਜਾਂਦੀ ਹੈ ਜਾਂ ਭਗਦੜ ਮੱਚ ਜਾਂਦੀ ਹੈ। ਹਾਲ ਹੀ ਵਿੱਚ, ਵਿਗਿਆਨੀਆਂ ਨੇ 1900 ਤੋਂ 2019 ਦਰਮਿਆਨ ਕੁੱਲ 281 ਭਾਜੜ ਦਾ ਵਿਸ਼ਲੇਸ਼ਣ ਕੀਤਾ। ਗੰਭੀਰ ਗੱਲ ਇਹ ਹੈ ਕਿ ਦੁਨੀਆ ਭਰ ਵਿੱਚ ਭਾਜੜ ਦੀਆਂ ਘਟਨਾਵਾਂ ਵਿੱਚ ਭਾਰਤ ਪਹਿਲੇ ਨੰਬਰ ’ਤੇ ਹੈ।

**ਭਾਜੜ ਦੇ ਕਾਰਨ**

ਜਾਪਾਨ ਦੀ ਟੋਕੀਓ ਯੂਨੀਵਰਸਿਟੀ ਅਤੇ ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ਼ ਨਿਊ ਸਾਊਥ ਵੇਲਜ਼ ਦੀ ਇਹ ਖੋਜ ਸੇਫਟੀ ਸਾਇੰਸ ਜਰਨਲ ਵਿੱਚ ਆਈ ਹੈ। ਇਸ ਵਿੱਚ ਭਾਜੜ ਦੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਵਿਸ਼ਲੇਸ਼ਣ ਵਿੱਚ ਕੁੱਲ 46 ਘਟਨਾਵਾਂ ਅਤੇ 24 ਸੰਬੰਧਿਤ ਕਾਰਕ ਸ਼ਾਮਲ ਕੀਤੇ ਗਏ ਸਨ। ਜੋ ਨਤੀਜਾ ਆਇਆ, ਉਸ ਲਈ ਭਾਜੜ ਦੇ 7 ਕਾਰਨ ਦੱਸੇ ਗਏ।

ਇਨ੍ਹਾਂ ਵਿੱਚ ਦਰਸ਼ਕਾਂ ਦਾ ਮੂਡ, ਬੇਕਾਬੂ ਲੋਕਾਂ ਦਾ ਟੋਲਾ, ਹਤਾਸ਼ ਭੀੜ, ਅਸੰਤੁਲਿਤ ਇਕੱਠ, ਘਟਨਾ ਸਥਾਨ ’ਤੇ ਜਲਣਸ਼ੀਲ-ਵਿਸਫੋਟਕ ਪਦਾਰਥ, ਸਟੇਡੀਅਮ ਵਿੱਚ ਹਰਕਤ ਅਤੇ ਸਮਾਂ ਸ਼ਾਮਲ ਸੀ।

ਖੋਜ ਨੇ ਕਿਹਾ ਕਿ ਭਾਜੜ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ ਜਿੱਥੇ ਦਰਸ਼ਕ ਸਿੱਧੇ ਤੌਰ ’ਤੇ ਘਟਨਾ ਨਾਲ ਜੁੜਦੇ ਹਨ। ਅਜਿਹੀਆਂ ਥਾਂਵਾਂ ’ਤੇ ਸੁਰੱਖਿਆ ਦੀ ਸੰਭਾਵਨਾ 86 ਫੀਸਦੀ ਤੋਂ ਘਟ ਕੇ ਸਿਰਫ਼ 31 ਫੀਸਦੀ ਰਹਿ ਜਾਂਦੀ ਹੈ।

ਅੰਕੜੇ ਦੱਸਦੇ ਹਨ ਕਿ ਦੁਨੀਆਂ ਭਰ ਵਿੱਚ ਭਾਜੜ ਦੀਆਂ ਘਟਨਾਵਾਂ ਦਾ ਮੁੱਖ ਕਾਰਨ ਸੁਰੱਖਿਆ ਨਾਲ ਸਬੰਧਿਤ ਕਦਮ ਠੋਸ ਤਰੀਕੇ ਨਾਲ ਨਹੀਂ ਚੁੱਕੇ ਜਾਣਾ ਹੈ।

ਖੋਜ ’ਚ ਪਾਇਆ ਗਿਆ ਕਿ ਸਾਲ 1900 ਤੋਂ 1999 ਤੱਕ ਹਰ ਸਾਲ ਅਜਿਹੀਆਂ ਤਿੰਨ ਘਟਨਾਵਾਂ ਹੁੰਦੀਆਂ ਸਨ ਪਰ ਇਸ ਤੋਂ ਬਾਅਦ ਇਨ੍ਹਾਂ ਦੀ ਗਿਣਤੀ ਵਧ ਕੇ 12 ਹੋ ਗਈ।

1902 ਅਤੇ 2000 ਦੇ ਵਿਚਕਾਰ, ਦੁਨੀਆਂ ਭਰ ਦੇ ਵੱਡੇ ਸਟੇਡੀਅਮਾਂ ਵਿੱਚ 23 ਭਾਜੜ ਮੱਚ ਚੁੱਕੀ ਹੈ। ਇਨ੍ਹਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 1380 ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਪ੍ਰਬੰਧਕ ਜੋਖਮ ਦੇ ਕਾਰਕਾਂ ਵੱਲ ਵਿਸ਼ੇਸ਼ ਧਿਆਨ ਦੇਣ।

**ਹਜ਼ਾਰਾਂ ਮੌਤਾਂ**

ਖੋਜ ’ਚ ਸ਼ਾਮਲ ਆਸਟ੍ਰੇਲੀਆ ਦੀ ਯੂਨੀਵਰਸਿਟੀ ਆਫ਼ ਨਿਊ ਸਾਊਥ ਵੇਲਜ਼ ਦੇ ਡਾਕਟਰ ਮਿਲਾਦ ਹੈਗਾਨੀ ਮੁਤਾਬਕ ਪਿਛਲੇ 20 ਸਾਲਾਂ ’ਚ ਭਾਜੜ ’ਚ 8,000 ਤੋਂ ਜ਼ਿਆਦਾ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਅਤੇ 15,000 ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਹਨ। ਡਾ: ਹੈਗਾਨੀ ਅਨੁਸਾਰ ਸਮੇਂ ਦੇ ਨਾਲ ਖੇਡ ਮੁਕਾਬਲਿਆਂ ਵਿੱਚ ਹਾਦਸਿਆਂ ਵਿੱਚ ਕਮੀ ਆਈ ਹੈ ਪਰ ਧਾਰਮਿਕ ਸਮਾਗਮਾਂ ਵਿੱਚ ਇਹ ਵਧੀ ਹੈ। ਪਿਛਲੇ 30 ਸਾਲਾਂ ਵਿੱਚ ਖੇਡ ਮੁਕਾਬਲਿਆਂ ਵਿੱਚ ਸੁਰੱਖਿਆ ਦੇ ਵੱਖਰੇ ਪ੍ਰਬੰਧ ਕੀਤੇ ਜਾਣ ਕਾਰਨ ਇਨ੍ਹਾਂ ਵਿੱਚ ਭਾਜੜ ਘੱਟ ਹੋਈ ਹੈ। ਜਦਕਿ ਟੋਕੀਓ ਯੂਨੀਵਰਸਿਟੀ ਦੇ ਪ੍ਰੋ. ਕਲਾਉਡੀਓ ਫੇਲੀਚਿਆਨੀ ਦੇ ਅਨੁਸਾਰ, ਭਾਰਤ ਵਿੱਚ ਭਾਜੜ ਇਸ ਲਈ ਵਾਪਰਦੀ ਹੈ ਕਿਉਂਕਿ ਸ਼ਹਿਰ ਵਿੱਚ ਪਰਵਾਸ ਲਈ ਕੋਈ ਬੁਨਿਆਦੀ ਸਹੂਲਤਾਂ ਨਹੀਂ ਹਨ।

ਰਿਸਰਚ ’ਚ ਦੱਸਿਆ ਗਿਆ ਹੈ ਕਿ ਸਾਲ 2000 ਤੋਂ 2019 ਦਰਮਿਆਨ ਦੁਨੀਆ ’ਚ ਭਾਜੜ ਦੀਆਂ 70 ਫੀਸਦੀ ਘਟਨਾਵਾਂ ਇਕੱਲੇ ਭਾਰਤ ’ਚ ਹੋਈਆਂ ਅਤੇ ਲਗਭਗ ਸਾਰੀਆਂ ਹੀ ਧਾਰਮਿਕ ਘਟਨਾਵਾਂ ਸਨ।

ਭਾਰਤ ਵਿੱਚ ਭਾਜੜ ਦੀਆਂ ਜ਼ਿਆਦਾਤਰ ਘਟਨਾਵਾਂ ਨਦੀ, ਤਲਾਬ, ਤਲਾਬ ਜਾਂ ਪਾਣੀ ਦੇ ਕਿਸੇ ਸਰੋਤ ਦੇ ਕੰਢੇ ਵਾਪਰੀਆਂ।

ਇਸ ਤੋਂ ਇਲਾਵਾ ਪੁਲਾਂ, ਬੱਸਾਂ ਅਤੇ ਰੇਲਵੇ ਸਟੇਸ਼ਨਾਂ ’ਤੇ ਭਗਦੜ ਦੀਆਂ ਘਟਨਾਵਾਂ ’ਚ ਵੀ ਲੋਕਾਂ ਦੀ ਜਾਨ ਚਲੀ ਗਈ।

ਖੋਜ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਸਮੱਸਿਆ ਵਿੱਤੀ ਸਰੋਤਾਂ ਦੀ ਘਾਟ ਪ੍ਰਤੀਤ ਹੁੰਦੀ ਹੈ। ਅਜਿਹਾ ਲੱਗਦਾ ਹੈ ਕਿ ਸਰਕਾਰ ਜਾਣਦੀ ਹੈ ਕਿ ਕੁਝ ਕਰਨਾ ਹੈ, ਪਰ ਉਸ ਕੋਲ ਲੋੜੀਂਦੇ ਸਾਧਨ ਅਤੇ ਤਕਨਾਲੋਜੀ ਨਹੀਂ ਹੈ।

# ਬਹੁਤ ਪੁਰਾਣਾ ਹੈ ਭਾਰਤ ਵਿੱਚ ਰੇਲ ਹਾਦਸਿਆਂ ਦਾ ਇਤਿਹਾਸ



## ਰੇਲ ਹਾਦਸਿਆਂ ਤੋਂ ਬਚਾਓ ਲਈ ਪੂਰੀ ਯੋਜਨਾਬੰਦੀ ਅਤੇ ਯੋਗ ਉਪਰਾਲੇ ਜ਼ਰੂਰੀ



ਓਡੀਸ਼ਾ ਦੇ ਬਾਲਾਸੋਰ ਵਿੱਚ ਵਾਪਰਿਆ ਰੇਲ ਹਾਦਸਾ ਕੋਈ ਪਹਿਲਾ ਹਾਦਸਾ ਨਹੀਂ ਹੈ, ਜਿਸ ਵਿੱਚ ਸੈਂਕੜੇ ਲੋਕਾਂ ਦੀ ਜਾਨ ਚਲੀ ਗਈ ਹੈ। ਇਸ ਤੋਂ ਪਹਿਲਾਂ ਵੀ ਕਈ ਹਾਦਸੇ ਵਾਪਰ ਚੁੱਕੇ ਹਨ ਅਤੇ ਲੋਕ ਸਮੇਂ ਦੀ ਲਪੇਟ ਵਿੱਚ ਆ ਜਾਂਦੇ ਹਨ। ਵਿਡੰਬਣਾ ਇਹ ਹੈ ਕਿ ਵੱਡੇ ਰੇਲ ਹਾਦਸਿਆਂ ਕਾਰਨ ਰੇਲ ਮੰਤਰੀ ਵੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਹਨ ਪਰ ਅੱਜ ਤੱਕ ਕੋਈ ਸਥਾਈ ਹੱਲ ਨਹੀਂ ਨਿਕਲਿਆ। ਸਵਾਲ ਇਹ ਹੈ ਕਿ ਇਕ ਹੀ ਟ੍ਰੈਕ ’ਤੇ ਦੋਵੇਂ ਦਿਸ਼ਾਵਾਂ ਤੋਂ ਟਰੇਨ ਨੂੰ ਸਿਗਨਲ ਕਿਵੇਂ ਦਿੱਤਾ ਗਿਆ। ਦੋਸ਼ੀ ਅਧਿਕਾਰੀਆਂ ਅਤੇ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਜਾਂ ਕੋਈ ਹੱਲ ਕੱਢਿਆ ਜਾਵੇਗਾ।

ਪਿਛਲੇ 8 ਸਾਲਾਂ ਦੀ ਗੱਲ ਕਰੀਏ ਤਾਂ ਭਾਰਤ ’ਚ 25 ਅਜਿਹੇ ਰੇਲ ਹਾਦਸੇ ਹੋ ਚੁੱਕੇ ਹਨ, ਜਿਨ੍ਹਾਂ ’ਚ ਦੋ ਟ੍ਰੇਨਾਂ ਆਪਸ ’ਚ ਟਕਰਾ ਗਈਆਂ। ਇਸ ਦੇ ਨਾਲ ਹੀ 2014-15 ਤੋਂ ਹੁਣ ਤੱਕ ਰੇਲ ਗੱਡੀਆਂ ਦੇ ਪਟੜੀ ਤੋਂ ਉੱਤਰਨ ਦੇ ਕੁੱਲ 396 ਹਾਦਸੇ ਹੋਏ ਹਨ। 2022-23 ਵਿੱਚ, ਰੇਲਵੇ ਕਰਾਸਿੰਗਾਂ ’ਤੇ ਹਾਦਸਿਆਂ ਦੇ 133 ਮਾਮਲੇ ਸਾਹਮਣੇ ਆਏ। ਭਾਰਤ ਵਿੱਚ ਰੇਲ ਹਾਦਸਿਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਹਰ ਹਾਦਸੇ ਤੋਂ ਬਾਅਦ ਜਾਂਚ ਕਮੇਟੀ ਬਣਾ ਦਿੱਤੀ ਜਾਂਦੀ ਹੈ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਕੇ ਫਾਈਲ ਬੰਦ ਕਰ ਦਿੱਤੀ ਜਾਂਦੀ ਹੈ, ਪਰ ਅੱਜ ਤੱਕ ਕੋਈ ਠੋਸ ਹੱਲ ਨਹੀਂ ਨਿਕਲਿਆ।

ਰੇਲ ਹਾਦਸਿਆਂ ਦਾ ਇਤਿਹਾਸ

-5 ਨਵੰਬਰ 1890 ਨੂੰ ਨਾਗਪੁਰ ਨੇੜੇ ਮੇਲ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ, ਜਿਸ ਕਾਰਨ 10 ਦੀ ਮੌਤ ਹੋ ਗਈ ਅਤੇ 35 ਜ਼ਖਮੀ ਹੋ ਗਏ।

-2 ਜਨਵਰੀ 2010 ਨੂੰ ਤਿੰਨ ਵੱਖ-ਵੱਖ ਰੇਲ ਹਾਦਸੇ ਵਾਪਰੇ। ਇਨ੍ਹਾਂ ਵਿੱਚ ਲਿੱਛਵੀ, ਗੋਰਖਧਾਮ ਅਤੇ ਸਰਯੂ-ਯਮੁਨਾ ਐਕਸਪ੍ਰੈੱਸ ਸ਼ਾਮਲ ਹਨ। ਇਨ੍ਹਾਂ ਹਾਦਸਿਆਂ ਵਿੱਚ 10 ਤੋਂ ਵੱਧ ਯਾਤਰੀਆਂ ਦੀ ਮੌਤ ਹੋ ਗਈ ਅਤੇ 61 ਯਾਤਰੀ ਜ਼ਖ਼ਮੀ ਹੋ ਗਏ।

-3 ਜਨਵਰੀ 2010 ਨੂੰ ਏਪੀ ਐਕਸਪ੍ਰੈੱਸ ਦੇ 7 ਡੱਬੇ ਪਟੜੀ ਤੋਂ ਉਤਰ ਗਏ।

-ਗੋਦਾਵਰੀ ਐਕਸਪ੍ਰੈੱਸ 8 ਮਈ 2010 ਨੂੰ ਪਟੜੀ ਤੋਂ ਉਤਰ ਗਈ

-25 ਮਈ, 2010 ਨੂੰ, ਰਾਜਧਾਨੀ ਐਕਸਪ੍ਰੈੱਸ ਨਵਾਗਾਚੀਆ ਨੇੜੇ ਪਟੜੀ ਤੋਂ ਉਤਰ ਗਈ, ਜਿਸ ਨਾਲ 11 ਯਾਤਰੀ ਜ਼ਖਮੀ ਹੋ ਗਏ।

-28 ਮਈ 2010 ਗਿਆਨੇਸ਼ਵਰੀ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ ਜਿਸ ਵਿੱਚ 170 ਯਾਤਰੀਆਂ ਦੀ ਮੌਤ ਹੋ ਗਈ।

-4 ਜੂਨ 2010 ਨੂੰ ਕੋਇੰਬਟੂਰ ਨੇੜੇ ਇੱਕ ਰੇਲ ਗੱਡੀ ਅਤੇ ਇੱਕ ਮਿੰਨੀ ਬੱਸ ਦੀ ਟੱਕਰ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਸੀ।

-18 ਜੂਨ, 2010 ਨੂੰ, ਅਮਰਾਵਤੀ ਐਕਸਪ੍ਰੈੱਸ ਇੱਕ ਮਾਨਵ ਰਹਿਤ ਫਾਟਕ ’ਤੇ ਇੱਕ ਰੋਡ ਆਨ ਰੋਲਰ ਨਾਲ ਟਕਰਾ ਗਈ, ਜਿਸ ਵਿੱਚ 27 ਯਾਤਰੀ ਜ਼ਖਮੀ ਹੋ ਗਏ।

-19 ਜੁਲਾਈ 2010 ਨੂੰ ਵਨਾਚਲ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ ਸੀ ਜਿਸ ਵਿੱਚ 63 ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ 165 ਯਾਤਰੀ ਜ਼ਖਮੀ ਹੋ ਗਏ ਸਨ।

-17 ਅਗਸਤ 2010 ਨੂੰ ਫੈਜ਼ਾਬਾਦ-ਲਖਨਊ ਰੇਲਵੇ ਲਾਈਨ ’ਤੇ ਰੇਲ ਹਾਦਸੇ ’ਚ 4 ਲੋਕਾਂ ਦੀ ਮੌਤ ਹੋ ਗਈ ਸੀ।

-ਮੁੰਬਈ ਰਾਜਧਾਨੀ ਐਕਸਪ੍ਰੈੱਸ 18 ਅਪ੍ਰੈਲ 2011 ਨੂੰ ਹਾਦਸੇ ਦਾ ਸ਼ਿਕਾਰ ਹੋਈ, ਸਾਰੇ ਯਾਤਰੀ ਸੁਰੱਖਿਅਤ ਸਨ।

-16 ਮਈ 2011 ਨੂੰ ਵਿਜੇਵਾੜਾ ਸਟੇਸ਼ਨ ਨੇੜੇ ਰੇਲ ਹਾਦਸਾ

-7 ਜੁਲਾਈ 2011 ਮਥੁਰਾ-ਛਪਰਾ ਐਕਸਪ੍ਰੈੱਸ ਰੇਲ ਹਾਦਸਾ, 38 ਮੌਤਾਂ, 30 ਜ਼ਖਮੀ

(ਬਾਕੀ ਸਫ਼ਾ 30 ’ਤੇ)





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਗੁਰੂ ਹਰਿਗੋਬਿੰਦ ਸਾਹਿਬ ਜੀ

## ਗੁਰਗੱਦੀ ਦਿਵਸ ’ਤੇ ਵਿਸ਼ੇਸ਼

ਗੁਰੂ ਨਾਨਕ ਦੇਵ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂ ਸਾਹਿਬਾਨ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰਾਂ ਹੀ ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਪਰਤੇ। ਨੇੜਲੇ ਪਿੰਡ ‘ਵਡਾਲੀ’ ਵਿਖੇ 19 ਜੂਨ 1595 ਪਿਤਾ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ।

ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ’ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਦੀਆਂ ਅਸਫਲ ਕੋਸ਼ਿਸਾਂ ਕੀਤੀਆਂ। ਗੁਰ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਵਿਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਅਤੇ ਪ੍ਰਚਲਤ ਸ਼ਸ਼ਤਰਾਂ ਨੂੰ ਚਲਾਉਣ ਲਈ ਅਭਿਆਸ ਕਰਵਾਏ।

ਗੁਰੂ ਹਰਿਗੋਬਿੰਦ ਜੀ 11 ਸਾਲਾਂ ਦੇ ਸਨ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਹਨਾਂ ਨੇ ਮੁੜ ਕੇ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿੱਚ ਜ਼ੁਲਮ ਵਿਰੁੱਧ ਸ਼ਸ਼ਤਰ ਚੁੱਕਣੇ ਪੈਣਗੇ। ਉਹਨਾਂ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਉਹਨਾਂ ਗੁਰਗੱਦੀ ’ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ਼ ਫ਼ੌਜ ਵੀ ਰੱਖਣੀ ਹੈ। ਇਸੇ ਫ਼ੌਜ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫ਼ੌਜੀ ਖ਼ਾਲਸੇ ਦਾ ਰੂਪ ਦਿੱਤਾ।

25 ਮਈ , 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚਲਤ ਪ੍ਰੰਪਰਾ ਵਿੱਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ। ਜਿਸਦਾ ਤਿਆਗ ਕਰਕੇ ਗੁਰਾਂ ਨੇ ਦੋ ਤਲਵਾਰਾਂ ਸਜਾਈਆਂ-ਇੱਕ ਮੀਰੀ ਦੀ ਤੇ ਇੱਕ ਪੀਰੀ ਦੀ। ਇੱਕ ਰੂਹਾਨੀ ਅਗਵਾਈ ਵਾਸਤੇ ਅਤੇ ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਹਨਾਂ ਸਪਸ਼ਟ ਕੀਤਾ ਕਿ ਸ਼ਸ਼ਤਰ ਧਾਰਨ ’ਤੇ ਵੀ ਅੰਤਰ ਮੁਖੀ ਸਾਧੂ ਹਾਂ ਤੇ ਬਾਹਰਮੁਖੀ ਰਾਜੇ। ਸ਼ਸ਼ਤਰ ਗਰੀਬ ਦੀ ਰਾਖੀ ਅਤੇ ਅਤਿਆਚਾਰੀਆਂ ਦੇ ਜ਼ੁਲਮ ਦਾ ਨਾਸ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਆਰਬੰਦ ਹੋਣ ਦਾ ਐਲਾਨ ਕੀਤਾ। ਉਹਨਾਂ ਨੇ ਸੰਗਤਾਂ ਨੂੰ ਹਿਦਾਇਤ ਕੀਤੀ ਕਿ ਭੇਟਾ ਵਿੱਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੋਲ ਜਵਾਨ ਸ਼ਾਮਲ ਹੋਣ। ਜਵਾਨੀ ਕਾਇਮ ਰੱਖਣ ਲਈ ਵਰਜ਼ਿਸ, ਕੁਸ਼ਤੀਆਂ, ਘੋੜ ਸਵਾਰੀ, ਗਤਕਾ ਅਤੇ ਸ਼ਿਕਾਰ ਖੇਡਣ ਦਾ ਉਤਸ਼ਾਹ ਦਿੱਤਾ। ਮਲ ਅਖਾੜਾ ਬਣਾਇਆ, ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿੱਚ ਲਾਇਆ, ਘੋੜਿਆਂ ਦਾ ਵਪਾਰ ਹੋਣ ਲੱਗਾ, ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਤੌਰ ’ਤੇ ਵੀ ਖੁਸ਼ਹਾਲ ਹੋਣ ਲੱਗੇ। ਕੌਮ ਲਈ ਬਕਾਇਦਾ ਫ਼ੌਜੀ ਸਿਖਲਾਈ ਦਾ ਪ੍ਰਬੰਧ ਹੋਇਆ। ਚੜ੍ਹਦੀਕਲਾ ਦਾ ਦੌਰ ਸ਼ੁਰੂ ਹੋਇਆ। ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਸੂਰਬੀਰਾਂ ਦੀ ਕੌਮ ਦੇ ਵਿਕਾਸ , ਉਤਸ਼ਾਹ ਅਤੇ ਰੱਖਿਆ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿਥੇ ਵਪਾਰਕ ਕੇਂਦਰ ਬਣਾਇਆ ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਅਧੀਨ ਨਾ ਹੋਣ। ਅਕਾਲ ਤਖ਼ਤ ਸਾਹਿਬ ਜੀ ਸਿਰਜਣਾ ਕੀਤੀ, ਜੋ ਕਿ ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰਾਂ ਦਰਬਾਰ ਸਾਹਿਬ ਅੰਮ੍ਰਿਤਸਰ ਜੁੜਦੀਆਂ। ਗੁਰਬਾਣੀ ਪਾਠ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖ਼ਤ ਸਾਹਿਬ ਜੁੜਦੀਆਂ। ਸਰੀਰਕ ਕਸਰਤਾਂ ਹੁੰਦੀਆਂ। ਸੂਰਮਿਆਂ ਦੀਆਂ ਬੀਰ ਰਸ ਵਾਰਾਂ ਸਿੱਖਾਂ ਦੇ ਮਨਾਂ ਵਿੱਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਲੱਗੇ। ਯੋਧੇ ਇੱਕਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ।

ਗੁਰੂ ਜੀ ਨੇ 52 ਯੋਧੇ ਆਪਣੇ ਨਿੱਜੀ ਸੁਰਖਿਅਕ ਰੱਖੇ। ਫ਼ੌਜ ਦਾ ਮੁੱਢ ਬੰਨਿਆ। ਮਾਝਾ, ਮਾਲਵਾ ਅਤੇ ਦੋਆਬਾ ਦੇ 500 ਯੋਧੇ ਗੁਰੂ ਜੀ ਨਾਲ ਆਣ ਰਲੇ। ਜਿਹਨਾਂ ਨੇ ਮਰ ਮਿੱਟਣ ਦਾ ਪ੍ਰਣ ਲਿਆ। ਗੁਰੂ ਜੀ ਦੇ ਖ਼ਿਲਾਫ਼ ਪ੍ਰਬੰਧਕ ਜਹਾਂਗੀਰ ਦੇ ਕੰਨ ਭਰਨ ਲੱਗੇ ਕਿ ਗੁਰੂ ਜੀ ਨੇ ਆਪਣਾ ਤਖ਼ਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਹਨਾਂ ਨੂੰ ਸੱਚਾ ਪਾਤਿਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਉਹਨਾਂ ਦੀਆਂ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹਨ, ਸਮੇਂ ਸਿਰ ਦਬਾ ਦਿੱਤਾ ਜਾਵੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੀਆਂ ਕਾਰਵਾਈਆਂ ਖਤਰਨਾਕ ਤਾਂ ਨਹੀਂ। ਵਕਤੀ ਤੌਰ ਤੇ ਉਸਦੀ ਤਸੱਲੀ ਹੋ ਗਈ। ਵਧੇਰੇ ਪਰਖ ਕਰਨ ਲਈ ਬਹਾਨੇ ਨਾਲ ਉਸਨੇ ਸੁਖਾਵਾਂ ਮਾਹੌਲ ਬਣਾਇਆ। ਬਾਦਸ਼ਾਹ ਗੁਰੂ ਜੀ ਨੂੰ ਇੱਕ ਦਿਨ ਸ਼ਿਕਾਰ ’ਤੇ ਲੈ ਗਿਆ, ਇੱਕ ਸ਼ੇਰ ਨੇ ਬਾਦਸ਼ਾਹ ’ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਬੇਵੱਸ ਸੀ ਕਿ ਗੁਰੂ ਜੀ ਨੇ ਢਾਲ ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜਾਰ ਤਾਂ ਹੋ ਗਿਆ ਪਰ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸੱਚਮੁੱਚ ਹੀ ਮੁਗਲ ਹਕੂਮਤ ਲਈ ਖ਼ਤਰਾ ਹਨ। ਇਸ ਬਗਾਵਤ ਨੂੰ ਦਬਾ ਦੇਣਾ ਚਾਹੀਦਾ ਹੈ। ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦੀ ਸਨ। ਜੋ ਬਹੁਤ ਮਾੜਾ ਜੀਵਨ ਬਿਤਾ ਰਹੇ ਸਨ, ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਹਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਗੁਰੂ ਜੀ ਦੀ ਨਾਜਾਇਜ਼ ਲੰਬੀ ਹੁੰਦੀ ਜਾ ਰਹੀ ਸਜ਼ਾ ਕਾਰਨ ਰੋਹ ਜਾਗ ਪਿਆ। ਸਿੱਖਾਂ ਨੇ ਰਿਹਾਈ ਲਈ ਵਿਦਰੋਹ ਕੀਤਾ। ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸ਼ਹਿਰ ਵਿੱਚ ਦੀਪਮਾਲਾ ਕੀਤੀ। ਗੁਰੂ ਜੀ ਦੀ ਉਪਮਾ “ਬੰਦੀ ਛੋੜ” ਕਹਿ ਕੇ ਕੀਤੀ।

ਗੁਰੂ ਜੀ ਜਦ ਦਿੱਲੀ ਪਹੁੰਚੇ ਤਾਂ ਬਾਦਸ਼ਾਹ ਜਹਾਂਗੀਰ ਦਰਸ਼ਨਾਂ ਲਈ ਆਇਆ। ਫਿਰ ਅੰਮ੍ਰਿਤਸਰ ਵੀ ਆਇਆ। ਗੁਰੂ ਜੀ ਨੇ ਮਾਝਾ, ਦੋਆਬਾ ਦਾ ਪ੍ਰਚਾਰ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਂਮੁੱਲਾਂ ਦੇ ਰਸਤੇ ਪੰਜਾ ਸਾਹਿਬ, ਰੁਹਤਾਸ, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੋਲਾ ਸ਼ਾਹ ਨਾਲ ਭੇਂਟ ਹੋਈ। ਉਸਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜਰਾਨ, ਪੁੱਤਰ ਨਿਸ਼ਾਨ, ਆਰਫ ਵਿਚਾਰ, ਮਜਹਰ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿੱਚ ਅਮਨ ਨਾਲ ਰਹੇ। ਸੰਨ 1626 ਈ. ਵਿੱਚ ਉਸਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖ਼ਤ ’ਤੇ ਬੈਠਾ। ਉਸਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਚਾਰ ਯੁੱਧ ਕਰਨੇ ਪਏ, ਜਿਹਨਾਂ ਵਿੱਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਮੁਗਲ ਫ਼ੌਜ ਦੇ ਇੱਕਲੇ ਇੱਕਲੇ ਸੈਨਾਪਤੀ ਨੂੰ ਮਾਰ ਮੁਕਾਇਆ।

ਪਹਿਲੀ ਜੰਗ ਮਈ 1628 ਈ. ਵਿੱਚ ਅੰਮ੍ਰਿਤਸਰ ਵਿਖੇ ਹੋਈ, ਮੁਗਲ ਸੈਨਾਪਤੀ ਮੁਖਲਿਸ ਖਾਂ ਸੀ।

ਦੂਸਰੀ ਜੰਗ ਸਤੰਬਰ 1629 ਈ. ਵਿੱਚ ਹਰਿਗੋਬਿੰਦਪੁਰ ਵਿਖੇ ਹੋਈ, ਮੁਗਲ ਸੈਨਾਪਤੀ ਅਬਦੁਲਾਹ ਖਾਂ ਸੀ। ਤੀਸਰੀ ਜੰਗ ਨਵੰਬਰ 1631 ਈ. ਵਿੱਚ ਮਰਾਝ ਵਿਖੇ ਹੋਈ। ਮੁਗਲ ਸੈਨਾਪਤੀ ਲਲਾ ਬੇਗ ਸੀ। ਚੌਥੀ ਜੰਗ 1634 ਈ. ਕਰਤਾਰਪੁਰ ਵਿਖੇ ਹੋਈ। ਮੁਗਲ ਸੈਨਾਪਤੀ ਕਾਲੇ ਖਾਂ ਤੇ ਪੈਂਦੇ ਖਾਂ ਸਨ।

ਜੰਗਾਂ ਉਪਰੰਤ ਗੁਰੂ ਜੀ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿੱਚ ਸਨ ਤਾਂ ਕੀਰਤਪੁਰ ਦੀ ਉਸਾਰੀ ਕੀਤੀ, ਜਿਥੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰਖਿਆ ਅਤੇ ਸਿੱਖੀ ਨੂੰ ਪ੍ਰਫੂਲਿਤ ਕੀਤਾ। ਆਪਣੇ ਛੋਟੇ ਪੋਤਰੇ ਹਰਿ ਰਾਏ ਸਾਹਿਬ ਜੀ ਨੂੰ ਮਾਰਚ 1644 ਈ. ਗੁਰਗੱਦੀ ਸੌਂਪੀ। ਆਪ 3 ਮਾਰਚ 1644 ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾਏ।

# ਅਕਾਲ ਤਖਤ ਸਾਹਿਬ ਦੇ ਸਿਰਜਣਹਾਰ ਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ

ਸਮਸ਼ੇਰ ਸਿੰਘ

ਅੰਮ੍ਰਿਤਸਰ ਦੀ ਪਵਿੱਤਰ ਧਰਤੀ, ਜਿਸ ਨੂੰ ਗੁਰੂ ਨਗਰੀ ਹੋਣ ਦਾ ਮਾਣ ਪ੍ਰਾਪਤ ਹੈ। ਅੰਮ੍ਰਿਤਸਰ ਤੋਂ ਥੋੜੀ ਹੀ ਦੂਰ ਪਿੰਡ ਹੈ ਗੁਰੂ ਕੀ ਵਡਾਲੀ। ਇਸ ਪਿੰਡ ਵਿੱਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਪ੍ਰਕਾਸ਼ ਹਾੜ ਵਦੀ 7, 21 ਹਾੜ ਸੰਮਤ 1652 ਬਿਕਰਮੀ ਮੁਤਾਬਕ 19 ਜੂਨ 1595 ਈ ਨੂੰ ਜਨਮ ਲਿਆ। ਇਸੇ ਕਰਕੇ ਉਸ ਨਗਰ ਨੂੰ ਅੱਜ ‘ਗੁਰੂ ਕੀ ਵਡਾਲੀ’ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਪਨ ਤੋਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਾਣੀ ਪੜ੍ਹਨ ਅਤੇ ਵਿਦਿਆ ਸਿੱਖਣ ਲਈ ਬਾਬਾ ਬੁੱਢਾ ਸਾਹਿਬ ਜੀ ਦੇ ਲੜ ਲਗਾ ਦਿੱਤਾ। ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ। ਸੰਨ 1603 ਵਿੱਚ (ਗੁਰੂ) ਹਰਿਗੋਬਿੰਦ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਲਈ ਬਾਬਾ ਬੁੱਢਾ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। ਸ਼ਸਤਰ ਵਿਦਿਆ ਦਾ ਆਪ ਜੀ ਨੂੰ ਬਹੁਤ ਸ਼ੌਕ ਸੀ ਅਤੇ ਜਲਦੀ ਹੀ ਇਸ ਕਲਾ ਵਿੱਚ ਨਿਪੁੰਨ ਹੋ ਗਏ। ਬਾਬਾ ਬੁੱਢਾ ਜੀ ਆਪ ਜੀ ਨੂੰ ਦੇਖ ਕੇ ਮਹਾਂਬਲੀ ਯੋਧਾ ਨਾਂ ਨਾਲ ਪੁਕਾਰਦੇ ਸਨ।

ਆਪ ਦਾ ਵਿਆਹ ਗੁਰੂ ਮਹਿਲ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂ ਦੇਵੀ (ਮਰਵਾਹੀ) ਨਾਲ ਹੋਇਆ। ਆਪ ਜੀ ਦੇ ਘਰ ਪੰਜ ਪੁੱਤਰਾਂ- ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤੇਗ ਮੱਲ ਜੀ (ਗੁਰੂ ਤੇਗ ਬਹਾਦਰ ਜੀ) ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਨੇ ਜਨਮ ਲਿਆ।

ਜੋ ਸਿੱਖ ਸ਼ਸਤਰ ਜਾਂ ਘੋੜਾ ਗੁਰੂ ਸਾਹਿਬ ਨੂੰ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਮੰਨੇ ਹੋਏ ਪੰਜ ਤਖ਼ਤਾਂ ਵਿਚੋਂ ਪਹਿਲਾ ਸਰਵ-ਉੱਚ ਤਖ਼ਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਉਸਾਰਿਆ। 6 ਸਾਵਣ ਸੰਮਤ 1663, 5 ਜੁਲਾਈ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ, ਜਿਨ੍ਹਾਂ ਵਿਚੋਂ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ:

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।

ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ ਕਿ ਗੁਰੂ-ਘਰ ਵਿੱਚ ਇਹ ਦੋਵੇਂ ਸ਼ਕਤੀਆਂ ਸੰਤ-(ਪੀਰੀ) ਤੇ ਸਿਪਾਹੀ (ਰਾਜਸੀ ਤਾਕਤ- ਮੀਰੀ) ਇਕੱਠੇ ਕੰਮ ਕਰਨਗੇ; ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ।

ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਹੋਵੇਗਾ ਬਲਕਿ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ।

1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਕੇ ਆਗਰੇ ਤੋਂ ਪੰਜਾਬ ਆ ਗਿਆ। ਤਿੰਨ ਕੁ ਹਫ਼ਤਿਆਂ ਬਾਅਦ ਉਹ ਦਰਿਆ ਝਨਾਂ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹਿੰਦੀ ਤੇ ਹੋਰ ਕੱਟੜਵਾਦੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

15 ਮਈ 1606 ਦੇ ਆਖ਼ਰੀ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਚਰਚਾ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ 11 ਕੁ ਸਾਲ ਦੀ ਸੀ। ਛੇਵੇਂ ਪਾਤਸ਼ਾਹ ਜੀ ਨੇ ਸੱਤਾ ਦੇ ਅਤਿਆਚਾਰਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਤੇ ਸ਼ਸਤਰ ਗੁਰੂ ਘਰ ’ਚ ਭੇਟ ਕਰਨ ਦੇ ਹੁਕਮਨਾਮੇ ਜਾਰੀ ਕੀਤੇ। ਸਿੱਖਾਂ/ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਸੱਤਾ ਦੇ ਮੁਕਾਬਲੇ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਸਿੱਖਾਂ ਨੂੰ ਸ਼ਿਕਾਰ ਅਤੇ ਸ਼ਸਤਰ ਵਿਦਿਆ ਸਿਖਾਉਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਵਰਗੇ ਚੋਣਵੇਂ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ। ਗੁਰੂ ਸਾਹਿਬ ਜੀ ਦੀ ਇਹ ਰੁਚੀ ਦੇਖ ਕੇ ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਕੋਈ ਪੰਜ ਸੌ ਨੌਜਵਾਨ ਆਪ ਦੀ ਸ਼ਰਨ ਵਿੱਚ ਇਕੱਠੇ ਹੋ ਗਏ। ਕਾਲ ਦੇ ਸਮੇਂ ਮੁਸਲਮਾਨ ਹਕੂਮਤ ਨੇ ਗਰੀਬਾਂ ਦੀ ਬਿਲਕੁਲ ਕੋਈ ਸਾਰ ਨਹੀਂ ਲਈ ਸੀ ਇਸ ਕਰਕੇ ਕਈ ਮੁਸਲਮਾਨ ਭੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫੌਜ ਵਿੱਚ ਭਰਤੀ ਹੋ ਗਏ।

ਗੁਰੂ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿੱਚ ਜਿੱਤ ਪ੍ਰਾਪਤ ਕੀਤੀ। ਪਹਿਲੀ ਜੰਗ 27 ਸਤੰਬਰ 1621 ਈ: ਨੂੰ ਰੁਹੇਲਾ ’ਤੇ ਹੋਈ, ਜਿਸ ਦਾ ਕਾਰਨ ਉਸ ਇਲਾਕੇ ਦੇ ਚੌਧਰੀ ਭਗਵਾਨ ਦਾਸ ਘੇਰੜ (ਚੰਦੂ ਦਾ ਕੁੜਮ) ਦਾ ਹੰਕਾਰ ਸੀ, ਜੋ ਗੁਰੂ ਜੀ ਦੇ ਜੇਲ੍ਹ ਜਾਣ ਉਪਰੰਤ ਗੁਰੂ ਘਰ ਦੀ ਜ਼ਮੀਨ ਦਾ ਮਾਲਕ ਬਣ ਬੈਠਾ ਸੀ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਦੀ ਚੁੱਕਣਾ ’ਤੇ ਜਲੰਧਰ ਦਾ ਫੌਜਦਾਰ ਅਬਦੁੱਲਾ ਖ਼ਾਨ ਫੌਜ ਸਮੇਤ ਗੁਰੂ ਜੀ ’ਤੇ ਚੜ੍ਹਾਈ ਕਰਕੇ ਆਇਆ ਤੇ ਗੁਰੂ ਜੀ ਨੂੰ ਇਲਾਕਾ ਛੱਡ ਜਾਣ ਲਈ ਕਿਹਾ, ਇਸ ਲੜਾਈ ਵਿੱਚ ਭਗਵਾਨ ਦਾਸ, ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਮਾਰੇ ਗਏ ।

28 ਅਕਤੂਬਰ 1627 ਨੂੰ ਜਹਾਂਗੀਰ ਦੀ ਮੌਤ ਹੋ ਗਈ। ਜਹਾਂਗੀਰ ਦਾ ਪੁੱਤਰ ਬਾਦਸ਼ਾਹ ਸ਼ਾਹਜਹਾਨ ਵੀ ਹੌਲ਼ੀ ਹੌਲ਼ੀ ਮੁਤੱਸਬੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਆ ਗਿਆ।

ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ।

ਗੁਰੂ ਸਾਹਿਬ ਜੀ ਨੇ ਹਰ ਪਾਸੇ ਸਿੱਖੀ ਦਾ ਪਰਚਾਰ ਕੀਤਾ ਅਤੇ ਆਮ ਜਨਤਾ ਨੂੰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਕੱਢਿਆ। 1635 ਵਿੱਚ ਦਾਰਾ ਸ਼ਿਕੋਹ ਪੰਜਾਬ ਦਾ ਗਵਰਨਰ ਬਣਿਆ ਅਤੇ ਜੋ ਧਾਰਮਿਕ ਪੱਖ ਤੋਂ ਤੰਗ ਦਿਲ ਨਹੀਂ ਸੀ। ਸੋ 1644 ਤੱਕ ਅਮਨ ਸ਼ਾਂਤੀ ਦੇ ਸਮੇਂ ਸਿੱਖ ਧਰਮ ਦਾ ਪਰਚਾਰ ਜਾਰੀ ਰਿਹਾ। ਅੰਤ ਵੇਲਾ ਨੇੜੇ ਜਾਣ ਕੇ ਗੁਰੂ ਸਾਹਿਬ ਜੀ ਨੇ ਗੁਰਗੱਦੀ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਸੌਂਪੀ ਅਤੇ 3 ਮਾਰਚ 1644 ਨੂੰ 49 ਸਾਲ ਦੀ ਉਮਰ ਵਿੱਚ ਜੋਤੀ ਜੋਤ ਸਮਾ ਗਏ।

# 1984 ਵਾਲੀ ਭੂ-ਮੰਡਲੀ ਸ਼ਤਰੰਜ ਦੀ ਹਕੀਕਤ



ਪ੍ਰੋ ਦੇਵਿੰਦਰ ਸਿੰਘ
ਹਿਸਟਰੀਅਨ

1984 ਤੋਂ ਪਹਿਲਾਂ ਚੁਰੂ ਰਾਜਸਥਾਨ ਤੋਂ, ਪੰਜਾਬੋਂ ਬਾਹਰਲੀ ਘੱਟ ਗਿਣਤੀ ਸਿੱਖਾਂ ਨੂੰ ਕਤਲੇਆਮ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇੰਦਰਾ ਗਾਂਧੀ ਨੇ ਝੂਠਾ ਸਿੱਖ ਹਊਆ ਖੜ੍ਹਾ ਕੀਤਾ ਅਤੇ ਫਿਰ ਪੰਜਾਬੋਂ ਬਾਹਰਲੇ ਸਿੱਖਾਂ ਦੀ ਸੁਰੱਖਿਆ ਬਾਰੇ ਇੱਕ ਤਰ੍ਹਾਂ ਦੀ ਧਮਕੀ ਦਿੱਤੀ ।ਉਸ ਵੇਲੇ ਮੀਡੀਆ ਨੇ ਬਿਨਾ ਕਾਨੂੰਨੀ ਜਾਂ ਅਦਾਲਤੀ ਆਧਾਰ ਤੋਂ , ਪੰਜਾਬੀ ਪੇਂਡੂ ਸਿੱਖਾਂ ਉੱਤੇ ਹਿੰਦੂਆਂ ਦੇ ਕਥਿਤ ਕਤਲਾਂ ਦੇ ਜ਼ਿੰਮੇਵਾਰ ਹੋਵਣ ਦਾ ਝੂਠਾ ਫਤਵਾ ਬਾਰ ਬਾਰ ਦੁਹਰਾਉਂਦਿਆਂ, ਭਾਰਤ ਦੇ ਤੁੰਦ ਮੁੰਧ ਆਮ ਹਿੰਦੂਆਂ ਨੂੰ ਸਿੱਖ ਵਿਰੋਧੀ ਕਰ ਕੇ, ਕਾਂਗਰਸ ਦੇ ਵੋਟ ਬੈਂਕ ਵਿੱਚ ਜਮ੍ਹਾਂ ਕਰ ਦਿੱਤਾ ਸੀ। ਇਹ ਨੰਗੀ ਚਿੱਟੀ ਵੋਟ ਬੈਂਕ ਇੰਜੀਨੀਅਰਿੰਗ ਹਿੱਤ ਸ਼ਰਮਨਾਕ ਪੈਂਤੜਾ ਸੀ। ਸੋ ਪੰਜਾਬੋਂ ਬਾਹਰਲੇ ਸਿੱਖਾਂ ਦੇ ਸਵੈ - ਭਰੋਸੇ ਅਤੇ ਤਵਾਜ਼ਨ ਹਿੱਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਜਵਾਬ ਵਿੱਚ ਬਦਲੇ ਵਾਲਾ ਬਿਆਨ ਦਿੱਤਾ ਗਿਆ ਸੀ, ਜਿਸ ਨੂੰ ਹਿੰਸਾ ਦੀ ਗਵਾਹੀ ਵਜੋਂ ਮੀਡੀਆ ਨੇ ਸੈਂਕੜੇ ਬਾਰ ਦੁਹਰਾਇਆ, ਜਦੋਂ ਕਿ ਇਹ ਤਾਂ ਪ੍ਰਤੀਕਰਮ ਸੀ ਅਤੇ ਚੁਰੂ ਅਤੇ ਪ੍ਰਧਾਨ ਮੰਤਰੀ ਵੱਲੋਂ ਦਿੱਤੀਆਂ ਧਮਕੀਆਂ ਨੂੰ ਖ਼ਲਾਸ ਕਰਨ ਲਈ ਸੀ।

ਭਾਵੇਂ ਸੰਵਿਧਾਨਕ ਹੱਕਾਂ ਵਾਲੇ ਬੁਨਿਆਦੀ ਆਧਾਰ ਉੱਤੇ ਫੈਡਰਲ ਢਾਂਚੇ ਵਾਲੇ ਆਨੰਦਪੁਰ ਮਤੇ ਨੂੰ ਦ੍ਰਿੜਾਉਣਾ ਕਾਨੂੰਨ ਦੀ ਉਲੰਘਣਾ ਬਿਲਕੁਲ ਵੀ ਨਹੀਂ ਸੀ ਪਰੰਤੂ ਉਸ ਨੂੰ ਦੇਸ਼ ਨਾਲ ਗੱਦਾਰੀ ਕਰਾਰ ਦੇਣ ਵਾਲੀ ਨੀਚ ਸਵਰਨ-ਸਿਆਸਤ ਅਤੇ ਮੱਕਾਰ ਮੀਡੀਏ ਦੁਆਰਾ ਪ੍ਰਚਾਰ ਨੇ ਇਕ ਤਰ੍ਹਾਂ ਦਾ ਘਰੋਗੀ ਜੰਗ ਵਾਲਾ ਮਾਹੌਲ ਪੈਦਾ ਕਰ ਦਿੱਤਾ ।ਸੁਬਰਾਮਣੀਯਮ ਸਵਾਮੀ ਯੂ ਟਿਯੂਬ ਉੱਤੇ ਪੰਜਾਬ ਵਿਚਲੀਆਂ ਕਾਰਵਾਈਆਂ ਅਤੇ ਸਰਗਰਮੀਆਂ ਵਿੱਚ ਰੂਸ ਦਾ ਹੱਥ ਅਤੇ ਇੰਦਰਾ, ਰਾਜੀਵ ਗਾਂਧੀ, ਸੋਨੀਆਂ ਗਾਂਧੀ, ਹਰਕਿਸ਼ਨ ਸੁਰਜੀਤ ਦੀ ਸ਼ਮੂਲੀਅਤ ਨੂੰ ਦਰਸਾਉਂਦੇ ਹਨ।

ਸੋਵੀਅਤ ਰੂਸ ਲਈ ਪਾਕਿਸਤਾਨ ਨੂੰ ਭੰਗ ਕਰ ਕੇ, ਬਲੋਚਿਸਤਾਨ ਰਾਹੀਂ ਅਰਬ ਸਾਗਰ ਵਿੱਚ ਪਹੁੰਚਣਾ, ਸੋਵੀਅਤ ਰਾਜ ਦੇ ਆਪਣੇ ਬਚਾਉ ਵਾਸਤੇ ਅਤਿ ਜ਼ਰੂਰੀ ਹੋ ਗਿਆ ਸੀ। ਇਹ ਕਰਮ ਇੰਦਰਾ ਦੁਆਰਾ ਪਾਕਿਸਤਾਨ ਨੂੰ ਭੰਗ ਕਰਵਾ ਕੇ ਹੀ ਸੰਭਵ ਸੀ। ਇੰਦਰਾ ਨੂੰ ਆਪਣੀ ਖ਼ਾਨਦਾਨੀ ਪਾਤਸ਼ਾਹੀ ਖਾਤਰ ਇਹੋ ਹੀ ਇੱਕੋ ਇੱਕ ਰਾਹ ਸੀ। ਸੋ ਖਾਲਿਸਤਾਨ ਸਿਰਜਣ ਦਾ ਦੋਸ਼ ਪਾਕਿਸਤਾਨ ਉੱਤੇ ਇੰਡੀਆ ਅਤੇ ਮੀਡੀਆ ਵੱਲੋਂ ਬਾਰੰਬਾਰ ਮੜ੍ਹਿਆ ਗਿਆ।

ਪੰਜਾਬ ਅਤੇ ਬਾਕੀ ਭਾਰਤ ਦੀਆਂ ਸਿੱਖ ਵਿਰਾਸਤੀ ਇਮਾਰਤਾਂ ਦੀ ਕਾਰ ਸੇਵਾ ਪੱਜ ਹੇਠ ਢਾਹ ਢੇਰੀ ਬਰਬਾਦੀ ਅਤੇ ਗੁਰੂ ਗ੍ਰੰਥ ਦੀਆਂ ਪੁਰਾਤਨ ਬੀੜਾਂ ਦਾ ਦਾਹ-ਸੰਸਕਾਰ, ਕਾਮਰੇਡ ਹਰਕਿਸ਼ਨ ਸੁਰਜੀਤ ਦੇ ਪੈਰੋਕਾਰ ਗੁਰਚਰਨ ਸਿੰਘ ਟੋਹੜੇ ਵਰਗੇ ਅਕਾਲੀਆਂ ਦੁਆਰਾ ਕਾਰਅੰਜਾਮ ਹੋਏ ਅਤੇ ਪੰਜਾਬੀ ਕਾਂਗਰਸੀ ਵੀ ਢਾਹ-ਸੇਵਾ ਮਾਰਬਲ ਸੋਨਾ-ਸੇਵਾ ਵਾਲੇ ਠੇਕੇਦਾਰ ਬਾਬਾਸ਼ਾਹੀ ਕਾਰ ਸੇਵਕਾਂ ਦੀ ਪੁਸ਼ਤਪਨਾਹੀ ਕਰਦੇ ਰਹੇ। ਜਿਉਂ ਪਾਲਿਟਿਕਸ ਦੀ ਵੇਦੀ 'ਤੇ ਸਿੱਖਾਂ ਦੀ ਬਲੀ ਦੇਣ ਵਾਲਾ ਯੱਗ ਹੋ ਰਿਹਾ ਸੀ, ਜਿਸ ਵਿੱਚ ਗੁਲਾਮ ਨੌਕਰਸ਼ਾਹੀ ਸਿੱਖ, ਸਿੱਖਾਂ ਨੂੰ ਫੜ ਫੜ ਕੇ ਬਲੀ ਖਾਤਰ ਲਿਆਉਣ ਲੱਗੇ।

ਪੁਰਾਣੇ ਨਕਸਲੀ ਬਣੇ ਨਵ-ਸਿੱਖ, ਮੀਡੀਆ 'ਤੇ ਛਾਏ ਰਹੇ ਹਨ, ਫਲਸਰੂਪ ਉਹਨਾਂ ਦੇ ਰੂਸੀਵਾਦੀ ਤੇ ਮਾਓਵਾਦੀ ਮਿਲਗੋਭੇ ਨਜ਼ਰੀਏ ਵਾਲੇ ਲੇਖਣ ਅਤੇ ਸਰਗਰਮੀਆਂ ਸਵਰਣਾ ਦੇ ਹੱਕ ਵਿੱਚ ਭੁਗਤੇ ਹਨ ।

ਜਿੱਥੇ ਅੱਜ ਚੀਨ ਕਰਾਚੀ ਦੇ ਗਵਾਦਰ ਬੰਦਰਗਾਹ ਅਰਬ ਸਾਗਰ 'ਚ ਪਹੁੰਚ ਗਿਆ ਹੈ, ਫਲਸਰੂਪ ਹਿੰਦ ਮਹਾਂਸਾਗਰ 'ਚ ਚੀਨ ਨੇ ਤਾਕਤ ਦਾ ਤਵਾਜ਼ਨ ਬਦਲ ਦਿੱਤਾ ਹੈ। ਸੋ ਇਸੇ ਜਿਉਂ ਪਾਲਿਟਿਕ ਮਜਬੂਰੀ ਅਧੀਨ ਰੂਸ 1907 ਈਸਵੀ ਤੋਂ ਹੀ ਅਰਬ ਸਾਗਰ 'ਚ ਆਪਣੀ ਸ਼ਕਤੀ-ਹੋਂਦ ਸਥਾਪਤ ਕਰਨ 'ਚ ਸਰਗਰਮ ਰਹਿਆ ਹੈ ।ਜਿਸ ਨੂੰ ਰੋਕਣ ਲਈ ਅੰਗਰੇਜ਼ਾਂ ਨੂੰ ਤਿੰਨ ਐਂਗਲੋ ਅਫ਼ਗਾਨ ਜੰਗਾਂ ਅਤੇ ਅਮਰੀਕਾ ਨੂੰ ਸੋਵੀਅਤ ਰੂਸ ਵਿਰੁੱਧ ਛੱਦਮ ਤਾਲੀਬਾਨਾ ਜੰਗ ਲੜਨੀ ਪਈ ਜਿਸ ਦੇ ਇਸਲਾਮੀ ਸਟੇਟ ਖ਼ਿਲਾਫ਼ਤ ਵਾਲੇ ਅਤੇ ਦਾਰੁਲਇਸਲਾਮ ਵਾਲੇ ਨਤੀਜੇ ਮਨੁੱਖੀ ਨਸਲ ਦੀ ਤਬਾਹੀ ਰੂਪ ਵਿੱਚ ਰੋਜ਼ ਵਰਤ ਰਹੇ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇੰਡੋ - ਰਸ਼ੀਅਨ- ਖਾਲਿਸਤਾਨ ਸਾਜ਼ਿਸ਼ ਨੂੰ ਕਦੇ ਹੁੰਗਾਰਾ ਨਹੀਂ ਸੀ ਦਿੱਤਾ। ਹਕੀਕਤ ਤਾਂ ਇਹ ਹੈ ਕਿ ਜੇ ਹੁੰਗਾਰਾ ਦਿੱਤਾ ਹੁੰਦਾ ਤਾਂ ਕੇਂਦਰੀ ਏਸ਼ੀਆ ਤੋਂ ਲੰਕਾ ਤੀਕਰ ਸਮੇਤ ਕਾਮਨਵੈਲਥ ਯੂਰੇਸ਼ੀਆ ਅਤੇ ਅਮਰੀਕਾ ਦੇ ਤੀਸਰੀ ਸੰਸਾਰ ਜੰਗ ਛਿੜਨੀ ਸੀ। ਸੰਤ ਭਿੰਡਰਾਂਵਾਲੇ ਦਾ ਤਾਂ ਭਾਰਤ ਦੇਣਦਾਰ ਹੈ ।ਇੰਦਰਾ ਤਾਂ ਬਚੇ ਹੋਏ ਪਾਕਿਸਤਾਨ ਨੂੰ ਅਤੇ ਲੰਕਾ ਨੂੰ ਇੱਕ ਭਾਰਤੀ ਪਰਭਾਵੀ ਖੇਤਰ ਬਣਾ ਕੇ ਨਿੱਜੀ ਸ਼ਾਹੀ ਵੰਸ਼ ਦੀ ਸਥਾਪਤੀ ਵੱਲ ਸਰਗਰਮ ਸੀ ਜਿਸ ਵਿੱਚ ਪਾਕਿਸਤਾਨੀ ਤੇ ਕਸ਼ਮੀਰੀ ਲੋਕਾਂ ਦਾ ਤੇ ਭਲਾ ਹੀ ਸੀ ਪਰੰਤੂ ਕਮਿਊਨਿਜਮ ਵਿਰੋਧੀ ਸੰਸਾਰ ਤਾਕਤਾਂ ਤੇ ਫਿਰ ਦੱਖਣ ਪੂਰਬੀ ਏਸ਼ੀਆ ਦਾ ਵੀ ਇਰਾਕ ਵਾਂਗੂ ਸਤਿਆਨਾਸ ਕਰ ਦਿੰਦੀਆਂ ।

ਮੇਰੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਉਪਰੋਕਤ ਇੰਟਰਨੈਸ਼ਨਲ ਸਥਿਤੀ ਬਾਰੇ ਗੱਲ-ਬਾਤ ਹੋਈ ਸੀ ਪਰੰਤੂ ਇਸ ਸਥਿਤੀ ਬਾਰੇ ਸੁੰਨ ਰਹਿਣਾ ਹੀ ਸਟੇਟਲੈੱਸ ਲੋਕਾਂ ਦਾ ਸਿੱਖਾਂ ਸਮੇਤ ਭਲਾ ਹੀ ਸੀ।

ਸੋ ਉੱਜਲ ਦੀਦਾਰ ਨਿਰਮਲ ਬੁੱਧ ਉਦਾਸੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸਚੁ ਸਿਦਕ ਸਿਰੜ ਦੇ ਹੱਕ 'ਚ ਅਤੇ ਸੰਸਾਰੀ ਤਾਨਾਸ਼ਾਹਾਂ ਦੇ ਵਿਰੋਧ ਵਿੱਚ ਸ਼ਹਾਦਤ, ਪਰਾਲਭਧ ਭਾਣਾ ਸੀ ਸੋਇ ਉਸਨੇ ਮਿੱਠਾ ਕਰਕੇ ਮੰਨਿਆਂ ।

ਮੂਰਖ ਮੁੰਧੁ ਹਿੰਦੀਆਂ ਨੇ ਤਾਂ ਮਾਨਸਿਕ ਗੁਲਾਮੀ ਕਾਰਣ ਕਾਤਲਾਂ ਨੂੰ ਹੀ ਰਾਹਬਰ ਮੰਨਿਆ ਹੈ ਅਤੇ ਸਰਬੱਤ ਦਾ ਭਲਾ ਚਾਹੁਣ ਵਾਲੀ ਤਰਜ਼ੇ ਜ਼ਿੰਦਗੀ ਅਤੇ ਮੁਕਤ ਵਿਚਰਨ ਨੂੰ ਦੁਸ਼ਮਣ ਸਮਝਿਆ ਹੈ, ਅਤੇ ਸਵਰਨ ਸਾਜ਼ਿਸ਼ਾਂ ਦੇ ਤਾਂ ਇਹ ਫਿਰ ਸਵੈ ਸ਼ਿਕਾਰ ਹੀ ਹਨ।

## ਲਾਹੌਰ ਵਿਚ ਹੋਇਆ 'ਜੂਨ 84 ਘਲੂਘਾਰੇ ਤੋਂ ਬਾਅਦ ਸਿੱਖ ਸੰਘਰਸ਼' ਵਿਸ਼ੇ 'ਤੇ ਵੈਬੀਨਾਰ

ਅੰਮ੍ਰਿਤਸਰ-ਲਾਹੌਰ ਸਥਿਤ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਵਲੋਂ ਡਾਇਰੈਕਟਰ ਪ੍ਰੋਫੈਸਰ (ਸੇਵਾ-ਮੁਕਤ) ਡਾ: ਅਬਦੂਲ ਰੱਜ਼ਾਕ ਸ਼ਾਹਿਦ ਦੀ ਅਗਵਾਈ ਵਿਚ ਜੂਨ 1984 ਦੇ ਘੱਲੂਘਾਰੇ ਸੰਬੰਧੀ 'ਸਾਕਾ ਨੀਲਾ ਤਾਰਾ ਤੋਂ ਬਾਅਦ ਸਿੱਖ ਸੰਘਰਸ਼' ਵਿਸ਼ੇ 'ਤੇ ਵੈਬੀਨਾਰ ਕਰਵਾਇਆ ਗਿਆ ।ਇਸ ਦੌਰਾਨ ਸੰਬੋਧਨ ਕਰਦਿਆਂ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਨ ਗੋਪਾਲ ਸਿੰਘ ਚਾਵਲਾ ਨੇ ਕਿਹਾ ਕਿ ਸਿੱਖ ਜਗਤ 1984 ਨੂੰ ਕਦੇ ਨਹੀਂ ਭੁੱਲ ਸਕਦਾ। ਉਨ੍ਹਾਂ ਕਿਹਾ ਕਿ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਜੋ ਜ਼ੁਲਮ ਕੀਤਾ ਗਿਆ, ਉਹ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਹੋਈ ਸਿੱਖ ਨਸਲਕੁਸ਼ੀ ਨੂੰ ਵੀ ਕਦੇ ਭੁਲਾਇਆ ਨਹੀਂ ਜਾ ਸਕਦਾ।

ਇਸ ਮੌਕੇ ਡਾ: ਗੁਰਵਿੰਦਰ ਸਿੰਘ ਕੈਨੇਡਾ ਨੇ ਅੰਮ੍ਰਿਤਾ ਪ੍ਰੀਤਮ ਦੀਆਂ ਗ਼ਜ਼ਲਾਂ ਦਾ ਗਾਇਨ ਕੀਤਾ । ਉਹਨਾਂ ਕਿਹਾ ਕਿ ਅਫ਼ਜ਼ਲ ਅਹਿਸਾਨ ਰੰਧਾਵਾ 1984 ਦਾ ਹੀਰੋ ਸੀ, ਜਿਸ ਨੇ ਸਿੱਖਾਂ ਲਈ ਆਵਾਜ਼ ਬੁਲੰਦ ਕੀਤੀ। ਉਹਨਾਂ ਕਿਹਾ ਕਿ ਸਾਕਾ ਦਰਬਾਰ ਸਾਹਿਬ ਨੂੰ ਬੀਤੇ 39 ਸਾਲ ਹੋ ਚੁੱਕੇ ਹਨ ਪਰ ਸਿੱਖਾਂ ਦੇ ਜ਼ਖ਼ਮ ਅਜੇ ਵੀ ਤਾਜ਼ਾ ਹਨ। ਇੰਦਰਪ੍ਰੀਤ ਸਿੰਘ ਨੇ ਕਿਹਾ ਕਿ 1984 ਦੇ ਪੀੜਤਾਂ ਨੂੰ 39 ਸਾਲ ਬੀਤ ਜਾਣ ਦੇ ਬਾਅਦ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਉਹਨਾਂ ਨੂੰ ਅਜੇ ਤਕ ਇਨਸਾਫ਼ ਨਹੀਂ ਮਿਲਿਆ ।ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਦੇ ਸਹਾਇਕ ਪ੍ਰੋਫੈਸਰ ਡਾ. ਕਲਿਆਣ ਸਿੰਘ ਕਲਿਆਣ ਨੇ ਕਿਹਾ ਕਿ 'ਸਿੱਖ ਨਸਲਕੁਸ਼ੀ 1984' ਸਿੱਖ ਕੌਮ ਦੇ ਇਤਿਹਾਸ ਦੀ ਸਭ ਤੋਂ ਵੱਡੀ ਅਤੇ ਬੇਰਹਿਮ ਘਟਨਾ ਸੀ । ਭੁਪਿੰਦਰ ਸਿੰਘ 'ਸਾਧੂ ਜੀ' ਨੇ ਵੈਬੀਨਾਰ ਦੌਰਾਨ ਘੱਲੂਘਾਰੇ 'ਚ ਸ਼ਹੀਦ ਹੋਣ ਵਾਲੇ ਸਿੱਖਾਂ ਲਈ ਅਰਦਾਸ ਕੀਤੀ ਅਤੇ ਆਸ ਕੀਤੀ ਕਿ 1984 ਦੇ ਪੀੜਤਾਂ ਨੂੰ ਛੇਤੀ ਤੋਂ ਛੇਤੀ ਇਨਸਾਫ਼ ਮਿਲੇਗਾ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਮਹਿਲਾਵਾਂ ਨੇ ਰੱਖੀ ਸੀ ਪਹਿਲੀ ਸਭਿਅਤਾ ਦੀ ਨੀਂਹ





ਦੁਨੀਆਂ ਦੀ ਪਹਿਲੀ ਸਭਿਅਤਾ ਦੀ ਨੀਂਹ ਮਹਿਲਾਵਾਂ ਨੇ ਹੀ ਰੱਖੀ ਸੀਅਤੇ ਜੰਗਲਾਂ ਵਿੱਚ ਭਟਕ ਰਹੇ ਮਰਦਾਂ ਦਾ ਹੱਥ ਫੜ ਕੇ ਉਨ੍ਹਾਂ ਦਾ ਜੀਵਨ ਪੱਧਰ ਮੁਹੱਈਆ ਕਰਵਾਇਆ ਅਤੇ ਉਨ੍ਹਾਂ ਨੂੰ ਘਰ ਵਸਾਇਆ। ਭਾਰਤ ਵਿੱਚ ਔਰਤਾਂ ਦੀ ਸਥਿਤੀ ਪੁਰਾਣੇ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਬਦਲਦੀ ਰਹੀ ਹੈ। ਸਾਡਾ ਸਮਾਜ ਪੁਰਾਣੇ ਸਮੇਂ ਤੋਂ ਹੀ ਮਰਦ ਪ੍ਰਧਾਨ ਰਿਹਾ ਹੈ। ਅਜਿਹਾ ਨਹੀਂ ਹੈ ਕਿ ਔਰਤਾਂ ਦਾ ਸ਼ੋਸ਼ਣ ਸਿਰਫ਼ ਮਰਦ ਵਰਗ ਹੀ ਕਰਦਾ ਸੀ, ਔਰਤਾਂ ਵੀ ਔਰਤਾਂ 'ਤੇ ਤਸ਼ੱਦਦ ਕਰਦੀਆਂ ਸਨ। ਅਨਪੜ੍ਹਤਾ, ਸੌਖੀ ਉਦਾਰਤਾ ਕਾਰਨ ਔਰਤਾਂ ਨੂੰ ਤੰਗ, ਅਪਮਾਨ ਅਤੇ ਅਣਗਹਿਲੀ ਦਾ ਸ਼ਿਕਾਰ ਹੋਣਾ ਪੈਂਦਾ ਸੀ।

ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦਾ ਤਾਲਮੇਲ ਹੋਵੇ ਤਾਂ ਔਰਤਾਂ ਦਾ ਸਨਮਾਨ ਆਪਣੇ ਆਪ ਹੀ ਹੋਵੇਗਾ। ਔਰਤਾਂ ਨੂੰ ਜਾਗਰੂਕਤਾ ਦੇ ਨਾਲ-ਨਾਲ ਆਪਣੇ ਅਧਿਕਾਰਾਂ ਪ੍ਰਤੀ ਵੀ ਜਾਗਰੂਕ ਹੋਣਾ ਪਵੇਗਾ।

ਮਹਿਲਾਵਾਂ ਨੂੰ ਅਧਿਕਾਰ ਮਿਲੇ ਹਨ, ਪਰ ਮਰਦਾਂ ਨੇ ਉਨ੍ਹਾਂ ਦੀ ਪੂਰੀ ਵਰਤੋਂ ਨਹੀਂ ਕਰਨ ਦਿੱਤੀ। ਉਸਦੀ ਆਜ਼ਾਦੀ ਨੂੰ ਅਖੌਤੀ ਗਿਆਨਵਾਨਾਂ ਦੁਆਰਾ ਉਸਦੀ ਸ਼ਕਤੀ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਬਾਲ ਵਿਆਹ ਅਤੇ ਵਿੱਦਿਆ ਤੋਂ ਵਾਂਝਾ ਰੱਖਣਾ ਉਨ੍ਹਾਂ ਦੀ ਦਾਤ ਸੀ।

ਪ੍ਰਾਚੀਨ ਭਾਰਤ ਵਿੱਚ, ਇੱਕ ਆਦਮੀ ਨੂੰ ਉਦੋਂ ਤੱਕ ਅਧੂਰਾ ਮੰਨਿਆ ਜਾਂਦਾ ਸੀ ਜਦੋਂ ਤੱਕ ਉਸਨੂੰ ਆਪਣਾ ਅੱਧਾ ਹਿੱਸਾ ਨਹੀਂ ਮਿਲਦਾ। ਮਹਿਲਾਵਾਂ ਨੂੰ ਹਮੇਸ਼ਾ ਸੰਪੂਰਨ ਮੰਨਿਆ ਗਿਆ ਹੈ।

ਮਹਿਲਾਵਾਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਅਤੇ ਪ੍ਰਚਲਿਤ ਮਾੜੀਆਂ ਪ੍ਰਥਾਵਾਂ ਨੂੰ ਦੂਰ ਕਰਨ ਲਈ ਸਤੀ ਪ੍ਰਥਾ ਰੋਕੂ ਕਾਨੂੰਨ ਵਰਗੇ ਕਈ ਕਾਨੂੰਨ ਬਣਾਏ ਗਏ। ਮਹਿਲਾਵਾਂ ਪ੍ਰਤੀ ਉਸਾਰੂ ਸਮਾਜਿਕ ਮਾਹੌਲ ਦੀ ਲੋੜ ਹੈ।

ਇੱਕ ਮਰਦ ਇੱਟਾਂ ਸੀਮਿੰਟ ਦਾ ਮਕਾਨ ਬਣਾਉਂਦਾ/ਬਣਵਾਉਂਦਾ ਹੈ ਪਰ ਔਰਤ ਉਸ ਮਕਾਨ ਨੂੰ ਘਰ ਬਣਾਉਂਦੀ ਹੈ। ਘਰ ਦਾ ਵਜੂਦ ਸਿਰਫ਼ ਮਹਿਲਾਵਾਂ ਕਰਕੇ ਹੀ ਸੰਭਵ ਹੈ। ਘਰ ਪਰਿਵਾਰ ਨੂੰ ਮਹਿਲਾਵਾਂ ਹੀ ਸੰਭਾਲ ਕੇ ਰਖਦੀਆਂ ਹਨ। ਹਰ ਰਿਸ਼ਤੇ ਨੂੰ ਢੁੱਕਵਾਂ ਨਾਂਅ ਅਤੇ ਸਤਿਕਾਰ ਵੀ ਮਹਿਲਾਵਾਂ ਵੱਲੋਂ ਦਿਤਾ ਜਾਂਦਾ ਹੈ। ਜਿਸ ਘਰ ਵਿੱਚ ਮਹਿਲਾ ਨਾ ਹੋਵੇ ਤਾਂ ਉਥੇ ਹਰ ਵੇਲੇ ਘੜਮੱਸ ਪਿਆ ਰਹਿੰਦਾ ਹੈ। ਔਰਤ ਹੀ ਜਗਜਣਨੀ ਹੈ, ਔਰਤ ਬਿਨਾਂ ਜੱਗ ਸੁੰਨਾ ਹੈ ਅਤੇ ਔਰਤ ਕਾਰਨ ਹੀ ਪਰਿਵਾਰ 'ਚ ਵਾਧਾ ਹੁੰਦਾ ਹੈ। ਕੁਦਰਤ ਨੇ ਸਿਰਫ਼ ਔਰਤ ਨੂੰ ਇਹ ਸ਼ਕਤੀ ਦਿਤੀ ਹੈ ਕਿ ਉਹ ਬੱਚੇ ਨੂੰ ਜਨਮ ਦੇ ਸਕਦੀ ਹੈ। ਇਸ ਤਰਾਂ ਹਰ ਮਰਦ ਆਪਣੇ ਪਰਿਵਾਰ 'ਚ ਵਾਧੇ ਲਈ ਔਰਤ 'ਤੇ ਨਿਰਭਰ ਹੈ। ਅੱਜ ਦੇ ਸਮੇਂ 'ਚ ਮਹਿਲਾਵਾਂ ਨੇ ਬਹੁਤ ਤਰੱਕੀ ਕੀਤੀ ਹੈ। ਅੱਜ ਅਨੇਕਾਂ ਦੇਸ਼ਾਂ ਦੀਆਂ ਮੁਖੀ ਮਹਿਲਾਵਾਂ ਹਨ ਅਤੇ ਵੱਖ ਵੱਖ ਦੇਸ਼ਾਂ 'ਚ ਅੰਤਰਰਾਸ਼ਟਰੀ ਕੰਪਨੀਆਂ ਦੀਆਂ ਮੁਖੀ ਮਹਿਲਾਵਾਂ ਹਨ। ਔਰਤਾਂ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ, ਪਰ ਅਕਸਰ ਕਿਹਾ ਜਾਂਦਾ ਹੈ ਕਿ ਮਰਦ ਪ੍ਰਧਾਨ ਸਮਾਜ ਨੂੰ ਔਰਤ ਦੀ ਤਰੱਕੀ ਪਸੰਦ ਨਹੀਂ ਆਉਂਦੀ, ਇਸੇ ਕਾਰਨ ਅਕਸਰ ਔਰਤ ਦੀ ਤਰੱਕੀ ਵਿੱਚ ਮਰਦਾਂ ਵਲੋਂ ਰੁਕਾਵਟਾਂ ਖੜੀਆਂ ਕੀਤੀਆਂ ਜਾਂਦੀਆਂ ਹਨ। ਦੂਜੇ ਪਾਸੇ ਕਈ ਵਾਰ ਔਰਤ ਵੀ ਔਰਤ ਦੀ ਦੁਸ਼ਮਣ ਬਣ ਜਾਂਦੀ ਹੈ।

ਭਾਰਤ 'ਚ ਔਰਤ ਨੂੰ ਦੇਵੀ ਕਿਹਾ ਜਾਂਦਾ ਹੈ ਅਤੇ ਉਸਦਾ ਮਾਣ ਸਤਿਕਾਰ ਵੀ ਕੀਤਾ ਜਾਂਦਾ ਹੈ ਪਰ ਇਸੇ ਭਾਰਤ ਵਿੱਚ ਕਈ ਕੁੜੀਆਂ/ਔਰਤਾਂ ਨਾਲ ਹੋਏ ਬਲਾਤਕਾਰ ਵੀ ਕਈ ਤਰਾਂ ਦੇ ਸਵਾਲ ਖੜੇ ਕਰਦੇ ਹਨ। ਦੂਜੇ ਪਾਸੇ ਕੁਝ ਗਲਤ ਕਿਸਮ ਦੀਆਂ ਔਰਤਾਂ ਵੀ ਮਰਦਾਂ ਨੂੰ ਝੂਠੇ ਕੇਸਾਂ 'ਚ ਫਸਾਉਣ ਦਾ ਯਤਨ ਕਰਦੀਆਂ ਹਨ ਜਿਸ ਕਰਕੇ ਮਰਦ ਸਾਰੀਆਂ ਔਰਤਾਂ ਨੂੰ ਨਫਰਤ ਕਰਨ ਲੱਗ ਜਾਂਦੇ ਹਨ। ਕੁਝ ਗਲਤ ਕਿਸਮ ਦੀਆਂ ਔਰਤਾਂ ਦੀਆਂ ਗਲਤ ਹਰਕਤਾਂ ਕਾਰਨ ਬਦਨਾਮੀ ਪੂਰੇ ਨਾਰੀ ਜਗਤ ਦੀ ਹੋ ਜਾਂਦੀ ਹੈ। ਇਸ ਲਈ ਗਲਤ ਕਿਸਮ ਦੀਆਂ ਔਰਤਾਂ ਨੂੰ ਸਬਕ ਸਿਖਾਉਣ ਲਈ ਖੁਦ ਔਰਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਨਾਰੀ ਜਾਤੀ ਦਾ ਮਾਣ ਸਤਿਕਾਰ ਕਾਇਮ ਰਹੇ।

ਅਸਲ ਵਿੱਚ ਔਰਤ ਹਮੇਸ਼ਾ ਹੀ ਮਾਣ ਅਤੇ ਸਤਿਕਾਰ ਦੀ ਪਾਤਰ ਰਹੀ ਹੈ। ਵਿਕਸਤ ਦੇਸ਼ਾਂ 'ਚ ਔਰਤਾਂ ਬਹੁਤ ਤਰੱਕੀ ਕਰ ਚੁਕੀਆਂ ਹਨ ਪਰ ਕਈ ਪਿਛੜੇ ਦੇਸ਼ਾਂ 'ਚ ਅੱਜ ਵੀ ਔਰਤਾਂ ਦੀ ਸਥਿਤੀ ਤਰਸਯੋਗ ਹੈ। ਔਰਤਾਂ ਨੇ ਹੀ ਜਿਥੇ ਪਹਿਲੀ ਸਭਿਅਤਾ ਦੀ ਨੀਂਹ ਰਖੀ ਸੀ, ਉਥੇ ਮੌਜੂਦਾ ਦੁਨੀਆਂ ਦਾ ਵਜੂਦ ਵੀ ਔਰਤਾਂ ਕਾਰਨ ਸੰਭਵ ਹੈ।

# ਸ਼ੱਕ ਦੇ ਜਵਾਰਭਾਟੇ ਵਿੱਚ ਝੁਲਸਦੇ ਰਿਸ਼ਤੇ



ਹਰਕੀਰਤ ਕੌਰ

ਮਨੁੱਖੀ ਰਿਸ਼ਤਿਆਂ ਦੀ ਹੋਂਦ ਦੀ ਬੁਣਤੀ ਸੂਖਮ ਬੰਧਨਾਂ ਅਤੇ ਅਹਿਸਾਸਾਂ ਦੇ ਦੁਆਲੇ ਬੁਣੀ ਹੁੰਦੀ ਹੈ। ਰਿਸ਼ਤਿਆਂ ਦੀ ਨੇੜਤਾ, ਆਪਸੀ ਪਿਆਰ, ਸਾਂਝਾ ਮਨੁੱਖੀ ਜ਼ਿੰਦਗੀ ਨੂੰ ਖੁਸ਼ਮਈ, ਆਨੰਦਮਈ ਅਤੇ ਹਸੀਨ ਬਣਾਉਣ ਲਈ ਬਹੁਤ ਜਰੂਰੀ ਹਨ। ਇਹੀ ਆਪਸੀ ਸਾਂਝਾ, ਮਿਲਵਰਤਨ ਇੱਕ ਸੱਭਿਅਕ ਸਮਾਜ ਦੀ ਸਿਰਜਣਾ ਕਰਦੀਆਂ ਹਨ। ਹਰੇਕ ਰਿਸ਼ਤੇ ਦੀ ਮਨੁੱਖੀ ਜੀਵਨ ਵਿੱਚ ਆਪਣੀ ਖਾਸ ਜਗ੍ਹਾ ਹੈ, ਭੂਮਿਕਾ ਹੈ, ਜਿੰਮੇਵਾਰੀ ਹੈ। ਕੁਝ ਰਿਸ਼ਤੇ ਸਾਡੇ ਜਨਮ ਤੋਂ ਸਾਡੇ ਨਾਲ ਜੁੜ ਜਾਂਦੇ ਹਨ, ਜਿੰਨਾਂ ਨੂੰ ਅਸੀਂ ਖੂਨ ਦੇ ਰਿਸ਼ਤੇ ਕਹਿੰਦੇ ਹਾਂ, ਕੁਝ ਨਾਲ ਸਾਡੇ ਮਾਪਿਆਂ ਕਰਕੇ ਸਾਡੇ ਰਿਸ਼ਤੇ ਜੁੜਦੇ ਹਨ, ਜਿਵੇ ਕਿ ਸਾਕ ਸੰਬੰਧੀ ਚਾਚੇ- ਤਾਏ, ਮਾਮੇ- ਮਾਸੀਆਂ ਆਦਿ, ਕੁਝ ਨਾਤਿਆਂ ਨੂੰ ਅਸੀ ਸੰਜੋਗਾਂ ਨਾਲ ਜੋੜਦੇ ਹਾਂ ਜਿੰਨਾਂ ਵਿੱਚ ਵਿਆਹ ਨਾਲ ਸੰਬੰਧਿਤ ਸਾਰੇ ਰਿਸ਼ਤੇ ਆਉਂਦੇਹਨ, ਅਤੇ ਕੁਝ ਰਿਸ਼ਤੇ ਸਾਡੇ ਸਮਾਜ ਵਿੱਚ ਵਿਚਰਦਿਆਂ ਇੱਕ ਦੂਸਰੇ ਦੇ ਸੰਪਰਕ ਵਿੱਚ ਆਉਣ ਨਾਲ ਜੁੜਦੇ ਹਨ ਜਿਵੇਂ ਕਿ ਸਾਡੇ ਦੋਸਤ, ਮਿੱਤਰ ਆਦਿ। ਇਹ ਸਾਰੇ ਰਿਸ਼ਤੇ ਮੱਹਤਵਪੂਰਨ ਹਨ। ਕਿਸੇ ਇੱਕ ਦੀ ਕਮੀ ਦੂਸਰਾ ਪੂਰੀ ਨਹੀਂ ਕਰ ਸਕਦਾ ਹੈ।

ਰਿਸ਼ਤਿਆਂ ਨੂੰ ਬਾਖੂਬੀ ਨਿਭਾਉਣਾ ਵੀ ਇੱਕ ਕਲਾ ਹੈ। ਰਿਸ਼ਤੇ ਮੋਹ ਦੀਆਂ ਬਹੁਤ ਹੀ ਨਾਜ਼ੁਕ ਤੰਦਾਂ ਦੇ ਬੰਧਨਾਂ ਵਿੱਚ ਬੰਧੇ ਹੁੰਦੇ ਹਨ। ਇਹ ਮੋਹ ਦੀਆਂ ਤੰਦਾਂ ਮਨੁੱਖੀ ਜੀਵਨ ਵਿੱਚ ਪਿਆਰ, ਵਿਸ਼ਵਾਸ, ਵਫ਼ਾਦਾਰੀ, ਆਪਸੀ ਸਮਝ, ਸਬਰ, ਭਰੋਸੇ ਵਰਗੇ ਬਹੁਤ ਹੀ ਅਹਿਮ ਅਹਿਸਾਸਾਂ ਨਾਲ ਪਰੋਈਆਂ ਗਈਆਂ ਹੁੰਦੀਆਂ ਹਨ। ਜੇਕਰ ਕਿਸੇ ਰਿਸ਼ਤੇ ਵਿੱਚ ਇੱਕ ਪਾਸੇ ਤੋਂ ਧੋਖਾ ਜਾਂ ਵਿਸ਼ਵਾਸਘਾਤ ਹੁੰਦਾ ਹੈ ਤਾਂ ਕਈ ਵਾਰ ਇਹਨਾਂ ਮੋਹ ਦੀਆਂ ਤੰਦਾਂ ਨੂੰ ਅਜਿਹੀ ਖਿੱਚ ਪੈਂਦੀ ਹੈ ਕਿ ਇਹ ਤੰਦਾਂ ਟੁੱਟ ਵੀ ਜਾਂਦੀਆਂ ਹਨ। ਮਨਾਂ ਵਿੱਚ ਫਿੱਕ ਪੈ ਜਾਂਦੀ ਹੈ ਅਤੇ ਆਪਸੀ ਬੋਲਚਾਲ ਬੰਦ ਹੋ ਜਾਂਦਾ ਹੈ। ਕੋਈ ਵੀ ਰਿਸ਼ਤਾ ਹੋਵੇ ਜਿਵੇਂ ਕਿ ਮਾਪਿਆਂ ਦਾ ਬੱਚਿਆਂ ਨਾਲ, ਪਤੀ - ਪਤਨੀ ਦਾ ਰਿਸ਼ਤਾ, ਭੈਣ - ਭਰਾਵਾਂ ਦਾ ਰਿਸ਼ਤਾ, ਚਾਚੇ - ਤਾਏ, ਮਾਮੇ - ਮਾਸੜ, ਜਾਂ ਸਾਡੇ ਦੋਸਤਾਂ ਦੇ ਰਿਸ਼ਤੇ ਇਹਨਾਂ ਵਿੱਚ ਹਮੇਸ਼ਾ ਓਹੀ ਰਿਸ਼ਤੇ ਪੂਰ ਚੜਦੇ ਹਨ, ਜਿੰਨਾਂ ਵਿੱਚ ਆਪਸੀ ਵਿਸ਼ਵਾਸ, ਵਫ਼ਾਦਾਰੀ ਦੀ ਨੀਂਹ ਬਹੁਤ ਮਜ਼ਬੂਤ ਹੁੰਦੀ ਹੈ।

ਪਰ ਜਿਸ ਸਮਾਜ ਵਿੱਚ ਅੱਜ ਅਸੀਂ ਜੀਅ ਰਹੇ ਹਾਂ ਇਸ ਵਿੱਚ ਭੌਤਿਕ ਚੀਜ਼ਾਂ ਦੀ ਭੱਜ ਦੌੜ ਏਨੀ ਵੱਧ ਗਈ ਹੈ, ਮਨੁੱਖੀ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਪਿਓ ਨੂੰ ਪੁੱਤ ਤੇ ਵਿਸ਼ਵਾਸ ਨਹੀਂ, ਭਰਾ ਨੂੰ ਭਰਾ ਤੇ ਭਰੋਸਾ ਨਹੀਂ, ਨੂੰਹਾਂ ਸੱਸ ਸਹੁਰਿਆਂ ਨੂੰ ਮਾਪੇ ਨਾ ਸਮਝ ਰਿਸ਼ਤਿਆਂ ਦੀ ਮਾਣ ਮਰਿਯਾਦਾ ਭੁੱਲ ਰਹੀਆਂਆਂ ਹਨ, ਮੋਬਾਇਲ ਅਤੇ ਸ਼ੋਸ਼ਲ ਮੀਡੀਆ ਦੀ ਵੱਧ ਵਰਤੋਂ ਕਾਰਣ ਪਤੀ ਪਤਨੀ ਦਾ ਰਿਸ਼ਤਾ ਸ਼ੱਕ ਦੇ ਜਵਾਰਭਾਟੇ ਵਿੱਚ ਝੁਲਸਦਾ ਰਹਿੰਦਾ ਹੈ। ਵੱਧ ਰਹੀ ਟੈਕਨਾਲੋਜੀ ਕਾਰਣ ਰਿਸ਼ਤਿਆਂ ਨੂੰ ਧੋਖਾ ਦੇਣਾ ਆਸਾਨ ਹੋ ਗਿਆ ਹੈ, ਆਪਸੀ ਬੋਲਚਾਲ ਘੱਟ ਹੋ ਰਿਹਾ ਹੈ ਅਤੇ ਲੋਕ ਇਕੱਲਤਾ ਦੇ ਸ਼ਿਕਾਰ ਹੋ ਰਹੇ ਹਨ। ਜਿਸ ਕਾਰਣ ਪਿਆਰ ਦੀ ਜਗ੍ਹਾ, ਰਿਸ਼ਤਿਆਂ ਵਿੱਚ ਤਣਾਅ, ਸ਼ੱਕ, ਬੇਭਰੋਸਗੀ ਜਿਆਦਾ ਵੱਧ ਗਈ ਹੈ। ਇਹੀ ਕਾਰਣ ਹੈ ਕਿ ਅੱਜ ਬਹੁਤ ਸਾਰੇ ਲੋਕ ਚਿੰਤਾਂ, ਇਕੱਲਤਾ, ਮਾਨਸਿਕ ਪੀੜਾ ਦੇ ਸ਼ਿਕਾਰ ਹਨ।

ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਆਪਣਿਆਂ ਪ੍ਰਤੀ ਬਣਦੀ ਜਿੰਮੇਵਾਰੀ ਨੂੰ ਸਮਝੇ, ਕਿਸੇ ਵੀ ਪਰਿਵਾਰਿਕ ਮਸਲੇ ਨੂੰ ਏਨਾਂ ਨਾ ਵੱਧਣ ਦੇਵੇ ਕਿ ਉਸ ਰਿਸ਼ਤੇ ਦੀਆਂ ਨੀਹਾਂ ਹਿਲ ਜਾਣ। ਬਹੁਤ ਵਾਰ ਹੁੰਦਾ ਹੈ ਕਿ ਮਨੁੱਖ ਆਪਸੀ ਰਿਸ਼ਤਿਆ ਨੂੰ ਧੋਖਾ ਵੀ ਦਿੰਦਾ ਰਹਿੰਦਾ ਹੈ ਅਤੇ ਉਹਨਾਂ ਨੂੰ ਗਵਾਉਣਾ ਵੀ ਨਹੀ ਚਾਹੁੰਦਾ, ਕੁਝ ਮਾਮਲਿਆਂ ਵਿੱਚ ਮਨੁੱਖ ਜਾਣੇ ਅਣਜਾਣੇ ਗਲਤੀਆਂ ਕਰ ਲੈਂਦਾ ਹੈ,ਫਿਰ ਆਪਣਿਆਂ ਤੋਂ ਦੂਰ ਹੋਣ ਦੇ ਡਰ ਕਾਰਣ ਹੀ ਉਹ ਆਪਣੀ ਗਲਤੀ ਤੇ ਪਰਦੇ ਪਾਉਂਦਾਰਹਿੰਦਾ ਹੈ ਅਤੇ ਗਲਤੀ ਨੂੰ ਦੁਹਰਾਉਂਦਾ ਰਹਿੰਦਾ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਚਾਹੀਦਾ ਹੈ ਕਿ ਜਦੋਂ ਉਸਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਆਪਣਿਆਂ ਨਾਲ ਧੋਖਾ ਕਰ ਰਿਹਾ ਹੈ ਜਾਂ ਕਿਸੇ ਵੀ ਤਰ੍ਹਾਂ ਦੀ ਗਲਤੀ ਕਰ ਰਿਹਾ ਹੈ ਤਾਂ ਤਰੁੰਤ ਬਿਨਾਂ ਕਿਸੇ ਡਰ ਤੋਂ ਆਪਣੇ ਪਰਿਵਾਰ ਨਾਲ ਉਸਨੂੰ ਸਾਂਝਾ ਕਰੇ, ਆਪਣਾ ਪੱਖ ਰੱਖੇ,ਆਪਣੀ ਗਲਤੀ ਦਾ ਅਹਿਸਾਸ ਕਰੇ ਅਤੇ ਅੱਗੇ ਤੋਂ ਗਲਤੀ ਨੂੰ ਦੁਹਰਾਉਣ ਤੋਂ ਤੌਬਾ ਕਰੇ ਇਸ ਤਰ੍ਹਾਂ ਕਰਨ ਨਾਲ ਭਾਵੇਂ ਕੁਝ ਸਮੇਂ ਲਈ ਰਿਸ਼ਤਿਆ ਵਿੱਚ ਤਣਾਅ ਜਾਂ ਪਰੇਸ਼ਾਨੀ ਤਾਂ ਆਵੇਗੀ,ਪਰ ਦੂਸਰੇ ਪਾਸੇ ਤੁਹਾਡੀ ਵਫ਼ਾਦਾਰੀ ਦੀ ਨੀਂਹ ਅਤੇ ਵਿਸ਼ਵਾਸ ਟੁੱਟਣ ਤੋਂ ਬਚ ਜਾਵੇਗਾ। ਅਜਿਹੇ ਮਾਮਲਿਆਂ ਵਿੱਚ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਦੋਸ਼ੀ ਨੂੰ ਇੱਕ ਮੌਕਾ ਦੇਣ,ਅਤੇ ਉਸ ਵੱਲੋਂ ਗਲਤੀ ਮੰਨਣ ਦੀ ਕੀਤੀ ਗਈ ਜੁਅਰਤ ਦੀ ਤਾਰੀਫ਼ ਕੀਤੀ ਜਾਵੇ। ਅਜਿਹਾ ਕਰਨ

(ਬਾਕੀ ਸਫ਼ਾ 31 'ਤੇ)

# ਨਿੱਕੀ ਬੂਟੀ ਦਾ ਸੂਟ

ਕਹਾਣੀ

ਗੁਰਬਚਨ ਸਿੰਘ ਭੁੱਲਰ



ਭੂਆ ਨੇ ਸੁਨੇਹਾ ਭੇਜਿਆ ਹੀ ਅਜਿਹਾ ਸੀ ਕਿ ਦਿਲ ਦੀਆਂ ਸੱਭੇ ਤਾਰਾਂ ਹਿਲਾ ਗਿਆ। ਮੋਹ ਵਿੱਚ ਭਿੱਜਿਆ ਹੋਇਆ, ਕੁਝ-ਕੁਝ ਗਿਲੇ ਜਿਹੇ ਨਾਲ ਭੇਜਿਆ ਗਿਆ ਸੁਨੇਹਾ। ਉਹ ਦੀਆਂ ਅੱਖਾਂ ਪਿਆਰ ਦੀ ਛੱਲ ਨਾਲ ਸਿੱਲ੍ਹੀਆਂ ਹੋ ਗਈਆਂ। ਉਹਨੇ ਸੋਚਿਆ, ਸੱਚ-ਮੁੱਚ ਹੀ ਹੁਣ ਤਾਂ ਭੂਆ ਨਦੀ-ਕਿਨਾਰੇ ਰੁੱਖੜਾ ਹੋਵੇਗੀ। ਪਤਾ ਨਹੀਂ ਕਿਸ ਦਿਨ ਉੱਖੜ ਕੇ ਸਮੇਂ ਦੇ ਅਨੰਤ ਅਤੇ ਅਰੁਕ ਵਗਦੇ ਪਾਣੀਆਂ ਵਿੱਚ ਸਹਿਜੇ ਜਿਹੇ ਡਿੱਗ ਪਵੇ। ਕਈ ਸਾਲ ਪਹਿਲਾਂ ਹੀ, ਜਦੋਂ ਉਹ ਅਜੇ ਆਪਣੇ ਪਿੰਡਾਂ ਤੋਂ ਇੰਨਾ ਦੂਰ ਨਹੀਂ ਸੀ ਆਇਆ, ਭੂਆ ਬਿਰਧ ਹੁੰਦੀ ਜਾਂਦੀ ਲੱਗਦੀ ਸੀ। ਹੁਣ ਤਾਂ ਉਹ ਦੇ ਬੁੱਕ ਵਿਚੋਂ ਸਾਹਾਂ ਦੇ ਕਿੰਨੇ ਹੀ ਹੋਰ ਦਾਣੇ ਕਿਰ ਚੁੱਕੇ ਹੋਣਗੇ। ਉਹਨੇ ਸੁਨੇਹਾ ਦੇਣ ਵਾਲੇ ਹੱਥ ਕਿਹਾ ਸੀ, ਮੇਰੇ ਬਚੜੇ ਨੂੰ ਕਹੀਂ, ਇਕ ਵਾਰ ਮੇਲਾ-ਗੇਲਾ ਕਰ ਜਾਵੇ। ਹੁਣ ਤਾਂ ਬਸ ਚਲੋਚਲੀ ਹੀ ਐ। ਨਦੀ ਕਿਨਾਰੇ ਰੁੱਖੜਾ! ਨਾਲ ਵਹੁਟੀ ਨੂੰ ਤੇ ਨਿਆਣਿਆਂ ਨੂੰ ਜ਼ਰੂਰ ਲਿਆਵੇ। ਮੂਲ ਨਾਲੋਂ ਸੂਦ ਬਹੁਤਾ ਪਿਆਰਾ ਹੁੰਦਾ ਐ।

ਜਦੋਂ ਕਦੇ ਚੇਤਾ ਬੀਤੇ ਦਿਨਾਂ ਵੱਲ ਜਾਂਦਾ, ਭੂਆ ਉਹਦੇ ਕਈ ਵਾਰ ਯਾਦ ਆਉਂਦੀ,ਪਰ ਉਹਦੇ ਇਸ ਸੁਨੇਹੇ ਮਗਰੋਂ ਤਾਂ ਉਹਨੂੰ ਅਜਿਹਾ ਜਾਪਿਆ ਜਿਵੇਂ ਉਹ ਜਾ ਰਹੀ ਹੋਵੇ ਅਤੇ ਉਹਨੂੰ ਮੂੰਹ ਦੇਖਣ ਲਈ ਆਵਾਜ਼ਾਂ ਮਾਰ ਰਹੀ ਹੋਵੇ। ਉਹਨੇ ਦੋ-ਚਾਰ ਛੁੱਟੀਆਂ ਲੈ ਕੇ ਜਾਣ ਦੀ ਸਲਾਹ ਬਣਾ ਲਈ।

ਕਿੰਨੇ ਚਿਰ ਮਗਰੋਂ ਉਸ ਨੇ ਭੂਆ ਨੂੰ ਮਿਲਣਾ ਸੀ ਅਤੇ ਕਿੰਨੇ ਪਿਆਰ ਨਾਲ ਉਹਨੇ ਬੁਲਾਇਆ ਸੀ। ਉਹਦਾ ਦਿਲ ਕੀਤਾ, ਭੂਆ ਲਈ ਕੁਝ ਲੈ ਕੇ ਜਾਵੇ। ਉਹਦੇ ਨਿਰਛਲ ਮੋਹ ਦਾ ਕੋਈ ਨਿਮਾਣਾ ਜਿਹਾ ਹੁੰਗਾਰਾ। ਉਹਦੇ ਲਈ ਆਪਣੇ ਆਦਰ ਦੀ ਕੋਈ ਤੁੱਛ ਜਿਹੀ ਨਿਸ਼ਾਨੀ। ਉਹ ਕਈ ਦਿਨ ਸੋਚਦਾ ਰਿਹਾ। ਆਖ਼ਰ ਉਹਨੇ ਪਿੰਡਾਂ ਦੇ ਪੁਰਾਣੇ ਰਿਵਾਜ਼ ਅਨੁਸਾਰ ਕਈ ਦੁਕਾਨਾਂ ਫਿਰ ਕੇ ਮਿੱਠੇ-ਮਿੱਠੇ ਰੰਗਾਂ ਦੀਆਂ ਨਿੱਕੀਆਂ-ਨਿੱਕੀਆਂ ਬੂਟੀਆਂ ਵਾਲਾ ਬੜਾ ਸੋਹਣਾ ਸੂਟ ਖਰੀਦ ਲਿਆ। ਸੁਨੇਹਾ ਆਉਣ ਤੇ ਤੁਰਨ ਦੇ ਵਿਚਕਾਰ ਜਿਹੜੇ ਦਿਨ ਬੀਤੇ, ਉਨ੍ਹਾਂ ਵਿੱਚ ਵਾਰ-ਵਾਰ ਭੂਆ ਦੀਆਂ ਗੱਲਾਂ ਉਹਨੂੰ ਯਾਦ ਆਉਂਦੀਆਂ ਕਈ ਵਾਰ ਉਹ ਇਹ ਗੱਲਾਂ ਮਨ ਹੀ ਮਨ ਵਿੱਚ ਯਾਦ ਕਰਦਾ, ਕਈ ਵਾਰ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਸੁਣਾਉਂਦਾ। ਖਾਸ ਕਰ ਕੇ ਉਹਨੂੰ ਪਿਆਰਾ ਲੱਗਦਾ ਸੀ ਧੌਲੇ ਸਿਰ ਵਾਲੀ ਭੂਆ ਦਾ ਉਹਦੀ ਧੌਲੇ ਸਿਰ ਵਾਲੀ ਮਾਂ ਨੂੰ ਮੋਹ ਨਾਲ 'ਭਾਬੋ' ਕਹਿਣਾ। ਉਹ ਕਦੀ ਵੀ ਉਹਦੀ ਮਾਂ ਦਾ ਨਾਂ ਨਾ ਲੈਂਦੀ। ਭਾਬੋ-ਭਾਬੋ ਕਰਦੀ ਦਾ ਉਹਦਾ ਮੂੰਹ ਨਾ ਥੱਕਦਾ। ਉਹਦੀ ਮਾਂ ਜਵਾਬ ਵਿੱਚ ਉਹਦੀ ਭੂਆ ਨੂੰ ਬੀਬੀ ਆਖਦੀ। ਘਰ ਵਿੱਚ ਸਾਰਾ ਦਿਨ ਭਾਬੋ-ਭਾਬੋ, ਬੀਬੀ-ਬੀਬੀ ਹੁੰਦੀ ਰਹਿੰਦੀ।

ਭੂਆ ਪੇਕੀਂ ਆਉਂਦੀਤਾਂ ਕਦੀ ਵੀ ਪਰਾਹੁਣੀਆਂ ਵਾਂਗ ਨਾ ਬੈਠਦੀ। ਉਹ ਕੰਮਾਂ ਵਿਚ ਉਲਝੀ ਹੋਈ ਮਾਂ ਦੇ ਕਈ ਨਿੱਕੇ-ਮੋਟੇ ਕੰਮ ਕਰ ਜਾਂਦੀ, ਕਈ ਵਿਗੜੇ ਹੋਏ ਕੰਮ ਸੰਵਾਰ ਜਾਂਦੀ। ਮਾਂ ਦੇ ਨਾਂਹ-ਨਾਂਹ ਕਰਦਿਆਂ ਵੀ ਉਹ ਰਜਾਈਆਂ-ਤਲਾਈਆਂ ਸੂਰਜ ਵੱਲ ਕਰ-ਕਰ ਦੇਖਦੀ। ਟੁੱਟੇ ਲੋਗੜ ਵਾਲੀਆਂ ਦੇ ਨਗੰਦੇ ਉਧੇੜ ਕੇ ਕੱਪੜਾ ਧੋਣ ਲਈ ਸੋਢੇ ਵਿੱਚ ਭਿਉਂ ਦਿੰਦੀ ਅਤੇ ਲੋਗੜ ਪਿੰਜਾਉਣ ਲਈ ਗਠੜੀ ਬੰਨ੍ਹ ਦਿੰਦੀ। ਬੋਰੀ ਵਿੱਚ ਪਾ ਕੇ ਪੜਛੱਤੀ ਉਤੇ ਰੱਖੇ ਸੂਤ ਨੂੰ ਮੰਜਾ ਬੁਣਨ ਲਈ ਰੰਗ ਦੇ ਦੋ ਬੱਠਲਾਂ ਵਿੱਚ ਡੋਬ ਦਿੰਦੀ ਅਤੇ ਉੱਖੜੀ ਹੋਈ ਚੁਗਾਠ ਠੋਕਣ ਲਈ ਤਰਖਾਣਾਂ ਦੇ ਭੇਜ ਦਿੰਦੀ ਤੇ ਫੇਰ ਸਵੇਰ ਦੇ ਕੰਮ ਮੁਕਾ ਕੇ ਆਥਣ ਦੇ ਕੰਮਾਂ ਤੋਂ ਪਹਿਲਾਂ ਉਹ ਦੁਪਹਿਰ ਵੇਲੇ ਦੋਵੇਂ ਰਲ ਕੇ ਨਵੀਆਂ ਭਰੀਆਂ ਰਜਾਈਆਂ-ਤਲਾਈਆਂ ਦੇ ਨਗੰਦੇ ਪਾਉਂਦੀਆਂ ਜਾਂ ਮੰਜਾ ਬੁਣਨ ਬੈਠਦੀਆਂ ਤਾਂ ਧੀਮੀ-ਧੀਮੀ ਆਵਾਜ਼ ਵਿੱਚ ਨਣਦ-ਭਰਜਾਈ ਦੇ ਗੀਤ ਗਾਉਂਦੀਆਂ ਜਾਂ ਇਉਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਜਿਵੇਂ ਮਾਂ ਨਵੀਂ-ਨਵੀਂ ਸਹੁਰੀਂ ਆਈ ਹੋਵੇ ਅਤੇ ਭੂਆ ਨੂੰ ਉਹਦਾ ਦਿਲ ਲੁਆਉਣ ਲਈ ਉਹਦੇ ਕੋਲ ਬਿਠਾਇਆ ਗਿਆ ਹੋਵੇ।

ਜਦੋਂ ਕਦੀ ਉਹ ਉਹਦੇ ਪਿੰਡ ਜਾਂਦਾ, ਭੂਆ ਨੂੰ ਲੋਹੜੇ ਦਾ ਚਾਅ ਚੜ੍ਹਦਾ। ਉਹ ਰੱਜ ਕੇ ਪਿਆਰ ਕਰਦੀ ਅਤੇ ਰੱਜ ਕੇ ਖੁਆਉਂਦੀ-ਪਿਆਉਂਦੀ। ਫ਼ਰਾਖ਼ਬਾਦੀ ਥਾਲ ਵਿੱਚ ਰੱਖ ਕੇ ਘਰ ਦੇ ਘਿਉ ਨਾਲ ਨੁੱਚੜਦੇ ਲੂਣੇ ਪਰੌਂਠੇ ਦਿੰਦੀ। ਪਰੌਂਠਿਆਂ ਵਿੱਚ ਦਰੜਾ ਜਿਹਾ ਕੀਤੀਆਂ ਲਾਲ ਮਿਰਚਾਂ ਥਾਂਥਾਂ ਤਾਰਿਆਂ ਵਾਂਗ ਚਮਕਦੀਆਂ। ਥਾਲ ਵਿੱਚ ਉਹ ਵੱਡਾ ਸਾਰਾ ਕਾਂਸੀ ਦਾ ਕਟੋਰਾ ਦਹੀਂ ਦਾ ਭਰ ਕੇ ਰੱਖ ਦਿੰਦੀ। ਕਟੋਰਾ ਕਾਹਦਾ ਹੁੰਦਾ, ਛੰਨਾ ਹੁੰਦਾ ਸੀ ਕਿ ਉਹ। ਦਹੀਂ ਦੇ ਇਕ ਪਾਸੇ ਮੱਖਣੀ ਦਾ ਪੇੜਾ ਪਿਆ ਹੁੰਦਾ ਜਾਂ ਫੇਰ ਉਹ ਗੁੜ ਖੋਰ ਕੇ ਅਤੇ ਆਟੇ ਵਿੱਚ ਘਿਉ ਝੱਸ ਕੇ ਮਿੱਠੀਆਂ ਰੋਟੀਆਂ ਪਕਾਉਂਦੀ ਉਨ੍ਹਾਂ ਨਾਲ ਉਹ ਸੌਂਫ, ਕਲੌਂਜੀ ਅਤੇ ਮੇਥਿਆਂ ਦੇ ਮਸਾਲੇ ਵਿੱਚ ਲੁਕੀ ਹੋਈ ਅੰਬ ਦੇ ਆਚਾਰ ਦੀ ਫਾੜੀ ਰੱਖਦੀ ਜਾਂ ਰਾਈ ਨਾਲ ਭਰੀ ਹੋਈ ਹਰੀ-ਹਰੀ ਗਿੱਠ ਲੰਮੀ ਮਿਰਚ ਰੱਖਦੀ, ਜੀਹਦੇ ਚੀਰ ਵਿਚੋਂ ਪੀਲਾ-ਪੀਲਾ ਖੱਟਾ-ਕਰਾਰਾ ਰਸ ਚਿਉਂਦਾ। ਤੇ ਫੇਰ ਉਹ ਹੋਰ-ਹੋਰ ਖਾਣ ਲਈ ਮਜਬੂਰ ਕਰਦੀ। ਅੰਤ ਨੂੰ ਹੱਥ ਬੰਨ੍ਹ ਕੇ ਹਾੜੇ ਕੱਢ ਕੇ, ਫੁੱਲਿਆ ਪੇਟ ਦਿਖਾ ਕੇ ਹੀ ਭੂਆ ਤੋਂ ਖਹਿੜਾ ਛੁਡਾਉਣਾ ਪੈਂਦਾ।

ਤੇ ਫੇਰ ਉਹ ਛੇਤੀ-ਛੇਤੀ ਮੁੜਨ ਨਾ ਦਿੰਦੀ। ਕਦੀ ਕੋਈ ਲਾਰਾ ਲਾ ਕੇ ਕਦੀ ਕੋਈ ਬਹਾਨਾ ਬਣਾ ਕੇ ਉਹ 'ਇਕ ਦਿਨ ਹੋਰ, ਇਕ ਦਿਨ ਹੋਰ' ਆਖਦਿਆਂ ਕਈ-ਕਈ ਦਿਨ ਲੰਘਾ ਦਿੰਦੀ। ਉਹ ਮਾਂ ਦੀ ਚਿੰਤਾ ਬਾਰੇ ਆਖਦਾ ਤਾਂ ਉਹ ਜਵਾਬ ਦਿੰਦੀ, ਕੋਈ ਨਹੀਂ ਚਿੰਤਾ ਹੁੰਦੀ ਤੇਰੀ ਮਾਂ ਨੂੰ। ਕਿਸੇ ਓਪਰੀ ਥਾਂ ਨਹੀਂ ਆਇਆ ਹੋਇਆ ਤੂੰ। ਉਹਨੂੰ ਪਤਾ ਐ, ਭੂਆ ਕੋਲ ਗਿਆ ਹੈ, ਦਿਨ ਤਾਂ ਲੱਗਣਗੇ ਹੀ।

ਉਹ ਸਕੂਲ ਖੁੱਲ੍ਹਣ ਬਾਰੇ ਆਖਦਾ ਤਾਂ ਉਹ ਬੋਲਦੀ, ਕੋਈ ਨਹੀਂ ਭੱਜ ਚੱਲਿਆ ਤੇਰਾ ਮਦਰੱਸਾ ਕਿਧਰੇ।

ਜਦੋਂ ਦਾ ਉਹ ਨੌਕਰੀ ਉਤੇ ਲੱਗਿਆ ਸੀ, ਬਹੁਤੇ ਰਿਸ਼ਤੇਦਾਰ ਇਕ-ਇਕ ਕਰ ਕੇ ਉਹਤੋਂ ਦੂਰ ਹਟਦੇ ਗਏ ਸਨ। ਉਹਨੂੰ ਦੁੱਖ ਵੀ ਹੁੰਦਾ, ਪਰ ਉਹ ਕਰ ਵੀ ਕੁਝ ਨਹੀਂ ਸੀ ਸਕਦਾ। ਰਹਿਣੀ-ਬਹਿਣੀ ਅਤੇ ਕਦਰਾਂ-ਕੀਮਤਾਂ ਦਾ ਫਰਕ ਕਿਵੇਂ ਨਾ ਕਿਵੇਂ ਪਾੜਾ ਪਾ ਹੀ ਦਿੰਦਾ। ਉਹਦੇ ਘਰ ਵਿੱਚ ਸ਼ਹਿਰੀ ਜੀਵਨ ਦੀਆਂ ਸਾਧਾਰਨ ਚੀਜ਼ਾਂ ਟੈਲੀਵਿਜ਼ਨ, ਫਰਿਜ਼, ਸੋਫਾ ਆਦਿ ਦੇਖ ਕੇ ਰਿਸ਼ਤੇਦਾਰ ਉਹਦੇ ਪੈਸਿਆਂ ਬਾਰੇ ਕੁਝ ਸੱਚਾ ਅਤੇ ਬਹੁਤਾ ਕਲਪਿਤ ਹਿਸਾਬ ਲਾ ਲੈਂਦੇ।

ਕਿਸਾਨ ਦਾ ਪੈਸੇ ਬਾਰੇ ਨਜ਼ਰੀਆ ਆਪਣਾ ਹੀ ਹੁੰਦਾ ਹੈ। ਉਹ ਬਹੁਤੀ ਜ਼ਮੀਨ ਦਾ ਮਾਲਕ ਹੋਵੇ ਜਾਂ ਥੋੜ੍ਹੀ ਦਾ, ਉਹਦੀ ਆਮਦਨ ਤਾਂ ਘਰ ਛੇ ਮਹੀਨਿਆਂ ਮਗਰੋਂ ਹੀ ਹਾੜ੍ਹੀ-ਸਾਉਣੀ ਨੂੰ ਆਉਣੀ ਹੁੰਦੀ ਹੈ। ਉਹ ਵੀ ਜੇ 'ਰੱਬ ਸੁੱਖ ਰੱਖੇ' ਅਤੇ ਸੋਕਿਆਂ ਤੋਂ ਤੇ ਝੱਖੜਾਂ ਤੋਂ, ਹੜ੍ਹਾਂ ਤੋਂ ਤੇ ਰੋਗਾਂ ਤੋਂ ਫਸਲ ਦਾ ਬਚਾਉ ਹੋ ਜਾਵੇ। ਮੁਲਾਜ਼ਮ ਦੀ ਤਨਖ਼ਾਹ ਨੂੰ ਜੱਟ ਬੱਝਵੀਂ ਆਮਦਨ ਕਹਿੰਦੇ ਹਨ ਜੋ ਚੜ੍ਹੇ ਮਹੀਨੇ, ਰੱਬ ਸੁੱਖ ਰੱਖੇ ਜਾਂ ਨਾ, ਆ ਹੀ ਜਾਂਦੀ ਹੈ।

ਤੇ ਉਹ ਉਹਦੀ ਰਹਿਣੀ-ਬਹਿਣੀ ਦੇ ਭਰਮ-ਭੁਲੇਖੇ ਵਿੱਚ ਆ ਕੇ ਸੋਚਦੇ, ਪੈਸੇ ਮੰਗਣ ਵਿੱਚ ਕੀ ਹਰਜ ਹੈ। ਮਿਲ ਗਏ ਤਾਂ ਠੀਕ ਹੈ, ਨਹੀਂ ਤਾਂ ਇਨਕਾਰ ਕਰਨ ਵਾਲਾ ਆਪੇ ਸ਼ਰਮਿੰਦਾ ਹੋਵੇਗਾ। ਕਿਸੇ ਰਿਸ਼ਤੇਦਾਰ ਨੇ ਪੁਰਾਣਾ ਟਰੈਕਟਰ ਵੇਚ ਕੇ ਨਵਾਂ ਖਰੀਦਣਾ ਹੁੰਦਾ। ਕਿਸੇ ਰਿਸ਼ਤੇਦਾਰ ਦੀ ਸਲਾਹ ਇਕ ਹੋਰ ਟਿਊਬਵੈਲ ਲਾਉਣ ਦੀ ਹੁੰਦੀ। ਕਿਸੇ ਰਿਸ਼ਤੇਦਾਰ ਨੇ ਕੁੜੀ ਜਾਂ ਮੁੰਡੇ ਦਾ ਵਿਆਹ ਕਰਨਾ ਹੁੰਦਾ। ਜਦੋਂ ਉਹ ਮਜਬੂਰੀ ਪ੍ਰਗਟਾਉਂਦਾ, ਰਿਸ਼ਤੇਦਾਰ ਮੂੰਹ ਵੱਟ ਕੇ ਤੁਰ ਜਾਂਦੇ ਅਤੇ ਫੇਰ ਇਕ-ਦੂਜੇ ਕੋਲ ਉਹਨੂੰ ਨਿੰਦਦੇ ਰਹਿੰਦੇ।

ਇਕ ਵਾਰ ਇਕ ਰਿਸ਼ਤੇਦਾਰ ਉਸ ਤੋਂ ਬਲਦ ਖਰੀਦਣ ਲਈ ਪੈਸੇ ਲੈਣ ਆਇਆ ਸੀ। ਉਹਦੇ ਮਜਬੂਰੀ ਪ੍ਰਗਟਾਉਣ ਉਤੇ ਉਹ ਫਰਿਜ਼ ਵੱਲ ਹੱਥ ਕਰਦਿਆਂ ਸ਼ਬਦਾਂ ਵਿੱਚ ਕੁੜਿੱਤਣ ਭਰ ਕੇ ਬੋਲਿਆ ਸੀ, ਤੂੰ ਆਹ ਪਾਣੀ ਠੰਢਾ ਕਰਨ ਵਾਲੀ ਮਸ਼ੀਨ ਉਤੇ ਤਾਂ ਥੱਬਾ ਨੋਟਾਂ ਦਾ ਫੂਕ ਸਕਦਾ ਹੈਂ...ਪਾਣੀ ਤਾਂ ਤੌੜੇ ਵਿੱਚ ਵੀ ਠੰਢਾ ਹੋ ਜਾਂਦਾ ਹੈ, ਪਰ ਔਖੇ ਵੇਲੇ ਰਿਸ਼ਤੇਦਾਰ ਦੀ ਮੱਦਦ ਕਰਨ ਲਈ ਤੇਰੇ ਕੋਲ ਪੈਸਾ ਹੈ ਨਹੀਂ।

ਪਰ ਬੇਲਾਗ ਮੋਹ ਮਰਿਆ-ਮੁੱਕਿਆ ਤਾਂ ਨਹੀਂ ਸੀ। ਭੂਆ ਦਾ ਸੁਨੇਹਾ ਸੁਣ ਕੇ ਉਹ ਜਜ਼ਬਾਤੀ ਹੋ ਗਿਆ ਤੇ ਉਹਦੀਆਂ ਅੱਖਾਂ ਵਹਿਣਾਂ ਵਿੱਚ ਵਹਿ ਕੇ ਸਿੱਲ੍ਹੀਆਂ ਹੋ ਗਈਆਂ। ਉਹਨੇ ਸਿੱਧਾ ਭੂਆ ਕੋਲ ਜਾਣ ਅਤੇ ਬਿਨਾ ਹੋਰ ਕਿਸੇ ਨੂੰ ਮਿਲਿਆਂ, ਉਥੋਂ ਹੀ ਪਰਤ ਆਉਣ ਦਾ ਮਨ ਬਣਾਇਆ। ਉਹਨੂੰ ਨਿਰਾਰਥਕ ਜਿਹੀ ਕਾਹਲ ਲੱਗ ਗਈ, ਕਿਤੇ ਭੂਆ ਉਹਦੇ ਜਾਣ ਤੋਂ ਪਹਿਲਾਂ ਹੀ ਨਾ ਚਲਦੀ ਬਣੇ। ਉਹਨੂੰ ਬੇਥਵਾ ਜਿਹਾ ਖਿਆਲ ਆਉਂਦਾ,ਜਿਵੇਂ ਭੂਆ ਮੰਜੀ ਉਤੇ ਨਿਢਾਲ ਪਈ ਹੋਵੇ ਤੇ ਮੁਸ਼ਕਲ ਨਾਲ ਅੱਖਾਂ ਖੋਲ੍ਹ ਕੇ ਪੁੱਛ ਰਹੀ ਹੋਵੇ, 'ਆਇਆ ਨਹੀਂ ਮੇਰਾ ਭਤੀਜਾ, ਮੇਰਾ ਬਚੜਾ?'

ਤੇ ਰੱਬ ਦਾ ਸ਼ੁਕਰ ਸੀ ਕਿ ਜਦੋਂ ਉਹ ਪੁੱਜੇ, ਭੂਆ ਵਿਹੜੇ ਵਿੱਚ ਟਾਹਲੀ ਹੇਠ ਬੈਠੀ ਸੂਤ ਦੀ ਅੱਟੀ ਕਰ ਰਹੀ ਸੀ। ਉਹਨੂੰ ਜਿਵੇਂ ਕੁਝ ਗੁਆਚਿਆ ਲੱਭ ਪਿਆ। ਆਵਾਜ਼ਾਂ ਮਾਰ-ਮਾਰ ਉਹ ਆਪਣੀ ਨੂੰਹ ਅਤੇ ਪੋਤੇ-ਪੋਤੀਆਂ ਨੂੰ ਬੁਲਾਉਣ ਲੱਗੀ। ਹੌਲੀ-ਹੌਲੀ ਸਾਰੇ ਇਕੱਠੇ ਹੋ ਗਏ। ਬਾਈ ਕਿਸੇ ਕੰਮ ਸਹੁਰੀਂ ਗਿਆ ਹੋਇਆ ਸੀ। ਉਹ ਭੂਆ ਕੋਲ ਟਾਹਲੀ ਹੇਠ ਹੀ ਬੈਠ ਗਏ। ਭੂਆ ਉਨ੍ਹਾਂ ਵਿਚੋਂ ਇਕ ਨੂੰ ਫੜਦੀ ਅਤੇ ਕਾਲਜੇ ਨਾਲ ਘੁੱਟ ਲੈਂਦੀ। ਉਹਨੂੰ ਬੁੱਕਲ ਵਿਚੋਂ ਕੱਢਦੀ ਤਾਂ ਦੂਜੇ ਨੂੰ ਫੜ ਕੇ ਹਿੱਕ ਨਾਲ ਲਾ ਲੈਂਦੀ। ਮਿੱਠੀ-ਮਿੱਠੀ ਰੁੱਤ ਸੀ। ਨਾ ਸਰਦੀ, ਨਾ ਗਰਮੀ; ਪਰ ਛਾਂਵੇਂ ਬੈਠਿਆਂ ਆਨੰਦ ਆਉਂਦਾ। ਧੁੱਪ ਪਿੰਡੇ ਨੂੰ ਕੁਝ-ਕੁਝ ਚੁਭਣ ਲੱਗੀ ਸੀ।

ਭੂਆ ਨੇ ਖੇਤ ਵਿੱਚ ਕੋਠੀ ਵਰਗਾ ਘਰ ਪਾਇਆ ਹੋਇਆ ਸੀ। ਲੰਮੀ ਚੌੜੀ ਨੀਵੀਂ-ਨੀਵੀਂ ਚਾਰ-ਦੀਵਾਰੀ ਵਾਲਾ ਮੋਕਲਾ ਵਿਹੜਾ ਸੀ। ਚਾਰ ਦੀਵਾਰੀ ਤੋਂ ਬਾਹਰ ਇਕ ਪਾਸੇ ਟਿਊਬਵੈਲ ਸੀ ਜੀਹਦੇ ਕੋਲ ਟਰੈਕਟਰ ਖਲੋਤਾ ਹੋਇਆ ਸੀ। ਤੇ ਅੱਗੇ ਭੂਆ ਦੇ ਖੇਤ ਵਿਛੇ ਹੋਏ ਸਨ। ਬੱਚੇ ਕੁਝ ਪਲ ਟਿਕੇ ਬੈਠੇ ਰਹੇ ਅਤੇ ਫੇਰ ਖੇਤਾਂ ਵੱਲ ਭੱਜ ਗਏ। ਭੂਆ ਦੇ ਪੋਤੇ-ਪੋਤੀਆਂ ਉਨ੍ਹਾਂ ਨੂੰ ਕਣਕ ਦੀਆਂ ਅਧ-ਪੱਕੀਆਂ ਬੱਲੀਆਂ ਮਲ-ਮਲ ਕੇ ਦੇ ਰਹੇ ਸਨ। ਫਿਰ ਉਹ ਛੋਲਿਆਂ ਦੇ ਕੁਝ ਅਧ-ਸੁੱਕੇ ਬੂਟੇ ਭਾਲ ਕੇ ਹੋਲਾਂ ਕਰਨ ਲੱਗ ਪਏ।

ਉਹਦੀ ਪਤਨੀ ਨੇ ਰੇਤੇ ਵਿੱਚ ਲਿੱਬੜਦੇ ਬੱਚਿਆਂ ਨੂੰ ਝਿੜਕਿਆ ਤਾਂ ਉਹਨੇ ਉਹ ਵਰਜ ਦਿੱਤੀ, ਕਰਨ ਦੇ ਮੌਜ। ਕਿੰਨੀ ਵਧੀਆ ਰੁੱਤ ਹੈ। ਚਾਰ-ਚੁਫੇਰੇ ਸੁਰਗ ਹੀ ਸੁਰਗ। ਪੜ੍ਹਾਈ ਦੀ ਚਿੰਤਾ ਭੁੱਲ ਜਾਣ ਦੇ ਦੋ ਦਿਨ।

ਭੂਆ ਨੇ ਨੂੰਹ ਨੂੰ ਰੋਟੀ ਲਈ ਗੁੜ ਘੋਲਣ ਅਤੇ ਆਟੇ ਵਿੱਚ ਘਿਉ ਝੱਸਣ ਵਾਸਤੇ ਕਿਹਾ ਅਤੇ ਉਨ੍ਹਾਂ ਨੂੰ ਨ੍ਹਾਉਣ ਧੋਣ ਲਾ ਕੇ ਆਪ ਉਹ ਠੰਢੇ-ਠੰਢੇ ਕੁਝ ਦਿਨ ਪਹਿਲਾਂ ਵੱਢੀ ਗਈ ਸਰ੍ਹੋਂ ਦੇ ਕਰਚਿਆਂ ਉਤੇ ਫੁੱਟੀਆਂ ਨਿੱਕੀਆਂ ਨਿੱਕੀਆਂ ਗੰਦਲਾਂ ਦਾ ਸਾਗ ਆਥਣ ਦੀ ਰੋਟੀ ਲਈ ਤੋੜਨ ਵਿੱਚ ਰੁੱਝ ਗਈ।

ਮਿੱਠੀਆਂ ਰੋਟੀਆਂ ਦਾ ਉਹੋ ਭੂਆ ਵਾਲਾ ਸਵਾਦ! ਲਗਦਾ ਸੀ, ਉਹਨੇ ਆਪਣੀ ਕਲਾ ਨੂੰਹ ਨੂੰ ਸਿਖਾ ਦਿੱਤੀ ਸੀ। ਅਗਲੀ ਸਵੇਰ ਬੱਚੇ ਫਿਰ ਖੇਤਾਂ ਵੱਲ ਭੱਜ ਗਏ। ਉਹਦੀ ਪਤਨੀ ਉਨ੍ਹਾਂ ਦੇ ਕੱਲ੍ਹ ਦੇ ਮੈਲੇ ਕੀਤੇ ਹੋਏ ਕੱਪੜੇ ਧੋ ਰਹੀ ਸੀ। ਭਾਬੀ ਨੇ ਉਹਦੇ ਹੱਥੋਂ ਕੱਪੜੇ ਖੋਹੇ ਵੀ ਸਨ, ਪਰ ਉਹ ਉਹਨੂੰ ਨਾਸ਼ਤਾ ਬਣਾਉਣ ਲਈ ਕਹਿ ਕੇ ਆਪੇ ਕੱਪੜੇ ਧੋਣ ਲੱਗ ਪਈ ਸੀ। ਭੂਆ ਅਤੇ ਉਹ ਟਾਹਲੀ ਹੇਠ ਬੈਠੇ ਗੱਲਾਂ ਕਰ ਰਹੇ ਸਨ। ਉਹਦੀ ਪਤਨੀ ਇਕ ਦੋ ਕੱਪੜੇ ਧੋ ਨਚੋੜ ਕੇ ਵਿਹੜੇ ਵਿੱਚ ਬੰਨ੍ਹੀ ਰੱਸੀ ਉਤੇ ਸੁੱਕਣੇ ਪਾਉਣ ਆਉਂਦੀਅਤੇ ਫੇਰ ਬਾਕੀ ਕੱਪੜੇ ਧੋਣ ਜਾ ਲਗਦੀ।

ਉਹਦੀ ਪਤਨੀ ਉਹਨੂੰ ਖ਼ੁਸ਼ ਦੇਖ ਕੇ ਖ਼ੁਸ਼ ਸੀ। ਬੱਚੇ ਮਿੱਟੀ ਵਿੱਚ ਖੇਡ ਕੇ ਖ਼ੁਸ਼ ਹੋ ਰਹੇ ਸਨ ਅਤੇ ਕਿਲਕਾਰੀਆਂ ਮਾਰ ਰਹੇ ਸਨ। ਉਹ ਦਫ਼ਤਰ ਦੀਆਂ ਫਾਈਲਾਂ ਭੁੱਲ ਕੇ ਬੜਾ ਸੰਤੁਸ਼ਟ ਸੀ।

ਸਾਰੇ ਪਰਿਵਾਰ ਨੂੰ ਉਨ੍ਹਾਂ ਦੇ ਆਉਣ ਦਾ ਚਾਅ ਸੀ, ਪਰ ਭੂਆ ਨੂੰ ਤਾਂ ਬਹੁਤਾ ਹੀ ਸੀ। ਉਹਨੂੰ ਤਸੱਲੀ ਸੀ ਕਿ ਉਹਦਾ ਭਤੀਜਾ ਪਹਿਲੇ ਸੁਨੇਹੇ ਉਤੇ ਹੀ ਸਭ ਕੰਮ ਛੱਡ ਕੇ ਉਹਨੂੰ ਮਿਲਣ ਆ ਗਿਆ ਸੀ। ਨਹੀਂ ਤਾਂ ਅੱਜਕੱਲ੍ਹ ਦੇ ਜ਼ਮਾਨੇ ਵਿੱਚ ਕਿਥੇ ਰਹਿ ਗਏ ਹਨ ਮੋਹ-ਪਿਆਰ। ਭੂਆ ਉਹਨੂੰ ਮੁਰੱਬਾਬੰਦੀ ਤੋਂ ਮਗਰੋਂ ਬਣੇ ਖੇਤ ਦੀਆਂ ਹੱਦਾਂ ਬਾਰੇ ਦੱਸਣ ਲੱਗੀ। ਚੜ੍ਹਦੇ ਪਾਸੇ ਜਿਸ ਰਾਹ ਉਹ ਆਏ ਸਨ, ਖੇਤ ਉਹਦੇ ਨਾਲ ਜਾ ਲਗਦਾ ਸੀ। ਦੱਖਣ ਵਾਲੇ ਪਾਸੇ ਛੁਹਾਰੇ ਬੇਰਾਂ ਵਾਲੀ ਬੇਰੀ ਹੁਣ ਹੱਦ ਉਤੇ ਆ ਗਈ ਸੀ ਜੀਹਦੇ ਬੇਰ ਛੋਟਾ ਹੁੰਦਾ ਉਹ ਬੜਾ ਸੁਆਦ ਲੈ-ਲੈ ਖਾਂਦਾ ਹੁੰਦਾ ਸੀ। ਉਤਰ ਵਾਲੇ ਪਾਸੇ ਭੂਆ ਦਾ ਮੁਰੱਬਾ ਕੱਸੀ ਤੱਕ ਫੈਲਿਆ ਹੋਇਆ ਸੀ। ਤੇ ਛਿਪਦੇ ਵੱਲ ਦੀ ਬਾਹੀ ਉਤੇ ਉਚੇ ਲੰਮੇ ਸਫੈਦਿਆਂ ਦੀ ਲੰਮੀ ਪਾਲ ਲੱਗੀ ਹੋਈ ਸੀ। ਮੁਰੱਬਾਬੰਦੀ ਵਿੱਚ ਹੋਰ ਖੇਤਾਂ ਦੇ ਬਦਲੇ ਇਸ ਖੇਤ ਨਾਲ ਜੁੜੀ ਜ਼ਮੀਨ ਕੁਝ ਨਿਤਾਣੀ ਵੀ ਸੀ ਅਤੇ ਉਚੀ ਨੀਵੀਂ ਵੀ, ਪਰ ਬਾਈ ਨੇ ਭਰਵੀਂ ਖਾਦ ਪਾ ਕੇ ਅਤੇ ਮਿਹਨਤ ਨਾਲ ਕਰਾਹੇ ਲਾ ਕੇ ਉਹ ਜ਼ਮੀਨ ਵੀ ਆਪਣੀ ਜ਼ਮੀਨ ਵਰਗੀ ਹੀ ਵਧੀਆ ਬਣਾ ਲਈ ਸੀ। ਹੁਣ ਸਾਰੀ ਜ਼ਮੀਨ ਵਿੱਚ ਇਕੋ ਜਿਹੀ ਭਰਪੂਰ ਫਸਲ ਜੰਮਦੀ ਅਤੇ ਭੋਇੰ ਪੱਧਰੀ ਏਨੀ ਸੀ ਕਿ ਇਕ ਸਿਰੇ ਪਾਣੀ ਦੀ ਬਾਲਟੀ ਡੋਲ੍ਹ ਦਿਓ, ਉਹ ਵਗ ਕੇ ਦੂਜੇ ਸਿਰੇ ਜਾ ਲੱਗੇ।

ਤੇ ਫੇਰ ਭੂਆ ਨੇ ਦੱਸਿਆ ਕਿ ਸਫੈਦਿਆਂ ਦੇ ਪਰਲੇ ਪਾਸੇ ਕਿਸੇ ਦੀ ਪੰਜ ਘੁਮਾਂ ਜ਼ਮੀਨ ਸੀ। ਬੜੀ ਨਰੋਈ ਧਰਤੀ, ਸੋਨਾ ਪੈਦਾ ਕਰਨ ਵਾਲੀ ਤੇ ਆਪਣੇ ਖੇਤ ਦੇ ਏਨੀ ਬਰਾਬਰ ਦੀ ਪੱਧਰੀ, ਜਿਵੇਂ ਇਹਦਾ ਹੀ ਟੋਟਾ ਹੋਵੇ। ਤੇ ਹੁਣ ਉਹ ਵਿਕ ਰਹੀ ਸੀ। ਭਾਅ ਤਾਂ ਜ਼ਮੀਨ ਦਾ ਬਹੁਤ ਚੜ੍ਹ ਚੁੱਕਿਆ ਸੀ, ਪਰ ਉਹ ਸਸਤੀ ਹੀ ਬਣ ਜਾਣੀ ਸੀ। ਮਾਲਕ ਲੋੜਵੰਦ ਹੋਣ ਕਰਕੇ ਬਣ ਤਾਂ ਹੋਰ ਵੀ ਸਸਤੀ ਜਾਂਦੀ ਪਰ ਇਕ-ਦੋ ਗਾਹਕ ਹੋਰ ਖੜ੍ਹੇ ਹੋ ਗਏ ਜਿਸ ਕਰਕੇ ਭਾਅ ਵਧ ਗਿਆ। ਫੇਰ ਵੀ ਉਹ ਨਾਲ ਲਗਦੀ ਹੋਣ ਕਰਕੇ ਮਹਿੰਗੀ ਨਹੀਂ ਸੀ। ਅੰਤ ਵਿੱਚ ਭੂਆ ਨੇ ਤੋੜਾ ਝਾੜਿਆ, ਕੁਛ ਤਾਂ ਭਾਈ, ਹਾੜ੍ਹੀ ਵੇਚ ਕੇ ਪੈਸੇ ਘਰੇ ਹੀ ਹੋ ਜਾਣਗੇ, ਕੁਛ ਇਧਰੋਂ-ਉਧਰੋਂ ਹੋਰ ਪ੍ਰਬੰਧ ਹੋ ਜਾਊ। ਬਾਕੀ ਰੁਪਈਆ ਕਾਕਾ ਤੂੰ ਦੇਹ ਆਬਦੇ ਬਾਈ ਨੂੰ। ਆਪਾਂ ਇਹ ਭੋਇੰ ਕਿਸੇ ਹੀਲੇ ਵੀ ਛੱਡਣੀ ਨਹੀਂ, ਪੈਸੇ ਤੇਰੇ ਛੇਤੀ ਹੀ ਮੁੜ ਆਉਣਗੇ।

ਉਹਨੇ ਇਕ ਬਿੰਦ ਅਵਾਕ ਹੋ ਕੇ ਭੂਆ ਵੱਲ ਦੇਖਿਆ ਅਤੇ ਫੇਰ ਡੱਕੇ ਨਾਲ ਮਿੱਟੀ ਖੁਰਚਦਾ ਹੋਇਆ ਉਹ ਉਖੜਿਆ-ਉਖੜਿਆ ਜਿਹਾ ਉਤਰ ਦੇਣ ਲੱਗ ਪਿਆ, ਜੀਹਤੋਂ ਨਾ ਉਹਦੀ ਨਾਂਹ ਸਪੱਸ਼ਟ ਹੁੰਦੀ ਸੀ ਅਤੇ ਨਾ ਉਹਦੀ ਹਾਂ ਦਾ ਹੀ ਪਤਾ ਲਗਦਾ ਸੀ। ਸਿੱਧੀ ਨਾਂਹ ਕਰਨੀ ਉਹਨੂੰ ਬਹੁਤ ਔਖੀ ਲੱਗ ਰਹੀ ਸੀ ਅਤੇ ਹਾਂ ਕਰਨ ਦੀ ਉਸ ਵਿੱਚ ਉੱਕਾ ਹੀ ਪੁੱਜਤ ਨਹੀਂ ਸੀ।

ਉਹਦੀ ਪਤਨੀ ਕੱਪੜੇ ਧੋਣ ਮਗਰੋਂ ਨ੍ਹਾ ਕੇ ਤੌਲੀਆ ਸੁੱਕਣਾ ਪਾ ਰਹੀ ਸੀ। ਬੱਚੇ ਚਾਂਭਲੇ ਹੋਏ ਬਾਹਰੋਂ ਭੱਜੇ-ਭੱਜੇ ਆਏ। ਉਹ ਮੱਥੇ ਉਤੇ ਤਿਉੜੀ ਪਾ ਕੇ ਬੋਲਿਆ, ਹੇ ਖਾਂ, ਕਿਵੇਂ ਭੂਤ ਬਣੇ ਨੇ ਲਿੱਬੜ ਕੇ। ਤੇ ਉਹਨੇ ਆਪਣੀ ਪਤਨੀ ਨੂੰ ਉਨ੍ਹਾਂ ਨੂੰ ਨੁਹਾ ਕੇ ਤਿਆਰ ਕਰਨ ਲਈ ਕਿਹਾ ਤਾਂ ਜੋ ਠੰਢੇ-ਠੰਢੇ ਤੁਰਿਆ ਜਾ ਸਕੇ। ਕੱਪੜੇ ਰੋਟੀ ਖਾਂਦਿਆਂ-ਖਾਂਦਿਆਂ ਸੁੱਕੇ ਜਾਣੇ ਸਨ। ਭੂਆ ਬੋਲੀ, ਅੱਜ ਹੀ ਜਾਉਂਗੇ ?ਨਾ ਪੁੱਤਰ, ਅੱਜ ਤਾਂ ਨਹੀਂ ਅਸੀਂ ਜਾਣ ਦਿੰਦੇ। ਨਾਲੇ ਆਥਣ ਤਾਈਂ ਜਰਨੈਲ ਸਿਉਂ ਸਹੁਰਿਆਂ ਤੋਂ ਮੁੜ ਆਊ। ਉਹਨੂੰ ਮਿਲੇ ਬਿਨਾ ਥੋੜ੍ਹੇ ਚਲੇ ਜਾਉਂਗੇ।ਰਸੋਈ ਵਿੱਚ ਬੈਠੀ ਭਾਬੀ ਭੂਆ ਦੀ ਹਾਂ ਵਿੱਚ ਹਾਂ ਮਿਲਾ ਰਹੀ ਸੀ।

ਉਹ ਬੋਲਿਆ, ਨੌਕਰੀ ਵਿੱਚ ਏਨੀ ਵਿਹਲ ਕਿੱਥੇ ? ਨੌਕਰੀ ਨੂੰ ਇਸੇ ਕਰਕੇ ਤਾਂ ਨਖਿੱਧ ਕਹਿੰਦੇ ਨੇ। ਨਾ ਆਉਣ ਆਪਣੇ ਹੱਥ, ਨਾ ਮੁੜਨਾ ਆਪਣੇ ਹੱਥ।...ਫੇਰ ਕਿਤੇ ਲੰਮੀ ਛੁੱਟੀ ਆਵਾਂਗੇ।

ਉਹਦੀ ਪਤਨੀ ਨੁਆਉਣ ਲਈ ਵੱਡੇ ਮੁੰਡੇ ਦੇ ਕੱਪੜੇ ਉਤਾਰਦਿਆਂ ਅਬੋਲ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦੀ ਰਹੀ। ਤਿਆਰ ਹੋ ਕੇ ਉਹ ਪਰੌਂਠੇ ਖਾਣ ਲੱਗੇ। ਸੁਵਖਤਾ ਹੋਣ ਕਰ ਕੇ ਭੁੱਖ ਵੀ ਨਹੀਂ ਸੀ ਅਤੇ ਆਟੇ ਵਿੱਚ ਵੀ ਕੁਝ ਕਿਰਕ ਜਿਹੀ ਲਗਦੀ ਸੀ। ਇਕ ਪਰੌਂਠਾ ਖਾ ਕੇ ਹੀ ਉਹਦੀ ਬੱਸ ਹੋ ਗਈ। ਕੱਪੜੇ ਟੋਹੇ। ਸੁੱਕੇ ਤਾਂ ਨਹੀਂ ਸਨ, ਪਰ ਸੁੱਕਿਆਂ ਵਰਗੇ ਹੋਏ ਪਏ ਸਨ। ਉਹ ਕਮਰੇ ਵਿੱਚ ਜਾ ਕੇ ਸਾਮਾਨ ਠੀਕ ਕਰਨ ਲੱਗਿਆ। ਉਹਦੀ ਪਤਨੀ ਨੇ ਰੱਸੀ ਤੋਂ ਲਾਹ ਕੇ ਕੱਪੜੇ ਪਲੰਘ ਉਤੇ ਲਿਆ ਢੇਰੀ ਕੀਤੇ।

ਉਹਨੇ ਉਹਦੀ ਆਦਤ ਜਾਣਦਿਆਂ ਇਸ ਸਮੇਂ ਕੁਝ ਵੀ ਪੁੱਛਣਾ ਬੇਲੋੜਾ ਸਮਝਿਆ ਅਤੇ ਚੁੱਪ ਹੋ ਰਹੀ। ਉਹ ਕੱਪੜੇ ਤਹਿ ਕਰਨ ਲੱਗੀ, ਜਦੋਂ ਉਹ ਤਹਿ ਕੀਤੇ ਕੱਪੜੇ ਅਟੈਚੀ ਵਿੱਚ ਪਾਉਣ ਲੱਗਿਆ ਤਾਂ ਪਤਨੀ ਨੇ ਹੇਠੋਂ ਬੂਟੀਆਂ ਵਾਲਾ ਸੂਟ ਕੱਢ ਲਿਆ ਜੀਹਨੂੰ ਉਹ ਭੁੱਲ ਗਿਆ ਲਗਦਾ ਸੀ।

ਪਿਆ ਰਹਿਣ ਦੇ ਵਿਚੇ..., ਉਹ ਨੀਰਸ ਜਿਹੀ ਆਵਾਜ਼ ਵਿੱਚ ਬੋਲਿਆ। ਅਬੋਲ ਪਤਨੀ ਦੀਆਂ ਅੱਖਾਂ ਵਿੱਚ ਲਟਕਦੇ ਸਵਾਲ ਦੇ ਜਵਾਬ ਵਿੱਚ ਉਹਨੇ ਕਿਹਾ, ਰੱਖ ਦੇ ਇਹਨੂੰ ਵਿਚੇ ਹੀ...ਦੇਖੀ ਜਾਊ ਫੇਰ ਕਦੇ।

ਉਹ ਕਾਹਲੀ-ਕਾਹਲੀ ਕੱਪੜੇ ਅਟੈਚੀ ਵਿੱਚ ਪਾ ਰਿਹਾ ਸੀ ਅਤੇ ਨਿੱਕੀ ਬੂਟੀ ਦਾ ਸੂਟ ਉਹਦੀ ਪਤਨੀ ਦੇ ਹੱਥਾਂ ਵਿੱਚ ਕੰਬ ਰਿਹਾ ਸੀ।

# ਮੇਰੀ ਕਲਮ

## ਜੇ ਰੁਕੇ ਨਾ ਮੇਰੀ ਕਲਮ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।

ਹਰ ਰੋਜ਼ ਤਮਾਸ਼ਾ ਹੁੰਦਾ, ਹੈ ਮੇਰੇ ਸਾਹਮਣੇ,
ਡਿੱਠਿਆ ਕਰਾਂ ਅਣਡਿੱਠ, ਤਾਂ ਮੈਂ ਡੁੱਬ ਮਰਾਂ।

ਅੱਖੀਂ ਦੇਖ ਕੇ ਮੱਖੀ, ਨਿਗਲ਼ੀ ਨਹੀਂ ਜਾਂਦੀ,
ਭਰਿਆ ਦੁੱਧ ਕਟੋਰਾ, ਬੇਸ਼ੱਕ ਰੋੜ੍ਹ ਧਰਾਂ।

ਕਾਲਾ ਕੋਝਾ ਝੂਠ, ਨਿੱਤ ਲਲਕਾਰਦਾ,
ਤਲਵਾਰੀ ਕਲਮ ਚਲਾਵਾਂ, ਇਸ ਦਾ ਕਤਲ ਕਰਾਂ।

ਉੱਚੇ ਮਹਿਲਾਂ ਮੇਰਾ, ਸੂਰਜ ਰੋਕ ਲਿਆ,
ਮੇਰੀ ਝੁੱਗੀ ਉੱਤੇ ਹੁਣ, ਪਸਰੀ ਰਹਿੰਦੀ ਛਾਂ।

ਸ਼ਾਲਾ! ਮੇਰੀ ਕਲਮ, ਕੋਈ ਜਾਦੂ ਕਰ ਜਾਵੇ,
ਮੇਰੇ ਆਲ਼ੇ ਦੁਆਲ਼ੇ, ਪੱਧਰੀ ਹੋ ਜਾਏ ਥਾਂ।

ਝੁਲਦੇ ਝੱਖੜ ਮੈਨੂੰ, ਕਦੀ ਡੁਲਾ ਜਾਂਦੇ,
ਸਹਾਰਾ ਦੇਵੇ ਇਹ ਡੱਕਾ, 'ਤੇ ਮੈਂ ਧੀਰ ਧਰਾਂ।

ਜਵਾਰ ਭਾਟੇ ਜਿਹੇ ਜਜ਼ਬੇ, ਜਜ਼ਬ ਵੀ ਤਾਂ ਹੁੰਦੇ,
ਜੇ ਚੱਪੂ ਕਲਮ ਕਰਾਵੇ, ਸਰ ਸਾਗਰ ਮਹਾਂ।

ਕਹਿਣੀ ਅਤੇ ਕਰਨੀ 'ਤੇ, ਪੂਰੇ ਉੱਤਰਨ ਲਈ,
ਝੱਲਣੀਆਂ ਨੇ ਪੈਂਦੀਆਂ, ਡਾਢੀਆਂ ਮੁਸ਼ਕਲਾਂ।

ਕਿਸੇ ਮੁਸ਼ਕਲ ਦਾ ਹੱਲ, ਜੇ ਮੇਰੀ ਕਲਮ ਕਰੇ,
ਤਾਂ ਮੈਂ ਇਸ ਨੂੰ ਵਾਹੁਣੋਂ, ਕੰਨੀ ਕਿਉਂ ਕਤਰਾਂ।

ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।

## ਔਰਤ ਅਬਲਾ ਨਹੀਂ

ਵਿਰਕ ਪੁਸ਼ਪਿੰਦਰ



ਔਰਤਾਂ ਕਿੱਸੇ ਅਤੇ ਕਹਾਣੀਆਂ ਦੀਆਂ
ਦੁਖਾਂਤਕ ਪਾਤਰ ਹੀ ਨਹੀਂ ਹੁੰਦੀਆਂ
ਲਿਖਾਰੀ ਵੀ ਹੁੰਦੀਆਂ
ਜੋ ਵਾਲਮੀਕ ਦੇ ਹੱਥੋਂ ਕਲਮ ਫੜ
ਨਿਰਧਾਰਿਤ ਕਰ ਸਕਦੀਆਂ
ਇਸ ਮਰਦ-ਪ੍ਰਧਾਨ ਸਮਾਜ ਲਈ ਵੀ
ਇਕ ਲਕਸ਼ਮਣ ਰੇਖਾ

ਔਰਤਾਂ ਦੇਵ-ਦਾਸੀਆਂ ਹੀ ਨਹੀਂ ਹੁੰਦੀਆਂ
ਖਿਡਾਰੀ ਵੀ ਹੁੰਦੀਆਂ
ਜੋ ਧੋਬੀ ਪਛਾੜ ਲਾ
ਹਵਸ ਵਿੱਚ ਅੰਨ੍ਹੇ
ਵੱਡੇ-ਵੱਡੇ ਮਹਾਂਰਥੀਆਂ ਨੂੰ
ਪਟਕਾ ਦਿੰਦੀਆਂ
ਅਸਮਾਨ ਤੋਂ ਧਰਤੀ ਉੱਤੇ
ਇਕ ਹੀ ਝਟਕੇ ਵਿੱਚ

ਔਰਤਾਂ ਅਬਲਾ ਹੀ ਨਹੀਂ ਹੁੰਦੀਆਂ
ਨਾਰੀ ਵੀ ਹੁੰਦੀਆਂ
ਜੋ ਦੁਰਗਾ ਦਾ ਰੂਪ ਧਾਰ
ਮਹਿਖਾਸੁਰ ਸੁੰਭ ਨਿਸੁੰਭ
ਦੈਂਤਾਂ ਦਾ ਵਧ ਕਰ
ਸਿਉਂ ਲੈਂਦੀਆਂ
ਆਪਣਾ ਰੱਤਾ ਸਾਲੂ

ਔਰਤਾਂ ਸੂਖ਼ਮ ਸੋਹਲ
ਪੱਤੀਆਂ ਹੀ ਨਹੀਂ ਹੁੰਦੀਆਂ
ਗੁਲਾਬ ਕੌਰ ਵੀ ਹੁੰਦੀਆਂ
ਜੋ ਖੜ੍ਹ ਜਾਂਦੀਆਂ ਹਕੂਮਤ ਅੱਗੇ
ਸਰਾਭੇ ਦੀਆਂ ਵਾਰਿਸ ਹੋ

ਔਰਤਾਂ ਬਲਬੀਰੋ ਭਾਬੀ ਹੀ ਨਹੀਂ ਹੁੰਦੀਆਂ
ਦੁਰਗਾ ਭਾਬੀ ਵੀ ਹੁੰਦੀਆਂ
ਜੋ ਉਡਾ ਦਿੰਦੀਆਂ
ਕਿਸੇ ਸਾਂਡਰਸ ਦੇ ਸਿਰ ਦਾ ਤਾਜ

ਔਰਤਾਂ ਹਮੇਸ਼ਾਂ ਸਰਾਪੀ
ਅਹੱਲਿਆ ਹੀ ਨਹੀਂ ਹੁੰਦੀਆਂ
ਸਗੋਂ ਖ਼ੁਦ ਰਿਸ਼ੀਵਰ ਹੋ
ਬਣ ਸਕਦੀਆਂ ਕਿਸੇ
ਸਿਰ ਫਿਰੇ ਇੰਦਰ ਦਾ ਕਾਲ

ਜੇਕਰ ਮਰਦ ਸ਼ੈਤਾਨ ਹੋ ਜਾਵੇ
ਔਰਤ ਅਬਲਾ ਨਹੀਂ ਰਹਿੰਦੀ
ਤਿੱਖੀ ਸ਼ਮਸ਼ੀਰ ਹੋ ਜਾਂਦੀ।

## ਸ਼ਰੀਂਹ ਦੇ ਫੁੱਲ :

ਸ਼ਿਵ ਕੁਮਾਰ ਬਟਾਲਵੀ



ਦਿਲ ਦੇ ਝੱਲੇ ਮਿਰਗ ਨੂੰ ਲੱਗੀ ਹੈ ਤੇਹ ,
ਪਰ ਨੇ ਦਿਸਦੇ ਹਰ ਤਰਫ਼ ਵੀਰਾਨ ਥੇਹ ।
ਕੀ ਕਰਾਂ ? ਕਿਥੋਂ ਬੁਝਾਵਾਂ ਮੈਂ ਪਿਆਸ,
ਹੋ ਗਏ ਬੰਜਰ ਜਿਹੇ ਦੋ ਨੈਣ ਇਹ ।
ਥਲ ਹੋਏ ਦਿਲ 'ਚੋਂ ਗ਼ਮਾਂ ਦੇ ਕਾਫ਼ਲੇ,
ਰੋਜ਼ ਲੰਘਦੇ ਨੇ ਉਡਾ ਜਾਂਦੇ ਨੇ ਖੇਹ ।
ਦੁਆਰ ਦਿਲ ਦੇ ਖਾ ਗਈ ਹਠ ਦੀ ਸਿਉਂਕ,
ਖਾ ਗਈ ਚੰਦਨ ਦੀ ਦੇਹ ਬਿਰਹੋਂ ਦੀ ਲੇਹ ।
ਰਤਨ ਖ਼ੁਸ਼ੀਆਂ ਦੇ ਮਣਾਂ ਮੂੰਹ ਪੀਹ ਲਏ,
ਇਕ ਪਰਾਗਾ ਰੋੜ ਪਰ ਹੋਏ ਨਾ ਪੀਹ ।
ਮਨ ਮੋਏ ਦਾ ਗਾਹਕ ਨਾ ਮਿਲਿਆ ਕੋਈ,
ਤਨ ਦੀ ਡੋਲੀ ਦੇ ਮਿਲੇ ਪਰ ਰੋਜ਼ ਵੀਹ ।
ਚਿਰ ਹੋਇਆ ਮੇਰੇ ਮੁਹਾਣੇ ਡੁੱਬ ਗਏ,
ਹੁਣ ਸਹਾਰੇ ਖ਼ਿਜ਼ਰ ਦੇ ਦੀ ਲੋੜ ਕੀਹ ?
ਜਾਣਦੇ ਬੁਝਦੇ ਯਸੂ ਦੇ ਰਹਿਨੁਮਾ,
ਚਾੜ੍ਹ ਆਏ ਬੇ-ਗੁਨਾਹ ਸੂਲੀ ਮਸੀਹ ।
ਮੇਰਿਆਂ ਗੀਤਾਂ ਦੀ ਮੈਨਾਂ ਮਰ ਗਈ,
ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ ।
ਆਖ਼ਰੀ ਫੁੱਲ ਵੀ ਸ਼ਰੀਂਹ ਦਾ ਡਿੱਗ ਪਿਆ,
ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ ।
ਗੋਂਦਵੀਂ ਆਸਾਂ ਦੀ ਡੋਰੀ ਟੁੱਟ ਗਈ,
ਧਾਣ ਚਿੜੀਆਂ ਠੂੰਗ ਲਏ ਥੋਥੇ ਨੇ ਤੋਹ ।
ਪੈ ਗਈਆਂ ਫੁੱਲਾਂ ਦੇ ਮੂੰਹ 'ਤੇ ਝੁਰੜੀਆਂ,
ਤਿਤਲੀਆਂ ਦੀ ਹੋ ਗਈ ਧੁੰਦਲੀ ਨਿਗਾਹ ।
ਕੂਕ ਘੱਤੇ ਪਰ ਕਿਸੇ ਅੱਜ ਮੋਰ ਦੇ,
ਹੜ ਗਏ ਕਿਸੇ ਭੌਰ ਦੇ ਉੱਡ-ਉੱਡ ਕੇ ਸਾਹ ।
ਵਗ ਰਹੀ ਹੈ ਓਪਰੀ ਜਿਹੀ ਅੱਜ ਹਵਾ,
ਲੌਂਗ ਊਸ਼ਾ ਦੇ, ਦੀ ਹੈ ਕੁਝ ਹੋਰ ਭਾਹ ।
ਫੂਕ ਲੈਣੇ ਨੇ ਮੈਂ ਢਾਰੇ ਆਪਣੇ,
ਭੁੱਲ ਜਾਣੇ ਨੇ ਮੈਂ ਆਪਣੇ ਆਪ ਰਾਹ ।
ਦੂਰ ਹੋ ਕੇ ਬਹਿ ਦਿਲ ਦੀਏ ਹਸਰਤੇ,
ਛੂਹ ਨਾ ਪੀੜਾਂ ਮਾਰੀਏ ਮੈਨੂੰ ਨਾ ਛੂਹ ।
ਖਾਣ ਦੇ ਜਿੰਦੂ ਨੂੰ ਕੱਲਰ ਸੋਗ ਦੇ,
ਮਹਿਕੀਆਂ ਰੋਹੀਆਂ ਦੇ ਵੱਲ ਇਹਨੂੰ ਨਾ ਧੂਹ ।
ਥੱਕ ਗਈ ਮੂੰਹ-ਜ਼ੋਰ ਜਿੰਦ ਲਾਹ ਲੈ ਲਗਾਮ,
ਨਰੜ ਕੇ ਬੰਨ੍ਹ ਲੈ ਮੇਰੀ ਬੇਚੈਨ ਰੂਹ ।
ਪੀਣ ਦੇ ਆਡਾਂ ਨੂੰ ਪਾਣੀ ਪੀਣ ਦੇ,
ਭਰ ਨਸਾਰਾਂ ਵਹਿਣ ਦੇ ਨੈਣਾਂ ਦੇ ਖੂਹ ।

## ਜਾਗਣ ਪੰਜ ਦਰਿਆ

ਇੰਦਰਜੀਤ ਹਸਨਪੁਰੀ



ਜਾਗਣ ਪੰਜ ਦਰਿਆ
ਬੇਲੀਆ ਜਾਗਣ ਪੰਜ ਦਰਿਆ
ਮੈ ਬਣ ਜਾਵਾਂ ਸੋਨ-ਸਵੇਰਾ
ਤੂੰ ਸੂਰਜ ਬਣ ਜਾ

ਅੱਖਾਂ ਮੀਚ ਕੇ ਤੁਰਦੇ ਜਿਹੜੇ
ਪਾ ਕੰਨਾਂ ਵਿਚ ਰੂੰ
ਆ ਜਾ ਹੇਕ ਪਿਆਰ ਦੀ ਲਾਈਏ
ਮਿੱਤਰਾ ਮੈਂ ਤੇ ਤੂੰ
ਖੁੱਲ੍ਹਣ ਅੱਖਾਂ, ਕੰਨ ਇਹਨਾਂ ਦੇ
ਦੁੱਲਾ ਭੱਟੀ ਗਾ
ਜਾਗਣ ਪੰਜ ਦਰਿਆ

ਭੁੱਲ ਗਏ ਜੋ ਵਿਰਸਾ ਆਪਣਾ
ਸਭਿਆਚਾਰ ਨੇ ਭੁੱਲੇ
ਆ ਇਹਨਾਂ ਨੂੰ ਯਾਦ ਕਰਾਈਏ
ਨਾਨਕ, ਵਾਰਿਸ, ਬੁੱਲੇ
ਜਿਹਨਾਂ ਸਾਨੂੰ ਸਬਕ ਪੜ੍ਹਾਇਆ
ਪਿਆਰ ਮੁਹੱਬਤ ਦਾ
ਜਾਗਣ ਪੰਜ ਦਰਿਆ

ਬੜੇ ਚਲਾ ਲਏ ਬੰਬ, ਗੋਲ਼ੀਆਂ
ਬੜੇ ਬਣਾ ਲਏ ਥੇਹ
ਆਪਣੇ ਸਿਰ ਵਿਚ ਆਪੇ ਪਾਈ
ਅਸੀਂ ਬਥੇਰੀ ਖੇਹ
ਹੋਈਆਂ ਬੀਤੀਆਂ ਉੱਤੇ ਆਪਾਂ
ਮਿੱਟੀ ਦੇਈਏ ਪਾ
ਜਾਗਣ ਪੰਜ ਦਰਿਆ

ਇੱਕ ਦੂਜੇ ਦੇ ਗਲ਼ ਵਿਚ ਪਾਈਏ
ਆ ਬਾਹਵਾਂ ਦੇ ਹਾਰ
ਪਿਆਰ ਦੇ ਅੱਗੇ ਸਦਾ ਹਾਰਦੀ
ਦੇਖੀ ਏ ਤਲਵਾਰ
ਨਫ਼ਰਤ ਦੀ ਅੱਗ ਬੁਝ ਜਾਵੇਗੀ
ਪਿਆਰ ਦਾ ਮੀਂਹ ਬਰਸਾ
ਜਾਗਣ ਪੰਜ ਦਰਿਆ

## ਸਤਲੁਜ

ਅਮਰਜੀਤ ਚੰਦਨ

ਉਨ੍ਹਾਂ ਬੰਨ੍ਹ-ਦਿੱਤਾ ਹੈ
ਸਤਲੁਜ ਦਾ ਘੋੜੇ ਹਾਰ ਇਕਸਾਰ ਦੌੜਦਾ ਵੇਗ
ਉਨ੍ਹਾਂ ਨੂੜ ਲਈਆਂ ਨੇ
ਹਵਾ 'ਚ ਲਹਿਰਦੀਆਂ ਅੱਯਾਲਾਂ ਵਰਗੀਆਂ
ਸਤਲੁਜ ਦੀਆਂ ਲਹਿਰਾਂ
ਉਹ ਚਾਹੁੰਦੇ ਨੇ
ਸਤਲੁਜ ਭੁੱਲ ਜਾਏ ਆਪਣਾ ਨਾਂ
ਉਹ ਚਾਹੁੰਦੇ ਨੇ
ਸਤਲੁਜ ਭੁੱਲ ਜਾਏ ਆਪਣਾ ਥਾਂ
ਪਰ
ਉਹ ਬੰਨ੍ਹ ਨਹੀਂ ਸਕੇ ਹਵਾਵਾਂ ਮੂੰਹ ਜ਼ੋਰ
ਸ਼ੂਕਦਾ ਪਾਣੀ ਵਹਿ ਰਿਹਾ ਹੈ ਕੰਢਿਆਂ ਨੂੰ ਖੋਰਦਾ
ਕੰਢਿਆਂ 'ਤੇ ਪਈਆਂ ਹਨ ਮੂਧੇ ਮੂੰਹ ਬੇੜੀਆਂ
ਸਤਲੁਜ ਅੱਜ ਇੱਕ ਵਾਰ ਫੇਰ ਸਤਲੁਜ ਹੈ
ਸਤਲੁਜ ਸਾਡੀਆਂ ਰਗਾਂ ਵਿੱਚ ਵਹਿ ਰਿਹਾ ਹੈ ਲਹੂ ਵਾਂਗ
ਸਤਲੁਜ ਹੈ ਸਦਾਬਹਾਰ ਰੁੱਤ ਜਵਾਨੀ ਦੀ ..।

## ਗ਼ਜ਼ਲ

ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
+919855227530



ਅੱਖਰਾਂ ਨਾਲ ਸਿੰਗਾਰਾਂ ਮੁੱਖ ਪੰਜਾਬੀ ਦਾ।
ਫਿਰ ਮੈਂ ਹਰਦਮ ਮਾਣਾ ਸੁੱਖ ਪੰਜਾਬੀ ਦਾ।

ਧੂੜ ਪਈ ਹੈ ਇਸ ਤੇ ਖਿੱਚਾ ਧੂਹੀ ਦੀ,
ਸਾਫ਼ ਕਰਾਂ ਤੇ ਕਟਾਂ, ਦੁੱਖ ਪੰਜਾਬੀ ਦਾ।

ਹੇਠਾਂ ਨੂੰ ਜਾਈ ਜਾਵੇ ਸਾਡੇ ਕਰਕੇ
ਅੰਬਰ ਵੱਲ ਨੂੰ ਕਰਨਾ ਰੁਖ ਪੰਜਾਬੀ ਦਾ।

ਹੋਰ ਭਾਸ਼ਾਵਾਂ ਸਿੱਖਣੀਆਂ ਵੀ, ਮਾੜੀ ਗੱਲ ਨਹੀਂ,
ਸ਼ਾਮ-ਸਵੇਰੇ ਲਿਆ ਕਰਾਂ ਦੁੱਖ, ਪੁੱਛ ਪੰਜਾਬੀ ਦਾ।

ਮਾਂ ਪੰਜਾਬੀ ਕਹਿੰਦੇ ਹੋ ਜੇ, ਧੀ-ਪੁੱਤ ਬਣ ਜਾਓ
ਕਿਸ ਗੱਲੋਂ ਨਿਰਾਦਰ ਕਰਦੇ, ਕੁੱਖ ਪੰਜਾਬੀ ਦਾ।

ਇਹ ਨਾ ਗੱਲ ਮਾਮੂਲੀ, ਅਣਖ ਜ਼ਮੀਰਾਂ ਵਾਲੇ ਲਈ,
ਪਰ ਅਣਗੌਲਿਆ ਕਰ ਦੇਵੇ, ਕਪੁੱਤ ਪੰਜਾਬੀ ਦਾ।

ਅੰਗਰੇਜ਼ਾਂ ਨੂੰ ਵੀ ਮੈਂ ਮਾਂ ਦੀ, ਗੋਦ ਬਿਠਾ ਦੇਵਾਂ,
ਦੇਸ਼-ਵਿਦੇਸ਼ੀਂ ਵੰਡਾਂ ਭਰ-ਭਰ, ਬੁੱਕ ਪੰਜਾਬੀ ਦਾ।

ਸੇਵਾ ਅਤੇ ਸੰਭਾਲ ਇਹ ਮਾਂ ਦੀ, ਕਰਦਾ ਤਰ ਜਾਵੇ,
ਸਲੇਮਪੁਰੇ ਦਾ ਲੱਖਾ ਬਣ ਕੇ, ਪੁੱਤ ਪੰਜਾਬੀ ਦਾ।

# ਦਰਸ਼ਕਾਂ ਦੇ ਦਿਲਾਂ ’ਤੇ ਰਾਜ ਕਰਨ ਵਾਲੀਆਂ ਕਈ ਅਭਿਨੇਤਰੀਆਂ ਛੋਟੇ ਪਰਦੇ ਤੋਂ ਗਾਇਬ





ਕਿਸੇ ਸਮੇਂ ਛੋਟੇ ਪਰਦੇ ’ਤੇ ਆਪਣੀ ਅਦਾਕਾਰੀ ਦੇ ਦਮ ’ਤੇ ਦਰਸ਼ਕਾਂ ਦੇ ਦਿਲਾਂ ’ਤੇ ਰਾਜ ਕਰਨ ਵਾਲੀਆਂ ਕਈ ਅਭਿਨੇਤਰੀਆਂ ਨੇ ਬਾਲੀਵੁੱਡ ਸੈਲੇਬਸ ਨੂੰ ਸਖਤ ਟੱਕਰ ਦਿੱਤੀ ਸੀ ਪਰ ਅੱਜ ਉਹ ਪਰਦੇ ਤੋਂ ਗਾਇਬ ਹੋ ਗਈਆਂ ਹਨ। ਤਾਰਕ ਮਹਿਤਾ... ਦੀ ‘ਦਯਾ’ ਤੋਂ ਲੈ ਕੇ ‘ਯੇ ਹੈ ਮੁਹੱਬਤੇਂ’ ਦੀ ‘ਮਿਹਿਕਾ’ ਤੱਕ ਦਾ ਨਾਂ ਇਸ ਸੂਚੀ ਵਿੱਚ ਸ਼ਾਮਲ ਹੈ।

ਮਸ਼ਹੂਰ ਟੀਵੀ ਸ਼ੋਅ ‘ਤਾਰਕ ਮਹਿਤਾ ਕਾ ਉਲਟਾ ਚਸ਼ਮਾ’ ਵਿੱਚ ਦਯਾ ਦਾ ਕਿਰਦਾਰ ਨਿਭਾਉਣ ਵਾਲੀ ਦਿਸ਼ਾ ਵਕਾਨੀ ਭਲੇ ਹੀ ਲੰਬੇ ਸਮੇਂ ਤੋਂ ਸ਼ੋਅ ਤੋਂ ਗਾਇਬ ਹੈ ਪਰ ਉਸ ਦੀ ਫੈਨ ਫਾਲੋਇੰਗ ਕਾਫੀ ਜ਼ਬਰਦਸਤ ਹੈ। ਦਿਸ਼ਾ ਨੇ ਲਗਭਗ 9 ਸਾਲ ਤੱਕ ਇਸ ਸ਼ੋਅ ’ਚ ਕੰਮ ਕਰਕੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਮਾਂ ਬਣਨ ਤੋਂ ਬਾਅਦ ਦਿਸ਼ਾ ਕਦੇ ਸ਼ੋਅ ’ਚ ਵਾਪਸ ਨਹੀਂ ਆਈ। ਇਸ ਦੇ ਬਾਵਜੂਦ ਦਰਸ਼ਕ ਉਸ ਦੀ ਵਾਪਸੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

**ਸੌਮਿਆ ਟੰਡਨ**

ਭਾਬੀ ਜੀ ਘਰ ਪਰ ਹੈ ਵਿੱਚ ਅਨੀਤਾ ਭਾਬੀ ਦੇ ਰੂਪ ਵਿੱਚ ਪ੍ਰਸਿੱਧੀ ਹਾਸਲ ਕਰਨ ਵਾਲੀ ਸੌਮਿਆ ਟੰਡਨ ਨੇ ਆਪਣੀ ਖੂਬਸੂਰਤੀ ਨਾਲ ਲੋਕਾਂ ਦਾ ਦਿਲ ਜਿੱਤ ਲਿਆ ਹੈ। ਉਸਨੇ ਕਈ ਸਾਲਾਂ ਤੱਕ ਪ੍ਰਸ਼ੰਸਕਾਂ ਦਾ ਮਨੋਰੰਜਨ ਵੀ ਕੀਤਾ, ਪਰ ਸੌਮਿਆ ਨੇ ਆਪਣੇ ਕਰੀਅਰ ਦੇ ਸਿਖਰ ’ਤੇ ਸ਼ੋਅ ਛੱਡ ਦਿੱਤਾ। ਇਸ ਦਾ ਕਾਰਨ ਕੋਈ ਵਿਵਾਦ ਨਹੀਂ, ਸਗੋਂ ਉਸ ਦੀ ਪ੍ਰੈਗਨੈਂਸੀ ਸੀ। ਬੇਟੇ ਦੇ ਜਨਮ ਤੋਂ ਬਾਅਦ ਸ਼ੋਅ ਛੱਡ ਦਿੱਤਾ ਗਿਆ ਸੀ। ਹਾਲਾਂਕਿ ਉਹ ਸੋਸ਼ਲ ਮੀਡੀਆ ’ਤੇ ਕਾਫੀ ਐਕਟਿਵ ਰਹਿੰਦੀ ਹੈ।

**ਨੌਸ਼ੀਨ ਅਲੀ ਸਰਦਾਰ**

ਟੀਵੀ ਦੀ ਖੂਬਸੂਰਤ ਅਦਾਕਾਰਾ ਨੌਸ਼ੀਨ ਅਲੀ ਸਰਦਾਰ ਦੀ ਦਰਦ ਭਰੀ ਕਹਾਣੀ ਕੌਣ ਨਹੀਂ ਜਾਣਦਾ। ਨੌਸ਼ੀਨ ਨੇ ਹਾਦਸੇ ਤੋਂ ਬਾਅਦ ਰਾਤੋ-ਰਾਤ ਇੰਡਸਟਰੀ ਛੱਡ ਦਿੱਤੀ। ਦੱਸ ਦੇਈਏ ਕਿ ਸਾਲ 2003 ਵਿੱਚ ਨੌਸ਼ੀਨ ਇੱਕ ਗੰਭੀਰ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਇਸ ਕਾਰਨ ਉਸ ਨੇ ਐਕਟਿੰਗ ਛੱਡ ਦਿੱਤੀ ਸੀ।

**ਮੋਹਿਨਾ ਕੁਮਾਰੀ**

ਟੀਵੀ ਸੀਰੀਅਲ ‘ਯੇ ਰਿਸ਼ਤਾ ਕਯਾ ਕਹਿਲਾਤਾ ਹੈ’ ’ਚ ਕੀਰਤੀ ਦਾ ਕਿਰਦਾਰ ਨਿਭਾਉਣ ਵਾਲੀ ਮੋਹਨਾ ਕੁਮਾਰੀ ਦਾ ਵਿਆਹ ਕੈਬਨਿਟ ਮੰਤਰੀ ਸਤਪਾਲ ਮਹਾਰਾਜ ਦੇ ਬੇਟੇ ਸੁਯਸ਼ ਰਾਓ ਨਾਲ ਹੋਇਆ ਹੈ। ਵਿਆਹ ਤੋਂ ਬਾਅਦ ਮੋਹਿਨੀ ਨੇ ਅਦਾਕਾਰੀ ਦੀ ਦੁਨੀਆ ਨੂੰ ਵੀ ਅਲਵਿਦਾ ਕਹਿ ਦਿੱਤਾ ਹੈ।

**ਰੁਚਾ ਹਸਬਾਨੀ**



ਟੀਵੀ ਸੀਰੀਅਲ ‘ਸਾਥ ਨਿਭਾਨਾ ਸਾਥੀਆ’ ਦੀ ‘ਰਾਸ਼ੀ’ ਯਾਨੀ ਰੁਚਾ ਹਸਬਾਨੀ ਨੂੰ ਘਰ-ਘਰ ਖਾਸ ਪਛਾਣ ਮਿਲੀ। ਇਸ ਦੇ ਨਾਲ ਹੀ ਰੁਚਾ ਨੇ ਵਿਆਹ ਤੋਂ ਬਾਅਦ ਟੀਵੀ ਇੰਡਸਟਰੀ ਤੋਂ ਦੂਰੀ ਬਣਾ ਲਈ ਸੀ ਪਰ ਉਹ ਸੋਸ਼ਲ ਮੀਡੀਆ ’ਤੇ ਕਾਫੀ ਐਕਟਿਵ ਰਹਿੰਦੀ ਹੈ।

**ਸ਼ਰਧਾ ਨਿਗਮ**



ਕਰਨ ਸਿੰਘ ਗਰੋਵਰ ਦੀ ਪਹਿਲੀ ਪਤਨੀ ਸ਼ਰਧਾ ਨਿਗਮ ਕਿਸੇ ਸਮੇਂ ਟੀਵੀ ਦੀਆਂ ਟਾਪ ਅਭਿਨੇਤਰੀਆਂ ਦੀ ਸੂਚੀ ’ਚ ਸੀ ਪਰ ਅੱਜ ਉਨ੍ਹਾਂ ਨੇ ਅਦਾਕਾਰੀ ਨੂੰ ਅਲਵਿਦਾ ਕਹਿ ਦਿੱਤਾ ਹੈ। ਹੁਣ ਉਹ ਫੈਸ਼ਨ ਦੀ ਦੁਨੀਆ ਵਿੱਚ ਕੰਮ ਕਰ ਰਹੀ ਹੈ। ਸ਼ਰਧਾ ਇੱਕ ਉਦਯੋਗਪਤੀ ਬਣ ਗਈ ਹੈ। ਉਹ ਇੰਟੀਰੀਅਰ ਤੋਂ ਲੈ ਕੇ ਆਰਕੀਟੈਕਚਰ ਅਤੇ ਕੱਪੜਿਆਂ ਤੱਕ ਦੇ ਕਾਰੋਬਾਰ ਤੋਂ ਵੱਡੀ ਕਮਾਈ ਕਰਦੀ ਹੈ।

**ਵਿਭਾ ਆਨੰਦ**

ਟੀਵੀ ਅਦਾਕਾਰਾ ਵਿਭਾ ਆਨੰਦ ਨੂੰ ‘ਬਾਲਿਕਾ ਵਧੂ’ ਵਿੱਚ ਭੂਮਿਕਾ ਨਾਲ ਵੱਡੀ ਪਛਾਣ ਮਿਲੀ। ਇਸ ਸ਼ੋਅ ਤੋਂ ਬਾਅਦ ਵਿਭਾ ਕੁਝ ਵੈੱਬ ਸੀਰੀਜ਼ ’ਚ ਨਜ਼ਰ ਆਈ। ਇਸ ਤੋਂ ਬਾਅਦ ਉਹ ਲਾਈਮਲਾਈਟ ਤੋਂ ਗਾਇਬ ਹੈ ਅਤੇ ਕਦੇ ਵੀ ਛੋਟੇ ਪਰਦੇ ’ਤੇ ਨਜ਼ਰ ਨਹੀਂ ਆਈ।

**ਮਿਹਿਕਾ ਵਰਮਾ**

ਟੀਵੀ ਸੀਰੀਅਲ ‘ਯੇ ਹੈ ਮੁਹੱਬਤੇਂ’ ’ਚ ਦਿਵਯੰਕਾ ਤ੍ਰਿਪਾਠੀ ਦੀ ਛੋਟੀ ਭੈਣ ਦਾ ਕਿਰਦਾਰ ਨਿਭਾਉਣ ਵਾਲੀ ਮਿਹਿਕਾ ਵਰਮਾ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ ਸੀ। ਸ਼ੋਅ ਦੌਰਾਨ ਉਸ ਨੂੰ ਇਕ ਐਨਆਰਆਈ ਨਾਲ ਪਿਆਰ ਹੋ ਗਿਆ ਅਤੇ ਉਸ ਨੇ ਵਿਆਹ ਕਰਵਾ ਲਿਆ ਅਤੇ ਅਮਰੀਕਾ ਸ਼ਿਫਟ ਹੋ ਗਈ। ਇਸ ਤੋਂ ਬਾਅਦ ਮਿਹਿਕਾ ਨੇ ਐਕਟਿੰਗ ਨੂੰ ਅਲਵਿਦਾ ਕਹਿ ਦਿੱਤਾ



# ਪੰਜਾਬੀਅਤ ਦੀ ਸ਼ਾਨ ਸੁਰਿੰਦਰ ਛਿੰਦਾ

ਸੁਰਿੰਦਰ ਛਿੰਦਾ ਪੰਜਾਬੀ ਸੰਗੀਤ ਜਗਤ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਸਰਗਰਮ ਹੈ । ਉਹ ਲੋਕ ਰੰਗ, ਸੱਭਿਆਚਾਰਕ, ਲੋਕ ਗਾਥਾਵਾਂ ਤੇ ਪਰਿਵਾਰਕ ਰਿਸ਼ਤਿਆਂ ਦੇ ਰੰਗ ਵਿੱਚ ਰੰਗੇ ਚੁਲਬੁਲੇ ਦੋਗਾਣਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੁਰਿੰਦਰ ਛਿੰਦਾ ਆਪਣੇ ਸਮਕਾਲੀ ਗਾਇਕਾਂ ਮੁਹੰਮਦ ਸਦੀਕ, ਕੁਲਦੀਪ ਮਾਣਕ, ਕਰਤਾਰ ਰਮਲਾ, ਕਰਨੈਲ ਗਿੱਲ, ਦੀਦਾਰ ਸੰਧੂ, ਜਸਵੰਤ ਸੰਦੀਲਾ, ਕੇ. ਦੀਪ, ਜਗਮੋਹਨ ਕੌਰ, ਗੁਰਮੀਤ ਬਾਵਾ, ਨਰਿੰਦਰ ਬੀਬਾ ਤੇ ਹਾਕਮ ਬਖਤੜੀ ਵਾਲਾ ਵਰਗੇ ਅਨੇਕਾਂ ਹੀ ਹੋਰ ਕਲਾਕਾਰਾਂ ਵਿਚੋਂ ਸਿਰਕੱਢਵਾਂ ਗਵੱਈਆ ਹੈ। ਖੁੱਲ੍ਹੇ-ਡੁੱਲ੍ਹੇ ਸਰੀਰ ਵਾਲਾ ਸੁਰਿੰਦਰ ਛਿੰਦਾ ਜਦੋਂ ਚੌੜੀ ਛਾਤੀ ਤਾਣ ਸਟੇਜ ’ਤੇ ਆਪਣੀਆਂ ਸੁਰ ਕਲਾਵਾਂ ਨੂੰ ਛੇੜਦਾ ਹੈ ਤਾਂ ਉਹ ਪੰਡਾਲ ਵਿੱਚ ਬੈਠੇ ਸਰੋਤਿਆਂ ਨੂੰ ਝੂਮਣ ਲਾ ਦਿੰਦਾ ਹੈ।



ਆਪਣੀ ਗਾਇਕੀ ਦਾ ਇਤਿਹਾਸ ਸਿਰਜਣ ਵਾਲੇ ਸੁਰਿੰਦਰ ਛਿੰਦੇ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਛੋਟੀ ਅਯਾਲੀ ਦੇ ਰਹਿਣ ਵਾਲੇ ਮਿਸਤਰੀ ਪਿਤਾ ਬਚਨ ਰਾਮ ਅਤੇ ਮਾਤਾ ਵਿਦਿਆਵਤੀ ਦੇ ਘਰ 20 ਮਈ 1953 ਨੂੰ ਹੋਇਆ। ਆਪਣੇ ਸ਼ੌਕ ਦੀ ਪੂਰਤੀ ਲਈ ਉਸ ਨੇ ਸੰਗੀਤ ਜਗਤ ਦੇ ਉਸਤਾਦ ਮੰਨੇ ਜਾਣ ਵਾਲੇ ਸੰਗੀਤਕ ਗੁਰੂ ਜਨਾਬ ਜਸਵੰਤ ਭੰਵਰਾ ਨੂੰ ਆਪਣਾ ਮੁਰਸ਼ਦ ਧਾਰ ਕੇ ਸੰਗੀਤ ਦੀਆਂ ਬਾਰੀਕੀਆਂ ਨੂੰ ਸਿੱਖਿਆ। ਲੰਮੀ ਮਿਹਨਤ-ਮੁਸ਼ੱਕਤ ਤੋਂ ਬਾਅਦ ਜਦੋਂ ਉਸਤਾਦ ਰੂਪੀ ਮਾਲੀ ਨੂੰ ਆਪਣੇ ਬੂਟੇ ’ਤੇ ਸੰਗੀਤਕ ਕਲਾਵਾਂ ਦਾ ਬੂਰ ਨਜ਼ਰ ਆਉਣ ਲੱਗਿਆ ਤਾਂ ਉਸ ਨੂੰ ਆਪਣੇ ਆਸ਼ੀਰਵਾਦ ਦਾ ਪਾਣੀ ਪਾ ਵਿਸ਼ਾਲ ਰੁੱਖ ਬਣਨ ਲਈ ਸੰਗੀਤ ਦੇ ਵਿਹੜੇ ਲਾ ਦਿੱਤਾ। ਸਮੇਂ ਦੇ ਨਾਲ ਸੰਗੀਤ ਦਾ ਇਹ ਬੂਟਾ ਆਸਾਂ ਦੀ ਜ਼ਮੀਨ ਵਿੱਚ ਆਪਣੀ ਕਾਮਯਾਬੀ ਦੀਆਂ ਜੜ੍ਹਾਂ ਨੂੰ ਮਿਹਨਤ ਦੇ ਹਲ ਨਾਲ ਹੋਰ ਡੂੰਘਾਈ ਵਿੱਚ ਲਾਉਂਦਾ ਗਿਆ ਤੇ ਆਖ਼ਰਕਾਰ ਸੰਗੀਤ ਦੇ ਪਿੜ ਵਿਚੋਂ ਸ਼ਬਦ ਅਤੇ ਆਵਾਜ਼ ਦੇ ਸੁਮੇਲ ਨਾਲ ‘ਉੱਚਾ ਬੁਰਜ ਲਾਹੌਰ ਦਾ’ ਨਾਂ ਦੀ ਅਜਿਹੀ ਹਨੇਰੀ ਆਈ, ਜਿਸ ਨੇ ਗਾਇਕੀ ਦੇ ਸੰਘਣੇ ਰੁੱਖਾਂ ਦੀਆਂ ਜੜ੍ਹਾਂ ਤੱਕ ਹਿਲਾ ਦਿੱਤੀਆਂ।

ਸੁਰਿੰਦਰ ਛਿੰਦੇ ਨੇ ਪੰਜਾਬੀ ਸੰਗੀਤ ਤੋਂ ਇਲਾਵਾ ਫਿਲਮਾਂ ’ਚ ਵੀ ਆਪਣੇ ਧੜੱਲੇਦਾਰ ਅਭਿਨੈ ਨਾਲ ਅਦਾਕਾਰੀ ਦੀ ਅਜਿਹੀ ਵੱਖਰੀ ਛਾਪ ਛੱਡੀ ਹੈ ਕਿ ਉਸ ਦੇ ਸਿਰਜੇ ਇਤਿਹਾਸ ਨੂੰ ਸੁਨਹਿਰੀ ਅੱਖਰਾਂ ’ਚ ਲਿਸ਼ਕਾ ਰਹੀ ਹੈ। ਉਸ ਦੀ ਅਦਾਕਾਰੀ ਨਾਲ ਸਜੀਆਂ ਫਿਲਮਾਂ ’ਚ ‘ਪੁੱਤ ਜੱਟਾਂ ਦੇ’, ‘ਉੱਚਾ ਦਰ ਬਾਬੇ ਨਾਨਕ ਦਾ’, ‘ਬਦਲਾ ਜੱਟੀ ਦਾ’, ‘ਜੱਟ ਜਿਊਣਾ ਮੌੜ’, ‘ਬਗ਼ਾਵਤ’, ‘ਹੰਕਾਰ’, ‘ਚੜ੍ਹਦਾ ਸੂਰਜ’, ‘ਟਰੱਕ ਡਰਾਈਵਰ’, ‘ਜੱਟ ਪੰਜਾਬ ਦਾ’ ਅਤੇ ‘ਜੱਟ ਯੋਧੇ’ ਅਤੇ ਹੋਰ ਸ਼ਾਮਲ ਹਨ। ਉਸ ਨੇ ਦੇਵ ਥਰੀਕਿਆਂ ਵਾਲਾ, ਜੱਗਾ ਗਿੱਲ ਨੱਥੋ ਹੇੜੀ ਵਾਲਾ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਹਾਕਮ ਬਖਤੜੀ ਵਾਲਾ, ਸੇਵਾ ਨੌਰਥ, ਸਨਮੁੱਖ ਆਜ਼ਾਦ, ਕਰਨੈਲ ਸਿਵੀਆ, ਅਮਰੀਕ ਸਿੰਘ ਤਲਵੰਡੀ, ਬਚਨ ਬੇਦਿਲ ਜਿਹੀਆਂ ਪੁਰਾਣੀਆਂ ਕਲਮਾਂ ਤੋਂ ਲੈ ਕੇ ਅਜੋਕੇ ਦੌਰ ਵਿੱਚ ਭੱਟੀ ਭੜੀਵਾਲਾ, ਕਾਲਾ ਸੰਘਿਆਂ ਵਾਲਾ, ਜਸਵੀਰ ਗੁਣਾਚੌਰੀਆ, ਬਿੱਟੂ ਦੌਲਤਪੁਰੀਆ ਨੂੰ ਗਾਉਣ ਦਾ ਮਾਣ ਹਾਸਲ ਕਰ ਰਿਹਾ ਹੈ। ਅਜੋਕੇ ਗਾਇਕਾਂ ਨੂੰ ਉਸ ਤੋਂ ਸੇਧ ਲੈਣ ਦੀ ਲੋੜ ਹੈ।

ਪੰਜਾਬੀ ਗਾਇਕੀ ਦਾ ਇਹ ਸ਼ਾਹ ਅਸਵਾਰ ਗਾਇਕ ਅੱਜ ਵੀ ਸੰਗੀਤ ਦੇ ਬਦਲਵੇਂ ਦੌਰ ’ਚ ਸੱਭਿਆਚਾਰ ਦੇ ਮੈਦਾਨ ਵਿੱਚ ਡਟ ਕੇ ਪੰਜਾਬੀਅਤ ਦੇ ਝੰਡੇ ਨੂੰ ਬੁਲੰਦ ਕਰ ਰਿਹਾ ਹੈ। ਪਰਮਾਤਮਾ ਕਰੇ ਪੰਜਾਬੀ ਗਾਇਕੀ ਦਾ ਇਹ ਸਪੂਤ ਆਪਣੀ ਦਹਾਕੜ ਆਵਾਜ਼ ਨਾਲ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰਦਾ ਹੋਇਆ ਲੋਕ ਗੀਤਾਂ ਜਿੰਨੀ ਉਮਰ ਮਾਣਦਾ ਰਹੇ।

**ਹਿੱਟ ਗੀਤਾਂ ਨਾਲ ਬਣਿਆ ਸਿਰਮੌਰ ਗਾਇਕ**

ਜੇ ਸੁਰਿੰਦਰ ਛਿੰਦੇ ਦੇ ਗੀਤਾਂ ਦੀ ਗੱਲ ਕਰੀਏ ਤਾਂ ਉਸ ਨੇ ਇੱਕ ਨਹੀਂ, ਦੋ ਨਹੀਂ ਸਗੋਂ ਸੈਂਕੜਿਆਂ ਦੀ ਤਾਦਾਦ ’ਚ ਗੀਤ ਰਿਕਾਰਡ ਕਰਵਾ ਕੇ ਆਪਣੇ ਨਾਂ ਦੀ ਵੱਖਰੀ ਮਿਸਾਲ ਕਾਇਮ ਕੀਤੀ। ਉਸ ਦੇ ਦਰਜਨਾਂ ਹਿੱਟ ਗੀਤਾਂ ਨੇ ਮੱਲੋ-ਮੱਲੀ ਉਸ ਨੂੰ ਸਿਰਮੌਰ ਗਾਇਕ ਦਾ ਖ਼ਿਤਾਬ ਦਿਵਾ ਦਿੱਤਾ ਜਿਵੇਂ



‘ਉੱਚਾ ਬੁਰਜ ਲਾਹੌਰ ਦਾ’
‘ਜੱਟ ਮਿਰਜ਼ਾ ਖਰਲਾਂ ਦਾ’
‘ਪੁੱਤ ਜੱਟਾਂ ਦੇ’
‘ਰੱਖ ਲੈ ਕਲੀਂਡਰ ਯਾਰਾ’
‘ਦੋ ਊਠਾਂ ਵਾਲੇ’
‘ਤਾਰਾ ਰਾਣੀ’
‘ਇਹ ਮਿੱਤ ਕਿਸੇ ਦਾ ਨਾ’
‘ਨੈਣਾਂ ਦੇ ਵਣਜਾਰੇ’
‘ਜਿਊਣਾ ਮੌੜ’
‘ਤੀਆਂ ਲੌਂਗੋਵਾਲ ਦੀਆਂ’
‘ਰਾਮ ਕੌਰ’
‘ਜੱਗਾ ਜੱਟ’
‘ਮੈਂ ਨਾ ਅੰਗਰੇਜ਼ੀ ਜਾਣਦੀ’
‘ਦਿੱਲੀ ਸ਼ਹਿਰ ਦੀਆਂ ਕੁੜੀਆਂ’
‘ਗੱਲਾਂ ਸੋਹਣੇ ਯਾਰ ਦੀਆਂ’
‘ਬਾਬਿਆਂ ਦੇ ਚੱਲ ਚੱਲੀਏ’
‘ਮੈਂ ਡਿੱਗੀ ਤਿਲਕ ਕੇ’
‘ਇੱਕ ਮਹੀਨਾ ਜੇਠ ਦਾ’
‘ਗੱਡੀ ਦੇ ਸਿਲੰਡਰ ਦੀ’
‘ਜੰਨ ਚੜ੍ਹੀ ਅਮਲੀ ਦੀ’
‘ਮੁੰਡੇ ਕਹਿਣ ਮਿਸ ਇੰਡੀਆ’
ਅਤੇ ਅਨੇਕਾਂ ਹੋਰ ਗੀਤ।

**ਝੋਲੀ ਪਏ ਕਈ ਸਨਮਾਨ**

ਆਪਣੀ ਗਾਇਕੀ ਦਾ ਲੰਬਾ ਸਫ਼ਰ ਤੈਅ ਕਰਦਿਆਂ ਮਾਂ-ਬੋਲੀ ਪੰਜਾਬੀ ਦੇ ਸੱਭਿਆਚਾਰਕ ਸ਼ੇਰ ਸੁਰਿੰਦਰ ਛਿੰਦਾ ਨੇ ਆਪਣੀ ਦਹਾਕੜ ਆਵਾਜ਼ ਨਾਲ ਦੇਸ਼-ਵਿਦੇਸ਼ ਦੀ ਧਰਤੀ ’ਤੇ ਅਨੇਕਾਂ ਮਾਣ- ਸਨਮਾਨ ਪ੍ਰਾਪਤ ਕਰ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਕੱਦ ਨੂੰ ਉੱਚਾ ਕੀਤਾ। ਧਰੂ ਤਾਰੇ ਵਾਂਗ ਚਮਕਦਾ ਹੋਇਆ ਸੁਰਿੰਦਰ ਛਿੰਦੇ ਦਾ ਨਾਂ ਉਦੋਂ ਹੋਰ ਵੀ ਸੁਨਹਿਰੀ ਲਿਸ਼ਕ ਬਿਖੇਰਨ ਲੱਗਿਆ ਜਦੋਂ ਪੰਜਾਬ ਸਰਕਾਰ ਨੇ ਉਸ ਨੂੰ ਸ਼੍ਰੋਮਣੀ ਗਾਇਕ ਦੇ ਐਵਾਰਡ ਨਾਲ ਨਿਵਾਜ ਕੇ ਇਸ ਦੇ ਗਾਇਕੀ ਦੇ ਇਤਿਹਾਸ ਨੂੰ ਸੁਨਹਿਰੀ ਹਰਫ਼ਾਂ ਵਿੱਚ ਪਰੋ ਦਿੱਤਾ।

# ਖੇਡਾਂ 'ਚ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਕਾਰਗੁਜ਼ਾਰੀ

## ਸ਼ਾਨਾਮੱਤਾ ਹੈ 1947 ਤੋਂ ਲੈ ਕੇ ਹੁਣ ਤਕ ਭਾਰਤ ਦਾ ਖੇਡਾਂ 'ਚ ਸਫ਼ਰ



ਭਾਰਤ ਨੇ ਆਜ਼ਾਦੀ ਤੋਂ ਬਾਅਦ ਖੇਡਾਂ ਦੇ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ। ਜਿਸ ਵਿੱਚ ਏਸ਼ੀਆਈ ਖੇਡਾਂ, ਰਾਸ਼ਟਰ ਮੰਡਲ ਖੇਡਾਂ ਅਤੇ ਕ੍ਰਿਕਟ ਵਿਸ਼ਵ ਕੱਪ ਦੀ ਮੇਜ਼ਬਾਨੀ ਸ਼ਾਮਲ ਹੈ।ਅਜਿਹੇ 'ਚ ਭਾਰਤੀ ਖਿਡਾਰੀਆਂ ਨੇ ਵੀ ਸਮੇਂ-ਸਮੇਂ 'ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ। 1983 ਵਿੱਚ ਭਾਰਤ ਨੇ ਲਾਰਡਜ਼ ਦੇ ਮੈਦਾਨ ਵਿੱਚ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ ਸੀ, ਜਦਕਿ ਪਿਛਲੀਆਂ ਉਲੰਪਿਕ ਖੇਡਾਂ ਵਿੱਚ ਵੀ ਝੰਡਾ ਬੁਲੰਦ ਕੀਤਾ ਸੀ।

**ਲੰਡਨ ਉਲੰਪਿਕ (1948) ਵਿੱਚ ਹਾਕੀ ਵਿੱਚ ਗੋਲਡ ਮੈਡਲ**

ਭਾਰਤੀ ਪੁਰਸ਼ ਹਾਕੀ ਟੀਮ ਨੇ ਆਜ਼ਾਦੀ ਤੋਂ ਪਹਿਲਾਂ ਤਿੰਨ ਵਾਰ ਉਲੰਪਿਕ ਵਿੱਚ ਸੋਨ ਤਗਮਾ ਜਿੱਤਿਆ ਸੀ, ਪਰ ਆਜ਼ਾਦੀ ਤੋਂ ਬਾਅਦ, ਟੀਮ ਨੇ 1948 ਲੰਡਨ ਉਲੰਪਿਕ ਵਿੱਚ ਇੰਗਲੈਂਡ ਨੂੰ 2-1 ਨਾਲ ਹਰਾ ਕੇ ਸੋਨ ਤਗਮਾ ਜਿੱਤਿਆ।

**ਏਸ਼ੀਅਨ ਖੇਡਾਂ ਦੀ ਮੇਜ਼ਬਾਨੀ (1951)**

ਭਾਰਤ ਨੇ 1951 ਵਿੱਚ ਪਹਿਲੀ ਵਾਰ ਏਸ਼ਿਆਈ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਆਜ਼ਾਦੀ ਤੋਂ ਬਾਅਦ ਇਹ ਪਹਿਲਾ ਵੱਡਾ ਟੂਰਨਾਮੈਂਟ ਸੀ ਜੋ ਭਾਰਤ ਵਿੱਚ ਆਯੋਜਿਤ ਕੀਤਾ ਗਿਆ ਸੀ। ਏਸ਼ਿਆਈ ਖੇਡਾਂ 4 ਤੋਂ 11 ਮਾਰਚ ਤੱਕ ਨਵੀਂ ਦਿੱਲੀ ਵਿੱਚ ਹੋਈਆਂ।ਅੱਠ ਖੇਡਾਂ ਵਿੱਚ 57 ਈਵੈਂਟ ਹੋਏ ਅਤੇ ਕੁੱਲ 489 ਐਥਲੀਟਾਂ ਨੇ ਇਸ ਵਿੱਚ ਭਾਗ ਲਿਆ।

**ਭਾਰਤੀ ਫੁੱਟਬਾਲ ਟੀਮ ਨੇ ਏਸ਼ੀਅਨ ਖੇਡਾਂ (1951) ਵਿੱਚ ਸੋਨ ਤਮਗਾ ਜਿੱਤਿਆ।**

ਅੱਜ ਭਾਰਤੀ ਪੁਰਸ਼ ਫੁੱਟਬਾਲ ਟੀਮ ਦੀ ਹਾਲਤ ਭਾਵੇਂ ਬਹੁਤੀ ਬਿਹਤਰ ਨਾ ਹੋਵੇ ਪਰ 1951 ਦੇ ਦੌਰ ਵਿੱਚ ਇਸ ਟੀਮ ਨੇ ਏਸ਼ਿਆਈ ਖੇਡਾਂ ਵਿੱਚ ਸੋਨ ਤਗਮਾ ਜਿੱਤਿਆ ਸੀ। ਟੀਮ ਨੇ ਇਸ ਪ੍ਰਦਰਸ਼ਨ ਨੂੰ 1962 ਵਿੱਚ ਵੀ ਦੁਹਰਾਇਆ।

ਕੇਡੀ ਜਾਧਵ ਆਜ਼ਾਦ ਭਾਰਤ ਵਿੱਚ ਵਿਅਕਤੀਗਤ ਤੌਰ 'ਤੇ ਉਲੰਪਿਕ ਵਿੱਚ ਤਮਗਾ ਜਿੱਤਣ ਵਾਲਾ ਪਹਿਲਾ ਭਾਰਤੀ ਖਿਡਾਰੀ ਸੀ। ਜਾਧਵ ਨੇ 1952 ਦੇ ਹੇਲਸਿੰਕੀ ਉਲੰਪਿਕ ਵਿੱਚ ਫ੍ਰੀ ਸਟਾਈਲ ਕੁਸ਼ਤੀ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਇਹ ਕੁਸ਼ਤੀ ਵਿੱਚ ਭਾਰਤ ਦਾ ਪਹਿਲਾ ਉਲੰਪਿਕ ਤਮਗਾ ਵੀ ਸੀ।

ਭਾਰਤ ਦਾ ਕੋਈ ਵੀ ਖਿਡਾਰੀ ਵਿੰਬਲਡਨ ਟੈਨਿਸ ਗ੍ਰੈਂਡ ਸਲੈਮ ਦੇ ਪੁਰਸ਼ ਸਿੰਗਲਜ਼ ਵਰਗ ਵਿੱਚ ਰਾਮਨਾਥਨ ਕ੍ਰਿਸ਼ਨਨ ਵਾਂਗ ਅੱਗੇ ਨਹੀਂ ਵਧਿਆ ਹੈ। ਰਾਮਨਾਥਨ 1960 ਅਤੇ 1961 ਵਿੱਚ ਵਿੰਬਲਡਨ ਦੇ ਸੈਮੀਫਾਈਨਲ ਵਿੱਚ ਪਹੁੰਚੇ ਸਨ।

**ਹਾਕੀ ਵਿਸ਼ਵ ਕੱਪ (1975) ਵਿੱਚ ਗੋਲਡ ਜਿੱਤਿਆ**

ਭਾਰਤੀ ਪੁਰਸ਼ ਹਾਕੀ ਟੀਮ ਨੇ ਮਲੇਸ਼ੀਆ ਦੇ ਕੁਆਲਾਲੰਪੁਰ ਵਿੱਚ ਹੋਏ 1975 ਦੇ ਹਾਕੀ ਵਿਸ਼ਵ ਕੱਪ ਵਿੱਚ ਸੋਨ ਤਗਮਾ ਜਿੱਤਿਆ ਸੀ। ਇਹ ਪੁਰਸ਼ ਹਾਕੀ ਵਿਸ਼ਵ ਕੱਪ ਦਾ ਤੀਜਾ ਐਡੀਸ਼ਨ ਸੀ ਅਤੇ ਭਾਰਤ ਨੇ ਫਾਈਨਲ ਵਿੱਚ ਪਾਕਿਸਤਾਨ ਨੂੰ ਗੋਲ ਦੇ ਅੰਤਰ ਨਾਲ 2-1 ਨਾਲ ਹਰਾਇਆ। ਭਾਰਤ ਲਈ ਸੁਰਜੀਤ ਸਿੰਘ ਅਤੇ ਅਸ਼ੋਕ ਕੁਮਾਰ ਨੇ ਗੋਲ ਕੀਤੇ।

**ਪਹਿਲੀ ਵਾਰ ਕ੍ਰਿਕਟ ਵਿਸ਼ਵ ਕੱਪ ਜਿੱਤਿਆ (1983)**

ਭਾਰਤੀ ਕ੍ਰਿਕਟ ਟੀਮ ਨੇ ਪਹਿਲੀ ਵਾਰ 1983 ਵਿੱਚ ਕਪਿਲ ਦੇਵ ਦੀ ਕਪਤਾਨੀ ਵਿੱਚ ਵਿਸ਼ਵ ਕੱਪ ਜਿੱਤਿਆ ਸੀ। ਇਸ ਟੂਰਨਾਮੈਂਟ ਵਿੱਚ ਅੱਠ ਦੇਸ਼ਾਂ ਨੇ ਭਾਗ ਲਿਆ ਅਤੇ ਭਾਰਤ ਨੇ ਫਾਈਨਲ ਵਿੱਚ ਵੈਸਟਇੰਡੀਜ਼ ਨੂੰ ਹਰਾ ਕੇ ਵਿਸ਼ਵ ਕੱਪ ਦਾ ਖਿਤਾਬ ਜਿੱਤ ਕੇ ਇਤਿਹਾਸ ਰਚਿਆ।

ਪਹਿਲੀ ਵਾਰ ਟੀ-20 ਵਿਸ਼ਵ ਕੱਪ ਖਿਤਾਬ (2007)

ਮਹਿੰਦਰ ਸਿੰਘ ਧੋਨੀ ਦੀ ਅਗਵਾਈ ਵਾਲੀ ਭਾਰਤ ਦੀ ਯੁਵਾ ਟੀਮ ਨੇ ਦੱਖਣੀ ਅਫ਼ਰੀਕਾ ਵਿੱਚ ਪਹਿਲਾ ਟੀ-20 ਵਿਸ਼ਵ ਕੱਪ ਖਿਤਾਬ ਜਿੱਤਿਆ। ਉਸ ਸਮੇਂ ਇਹ ਕ੍ਰਿਕਟ ਦਾ ਨਵਾਂ ਫਾਰਮੈਟ ਸੀ, ਜਿਸ ਦੇ ਖ਼ਿਤਾਬੀ ਮੈਚ ਵਿੱਚ ਭਾਰਤ ਨੇ ਕੱਟੜ ਵਿਰੋਧੀ ਪਾਕਿਸਤਾਨ ਨੂੰ ਹਰਾਇਆ ਸੀ।

**ਇੰਡੀਅਨ ਪ੍ਰੀਮੀਅਰ ਲੀਗ ਦੀ ਸ਼ੁਰੂਆਤ (2008)**

ਭਾਰਤੀ ਕ੍ਰਿਕਟ ਕੰਟਰੋਲ ਬੋਰਡ (2339) ਨੇ 2008 ਵਿੱਚ ਇੰਡੀਅਨ ਪ੍ਰੀਮੀਅਰ ਲੀਗ ਦੀ ਸ਼ੁਰੂਆਤ ਕੀਤੀ ਸੀ। ਇਹ ਫ੍ਰੈਂਚਾਈਜ਼ਡ ਟੀਮਾਂ ਦੀ ਇੱਕ ਲੀਗ ਹੈ ਜਿਸ ਨੇ ਨਾ ਸਿਰਫ਼ ਭਾਰਤ ਵਿੱਚ ਸਗੋਂ ਦੁਨੀਆ ਵਿੱਚ ਡੂੰਘੀ ਛਾਪ ਛੱਡੀ ਹੈ।ਆਈਪੀਐਲ ਵਿੱਚ ਭਾਰਤ ਅਤੇ ਦੁਨੀਆ ਭਰ ਦੇ ਮਹਾਨ ਕ੍ਰਿਕਟਰਾਂ ਦੇ ਨਾਲ-ਨਾਲ ਦੇਸ਼ ਦੇ ਉੱਭਰਦੇ ਖਿਡਾਰੀ ਖੇਡਦੇ ਹਨ ਅਤੇ ਇਹ ਲੀਗ ਕ੍ਰਿਕਟ ਦੀ ਸਭ ਤੋਂ ਸਫਲ ਲੀਗ ਵਿੱਚੋਂ ਇੱਕ ਹੈ।ਇਸ ਦੇ ਪਹਿਲੇ ਐਡੀਸ਼ਨ ਦਾ ਖਿਤਾਬ ਰਾਜਸਥਾਨ ਰਾਇਲਜ਼ ਨੇ ਜਿੱਤਿਆ ਸੀ, ਜਦਕਿ ਇਸ ਲੀਗ ਦੀ ਸਭ ਤੋਂ ਸਫਲ ਟੀਮ ਮੁੰਬਈ ਇੰਡੀਅਨਜ਼ ਹੈ, ਜਿਸ ਨੇ ਪੰਜ ਵਾਰ ਇਸ ਟੂਰਨਾਮੈਂਟ ਦਾ ਖਿਤਾਬ ਜਿੱਤਿਆ ਹੈ।

**ਪਹਿਲਾ ਵਿਅਕਤੀਗਤ ਸੋਨ ਤਗਮਾ**

ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ 2008 ਬੀਜਿੰਗ ਉਲੰਪਿਕ ਵਿੱਚ ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਸੀ। ਉਹ ਉਲੰਪਿਕ ਵਿੱਚ ਇੱਕ ਵਿਅਕਤੀਗਤ ਈਵੈਂਟ ਵਿੱਚ ਸੋਨ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਖਿਡਾਰੀ ਬਣਿਆ। ਅਭਿਨਵ ਦੇ ਇੱਕ ਸੋਨ ਤਗਮੇ ਤੋਂ ਇਲਾਵਾ ਭਾਰਤ ਨੇ ਬੀਜਿੰਗ ਉਲੰਪਿਕ ਵਿੱਚ ਦੋ ਕਾਂਸੀ ਦੇ ਤਗਮੇ ਵੀ ਜਿੱਤੇ ਸਨ।

**ਰਾਸ਼ਟਰ ਮੰਡਲ ਖੇਡਾਂ (2010)**

ਰਾਸ਼ਟਰ ਮੰਡਲ ਖੇਡਾਂ ਵਰਗੇ ਬਹੁ-ਰਾਸ਼ਟਰੀ ਟੂਰਨਾਮੈਂਟ ਪਹਿਲੀ ਵਾਰ ਭਾਰਤ ਵਿੱਚ ਆਯੋਜਿਤ ਕੀਤੇ ਗਏ ਸਨ। ਇਹ ਟੂਰਨਾਮੈਂਟ ਨਵੀਂ ਦਿੱਲੀ ਵਿੱਚ 3 ਤੋਂ 14 ਅਕਤੂਬਰ ਤੱਕ ਕਰਵਾਇਆ ਗਿਆ ਸੀ। ਇਸ ਵਿੱਚ ਕੁੱਲ 6081 ਐਥਲੀਟਾਂ ਨੇ ਭਾਗ ਲਿਆ।ਮੇਜ਼ਬਾਨ ਭਾਰਤ ਨੇ 38 ਸੋਨੇ ਸਮੇਤ ਕੁੱਲ 101 ਤਗਮੇ ਜਿੱਤੇ ਅਤੇ ਪਹਿਲੀ ਵਾਰ ਮੈਡਲ ਸੂਚੀ ਵਿੱਚ ਦੂਜੇ ਸਥਾਨ 'ਤੇ ਰਿਹਾ।





**ਦੂਜੀ ਵਾਰ ਕ੍ਰਿਕਟ ਵਿਸ਼ਵ ਕੱਪ ਜਿੱਤਿਆ (2011)**

ਭਾਰਤ ਨੇ 28 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਮਹਿੰਦਰ ਸਿੰਘ ਧੋਨੀ ਦੀ ਅਗਵਾਈ ਵਿੱਚ ਇੱਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ ਜਿੱਤਿਆ। ਭਾਰਤ ਨੇ ਫਾਈਨਲ ਵਿੱਚ ਸ੍ਰੀਲੰਕਾ ਨੂੰ ਛੇ ਵਿਕਟਾਂ ਨਾਲ ਹਰਾ ਕੇ ਖ਼ਿਤਾਬ ਜਿੱਤਿਆ। ਇਹ ਵਿਸ਼ਵ ਕੱਪ ਕਈ ਤਰ੍ਹਾਂ ਨਾਲ ਮਹੱਤਵਪੂਰਨ ਸੀ। ਇਸ ਦੀ ਮੇਜ਼ਬਾਨੀ ਭਾਰਤ, ਸ੍ਰੀਲੰਕਾ ਅਤੇ ਬੰਗਲਾਦੇਸ਼ ਨੇ ਸਾਂਝੇ ਤੌਰ 'ਤੇ ਕੀਤੀ ਸੀ ਅਤੇ ਫਾਈਨਲ ਮੈਚ ਮੁੰਬਈ ਦੇ ਵਾਨਖੇੜੇ ਸਟੇਡੀਅਮ 'ਚ ਖੇਡਿਆ ਗਿਆ ਸੀ। ਇਹ ਭਾਰਤ ਦੇ ਮਹਾਨ ਕ੍ਰਿਕਟਰਾਂ ਵਿੱਚੋਂ ਇੱਕ ਸਚਿਨ ਤੇਂਦੁਲਕਰ ਦਾ ਆਖਰੀ ਵਿਸ਼ਵ ਕੱਪ ਵੀ ਸੀ।

**ਚੈਂਪੀਅਨਜ਼ ਟਰਾਫੀ ਖਿਤਾਬ (2013)**

ਆਈਸੀਸੀ ਚੈਂਪੀਅਨਜ਼ ਟਰਾਫੀ 2013 ਇੰਗਲੈਂਡ ਅਤੇ ਵੇਲਜ਼ ਵਿੱਚ ਆਯੋਜਿਤ ਕੀਤੀ ਗਈ ਸੀ। ਭਾਰਤ ਨੇ ਆਪਣੇ ਫਾਈਨਲ ਵਿੱਚ ਮੇਜ਼ਬਾਨ ਇੰਗਲੈਂਡ ਨੂੰ ਪੰਜ ਦੌੜਾਂ ਨਾਲ ਹਰਾ ਕੇ ਟੂਰਨਾਮੈਂਟ ਦਾ ਖ਼ਿਤਾਬ ਜਿੱਤਿਆ। ਇਹ ਭਾਰਤ ਦਾ ਦੂਜਾ ਚੈਂਪੀਅਨਸ ਟਰਾਫੀ ਖਿਤਾਬ ਸੀ। ਇਸ ਦੇ ਨਾਲ, ਤਤਕਾਲੀ ਭਾਰਤੀ ਕਪਤਾਨ ਮਹਿੰਦਰ ਸਿੰਘ ਧੋਨੀ ਇਕਲੌਤੇ ਭਾਰਤੀ ਕਪਤਾਨ ਬਣ ਗਏ ਜਿਨ੍ਹਾਂ ਦੀ ਅਗਵਾਈ ਵਿੱਚ ਭਾਰਤ ਨੇ ਆਈਸੀਸੀ ਦੇ ਤਿੰਨੋਂ ਟੂਰਨਾਮੈਂਟ ਜਿੱਤੇ ਸਨ।

**ਅੰਡਰ-17 ਫੀਫਾ ਵਿਸ਼ਵ ਕੱਪ (2017)**

ਭਾਰਤ ਨੇ 2017 ਵਿੱਚ ਪੁਰਸ਼ਾਂ ਦੇ ਅੰਡਰ-17 ਫੁੱਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਸੀ। ਇਹ ਟੂਰਨਾਮੈਂਟ 6 ਤੋਂ 28 ਅਕਤੂਬਰ ਤੱਕ ਕਰਵਾਇਆ ਗਿਆ ਸੀ। ਇਹ ਪਹਿਲੀ ਵਾਰ ਸੀ ਜਦੋਂ ਭਾਰਤ ਨੇ ਫੀਫਾ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ ਸੀ।

**ਪੀਵੀ ਸਿੰਧੂ ਬਣੀ ਵਿਸ਼ਵ ਚੈਂਪੀਅਨ (2019)**

ਭਾਰਤ ਦੀ ਸਟਾਰ ਮਹਿਲਾ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਨੇ ਬਾਸੇਲ ਵਿੱਚ 2019 ਵਿਸ਼ਵ ਚੈਂਪੀਅਨਸ਼ਿਪ ਵਿੱਚ ਮਹਿਲਾ ਸਿੰਗਲਜ਼ ਦਾ ਖਿਤਾਬ ਜਿੱਤਿਆ। ਉਹ ਬੈਡਮਿੰਟਨ ਵਿਸ਼ਵ ਚੈਂਪੀਅਨ ਬਣਨ ਵਾਲੀ ਦੇਸ਼ ਦੀ ਪਹਿਲੀ ਅਤੇ ਇਕਲੌਤੀ ਖਿਡਾਰਨ ਹੈ। ਇਸ ਤੋਂ ਇਲਾਵਾ ਉਹ ਭਾਰਤ ਦੀ ਦੂਜੀ ਖਿਡਾਰਨ ਹੈ, ਜਿਸ ਨੇ ਉਲੰਪਿਕ ਵਿੱਚ ਦੋ ਤਗਮੇ ਜਿੱਤੇ ਹਨ। ਸਿੰਧੂ 2016 ਰੀਓ ਉਲੰਪਿਕ ਦੀ ਚਾਂਦੀ ਤਮਗਾ ਜੇਤੂ ਅਤੇ 2021 ਟੋਕੀਓ ਉਲੰਪਿਕ ਵਿੱਚ ਕਾਂਸੀ ਤਮਗਾ ਜੇਤੂ ਹੈ।

**ਟੋਕੀਓ ਉਲੰਪਿਕ (2021) ਵਿੱਚ ਚੰਗਾ ਪ੍ਰਦਰਸ਼ਨ**

ਟੋਕੀਓ ਉਲੰਪਿਕ 2021 ਵਿੱਚ ਭਾਰਤੀ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਭਾਰਤ ਨੇ ਉਸ ਉਲੰਪਿਕ ਵਿੱਚ ਕੁੱਲ ਸੱਤ ਤਗਮੇ ਜਿੱਤੇ ਸਨ। ਭਾਰਤ ਨੂੰ ਇਨ੍ਹਾਂ ਖੇਡਾਂ ਵਿੱਚ ਇੱਕ ਸੋਨ, ਦੋ ਚਾਂਦੀ ਅਤੇ ਚਾਰ ਕਾਂਸੀ ਦੇ ਤਗਮੇ ਮਿਲੇ ਹਨ। ਟੋਕੀਓ ਉਲੰਪਿਕ ਵਿੱਚ ਭਾਰਤ ਨੇ ਓਵਰਆਲ ਬਿਹਤਰ ਪ੍ਰਦਰਸ਼ਨ ਕੀਤਾ ਸੀ।

**ਸ਼ਤਰੰਜ ਓਲੰਪੀਆਡ (2022) ਦਾ ਆਯੋਜਨ**

ਭਾਰਤ ਵਿੱਚ ਪਹਿਲੀ ਵਾਰ ਸ਼ਤਰੰਜ ਓਲੰਪੀਆਡ ਦਾ ਆਯੋਜਨ ਕੀਤਾ ਗਿਆ ਸੀ। ਇਹ ਟੂਰਨਾਮੈਂਟ 28 ਜੁਲਾਈ ਤੋਂ 9 ਅਗਸਤ ਤੱਕ ਤਾਮਿਲਨਾਡੂ ਦੇ ਮਾਮੱਲਾਪੁਰਮ ਵਿੱਚ ਹੋਇਆ ਸੀ। ਪਹਿਲਾਂ ਇਸ ਦਾ ਆਯੋਜਨ ਮਾਸਕੋ 'ਚ ਹੋਣਾ ਸੀ ਪਰ ਰੂਸ ਦੇ ਯੂਕਰੇਨ 'ਤੇ ਹਮਲੇ ਕਾਰਨ ਭਾਰਤ ਨੂੰ ਇਸ ਦੀ ਮੇਜ਼ਬਾਨੀ ਕਰਨੀ ਪਈ ਅਤੇ ਭਾਰਤ ਨੇ ਸਫਲਤਾ ਪੂਰਵਕ ਇਸ ਦਾ ਆਯੋਜਨ ਕੀਤਾ।

ਜਿਹੜੇ ਖਿਡਾਰੀਆਂ ਨੇ ਖੇਡ ਵਿੱਚ ਆਪਣੀ ਪਛਾਣ ਬਣਾਈ

**(ਬਾਕੀ ਸਫ਼ਾ 31 'ਤੇ)**









## ਇੱਕ ਅੱਤਵਾਦੀ ਸੀ ਰਿਸ਼ੀ ਸੁਨਕ ਦਾ ਦਾਦਾ

ਅਤੇ ਮਾਓ ਲੜਾਕਿਆਂ ਦੇ ਵਿਰੁੱਧ ਫੌਜੀ ਕਾਰਵਾਈਆਂ ਸ਼ੁਰੂ ਕਰਦੇ ਹੋਏ, ਭਾਰੀ ਤਾਕਤ ਨਾਲ ਜਵਾਬ ਦਿੱਤਾ। ਟਕਰਾਅ ਦੋਵਾਂ ਪਾਸਿਆਂ ਤੋਂ ਬੇਰਹਿਮੀ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੁਆਰਾ ਚਿੰਨ੍ਹਿਤ ਕੀਤਾ ਗਿਆ ਸੀ, ਬ੍ਰਿਟਿਸ਼ ਦੁਆਰਾ ਸਖ਼ਤ ਉਪਾਵਾਂ ਜਿਵੇਂ ਕਿ ਸਮੂਹਿਕ ਨਜ਼ਰਬੰਦੀ, ਤਸ਼ੱਦਦ ਅਤੇ ਫਾਂਸੀ ਦੀ ਵਰਤੋਂ ਕੀਤੀ ਗਈ ਸੀ।

ਇਸ ਰਿਪੋਰਟ ਉੱਤੇ ਬ੍ਰਿਟੇਨ ਦੇ ਉੱਚ ਅਧਿਕਾਰੀਆਂ ਨੇ ਇਹ ਕਹਿ ਕੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਹ ਪ੍ਰਧਾਨ ਮੰਤਰੀ ਨਾਲ ਸਬੰਧਿਤ ਇੱਕ ਨਿੱਜੀ ਮਾਮਲਾ ਹੈ।

***

## ਵਿਦੇਸ਼ਾਂ ਵਿੱਚ ਸਰਗਰਮ ਪੰਥਕ ਜਥੇਬੰਦੀਆਂ ਦਾ ਤੀਜੇ ਘੱਲੂਘਾਰੇ

ਨੂੰਸ ਕਰਨ ਦੇ ਲਈ ਸਿੱਖ ਪਰੰਪਰਾਵਾਂ ਦੀ ਰੌਸ਼ਨੀ ਵਿੱਚ ਗੁਰੂ ਗ੍ਰੰਥ-ਗੁਰੂ ਪੰਥ ਨੂੰ ਪ੍ਰਣਾਏ ਧਿਰਾਂ, ਜਥਿਆਂ ਅਤੇ ਸੇਵਾਦਾਰਾਂ ਵਿੱਚ ਆਪਸੀ ਸਾਂਝ ਵਧਾਉਣਾ ਸਮੇਂ ਦੀ ਮੁੱਖ ਲੋੜ ਹੈ।

ਇਸ ਤਹਿਤ ਅਸੀਂ ਗੁਰੂ ਸਾਹਿਬ ਵੱਲੋਂ ਵਰਸੋਈ ਪੰਜਾਬ ਦੀ ਧਰਤੀ ਉੱਤੇ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ ਚੌੜਾ, ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ ਵਰਗੇ ਜਾਂਬਾਜ਼ ਜੁਝਾਰੂ ਸ਼ਖਸੀਅਤਾਂ ਅਤੇ ਹੋਰ ਉੱਘੇ ਪੰਥ ਸੇਵਕਾਂ ਦੇ ਜਥੇ ਵੱਲੋਂ ਖ਼ਾਲਸਾਈ ਪਰੰਪਰਾਵਾਂ ਅਨੁਸਾਰ ਪੰਥ ਨੂੰ ਸੂਤਰਧਾਰ ਕਰਨ ਅਤੇ ਸਾਂਝੀ ਅਗਵਾਈ ਸਿਰਜਣ ਦੀ ਕਵਾਇਦ ਦਾ ਜ਼ੋਰਦਾਰ ਸਮਰਥਨ ਕਰਦੇ ਹਾਂ। ਜਿਸ ਪ੍ਰਕਾਰ ਇਹ ਨਿਸ਼ਕਾਮ ਸ਼ਖ਼ਸੀਅਤਾਂ ਖਾਲਿਸਤਾਨ ਦੀ ਲਹਿਰ ਨੂੰ ਮੁੜ੍ਹ ਪੱਕੇ ਪੈਰੀਂ ਕਰਨ ਲਈ ਯਤਨਸ਼ੀਲ ਹਨ ਅਸੀਂ ਉਸ ਨਾਲ ਪੂਰਨ ਸਹਿਮਤੀ ਰੱਖਦੇ ਹਾਂ ਅਤੇ ਸਹਿਯੋਗ ਲਈ ਵਚਨਬੱਧ ਹਾਂ।

ਸਿੱਖ ਸੰਘਰਸ਼ ਦੇ ਅਗਲੇ ਪੜਾਅ ਦੀ ਤਿਆਰੀ ਕਰਦਿਆਂ ਖ਼ੁਦਮੁਖ਼ਤਿਆਰ ਮੁਕਾਮੀ ਜਥਿਆਂ ਨੂੰ ਸੂਤਰਬੱਧ ਕਰਨ ਲਈ ਇੱਕ ਮਜ਼ਬੂਤ ਅਤੇ ਸਾਂਝੇ ਧੁਰੇ ਦੀ ਅਤਿਅੰਤ ਲੋੜ ਹੈ। ਪੰਥਕ ਜੁਗਤ ਅਨੁਸਾਰ ਨਿਸ਼ਕਾਮ ਤੌਰ 'ਤੇ ਵਿਚਰਨ ਵਾਲੀ ਸਾਂਝੀ ਅਗਵਾਈ ਸਿਰਜਣ ਦੀ ਪਹਿਲਕਦਮੀ ਨਾਲ ਹੀ ਅਸੀਂ ਹੋਣ ਵਾਲੀ ਵੱਡੀ ਜੰਗ ਲੜਨ ਦੇ ਸਮਰੱਥ ਹੋਵਾਂਗੇ।

***

## ਵਿਸ਼ਵ ਗੱਤਕਾ ਫੈਡਰੇਸ਼ਨ ਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਵੱਲੋਂ

ਟੀਚਾ ਗੱਤਕਾ ਖੇਡ ਨੂੰ ਏਸ਼ੀਆਡ, ਸ਼ੈਫ ਗੇਮਜ ਤੇ ਰਾਸ਼ਟਰ-ਮੰਡਲ ਖੇਡਾਂ ਵਿੱਚ ਸ਼ਾਮਿਲ ਕਰਾਉਣਾ ਹੈ ਕਿਉਂਕਿ ਗੱਤਕਾ ਖੇਡ ਦੇ ਹਾਣ ਦੀਆਂ ਖੇਡਾਂ ਪਹਿਲਾਂ ਹੀ ਉਪਰੋਕਤ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਸ਼ਾਮਿਲ ਹੋ ਚੁੱਕੀਆਂ ਹਨ। ਉਹਨਾਂ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਵੱਖ-2 ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਅਤੇ ਮੁੱਖ ਤੌਰ 'ਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਸਮੂਹ ਅਹੁਦੇਦਾਰਾਂ, ਕੋਚਾਂ ਅਤੇ ਖਿਡਾਰੀਆਂ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਉਹਨਾਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਹਨਾਂ ਨਾਲ ਸ੍ਰ. ਲਵਪ੍ਰੀਤ ਸਿੰਘ ਅਮਨ, ਇੰਟਰਨੈਸ਼ਨਲ ਰੈਫਰੀ ਕੌਂਸਲ ਦੇ ਸੀਨੀਅਰ ਰੈਫਰੀ ਕੈਨੇਡਾ, ਸ੍ਰ. ਕਲਵਿੰਦਰ ਸਿੰਘ ਰਾਏ, ਵਾਇਸ ਪ੍ਰਧਾਨ, ਗੱਤਕਾ ਫੈਡਰੇਸ਼ਨ ਯੂ.ਐਸ.ਏ, ਕੈਲੀਫੋਰਨੀਆ, ਸ੍ਰ. ਗਗਨਦੀਪ ਸਿੰਘ ਬਰੇਲੀ, ਨਿਊਯਾਰਕ, ਸ੍ਰ. ਸੁਜਾਨ ਸਿੰਘ ਤੇ ਸ. ਜਸਕੀਰਤ ਸਿੰਘ, ਸ. ਬਲਜਿੰਦਰ ਸਿੰਘ ਸਾਰੇ ਸੀਨੀਅਰ ਕੋਚ ਅਤੇ ਬੀਬਾ ਸਰਬਜੀਤ ਕੌਰ ਵੀ ਹਾਜ਼ਰ ਸਨ।

***

## ਹਾਈ ਕੋਰਟ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ

ਮੈਗਾ ਆਪ੍ਰੇਸ਼ਨ ਚਲਾਇਆ ਗਿਆ ਸੀ। ਉਸੇ ਦਿਨ ਅੰਮ੍ਰਿਤਪਾਲ ਦੇ ਕਈ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ 'ਤੇ ਰਾਸ਼ਟਰੀ ਸੁਰੱਖਿਆ ਐਕਟ ਲਗਾ ਕੇ ਉਨ੍ਹਾਂ ਨੂੰ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ, ਜਿਸ ਵਿੱਚ ਗੁਰਮੀਤ ਸਿੰਘ ਬੁੱਕਣਵਾਲਾ ਵੀ ਸੀ। ਬੁੱਕਣਵਾਲਾ 'ਤੇ 23 ਫਰਵਰੀ ਨੂੰ ਅਜਨਾਲਾ ਥਾਣੇ 'ਤੇ ਹੋਏ ਹਮਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਹੈ, ਗੁਰਮੀਤ 'ਤੇ ਇਹ ਵੀ ਦੋਸ਼ ਹੈ ਕਿ ਉਸ ਨੇ ਅੰਮ੍ਰਿਤਪਾਲ ਲਈ ਨੌਜਵਾਨਾਂ ਨੂੰ ਉਕਸਾਇਆ ਸੀ, ਯਾਨੀ ਕਿ ਸਥਾਨਕ ਨੈੱਟਵਰਕ ਬਣਾ ਕੇ ਆਪਣੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਸੀ।

ਬੁੱਕਣਵਾਲਾ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ 23 ਫਰਵਰੀ ਨੂੰ ਜਿਸ ਦਿਨ ਅਜਨਾਲਾ ਥਾਣੇ 'ਤੇ ਹਮਲਾ ਹੋਇਆ ਸੀ, ਉਸ ਦਿਨ ਉਹ ਜੇਲ੍ਹ ਵਿੱਚ ਸੀ ਅਤੇ ਸ਼ਾਮ ਨੂੰ ਪੰਜ ਵਜੇ ਰਿਹਾਅ ਹੋ ਗਿਆ ਸੀ, ਇਸ ਲਈ ਉਹ ਹਮਲੇ ਵਿੱਚ ਸ਼ਾਮਲ ਨਹੀਂ ਸੀ।

***

## ਯੂ. ਪੀ. ਐੱਸ. ਸੀ. ਦੀਆਂ ਪ੍ਰੀਖਿਆਵਾਂ 'ਚ

ਸੁਭਾਅ ਹੈ ਕਿ ਜੇਕਰ ਕੋਈ ਉੱਚ ਅਧਿਕਾਰੀ ਕੇਂਦਰ ਦੇ ਕਿਸੇ ਵੱਡੇ ਮੰਤਰਾਲੇ 'ਚ ਸੈਕਟਰੀ ਰੈਂਕ ਵਿੱਚ ਹੋਵੇਗਾ ਤਾਂ ਉਸ ਦੀ ਆਪਣੇ ਜੱਦੀ ਰਾਜ ਨੂੰ ਵੱਧ ਤੋਂ ਵੱਧ ਸਕੀਮਾਂ ਦਾ ਲਾਭ ਦੇਣ ਦੀ ਇੱਛਾ ਹੁੰਦੀ ਹੈ। ਮੌਜੂਦਾ ਸਮੇਂ ਕੇਂਦਰ ਦੇ ਮੰਤਰਾਲਿਆਂ 'ਚ ਪੰਜਾਬੀ ਅਫ਼ਸਰਾਂ ਦੀ ਬਹੁਤ ਘਾਟ ਹੈ, ਜਿਸ ਦਾ ਨੁਕਸਾਨ ਵੀ ਪੰਜਾਬ ਨੂੰ ਉਠਾਉਣਾ ਪੈ ਰਿਹਾ ਹੈ।

***

## ਅਮਰੀਕਾ 'ਚ ਪੰਜਾਬੀਆਂ ਨੇ ਘੇਰੀ ਰਾਜਾ ਵੜਿੰਗ ਦੀ ਕਾਰ

ਕਿ ਉਹ ਅੱਜ ਵੀ ਖਾਲਿਸਤਾਨ ਦੇ ਵਿਰੋਧ ਵਿੱਚ ਹਨ ਅਤੇ ਕੱਲ੍ਹ ਵੀ ਰਹਿਣਗੇ। ਨਾ ਤਾਂ ਖਾਲਿਸਤਾਨ ਬਣਨਾ ਹੈ ਤੇ ਨਾ ਹੀ ਅਸੀਂ ਬਣਨ ਦੇਣਾ ਹੈ ਕਿਉਂਕਿ ਖਾਲਿਸਤਾਨ ਦਾ ਕੋਈ ਰੋਡ ਮੈਪ ਹੀ ਨਹੀਂ ਹੈ। ਅਸੀਂ ਹਿੰਦੁਸਤਾਨੀ ਹਾਂ ਅਤੇ ਹਿੰਦੁਸਤਾਨ ਦੀ ਹਿਫ਼ਾਜ਼ਤ ਕਰਦੇ ਰਹਾਂਗੇ।

ਵੜਿੰਗ ਨੇ ਵਿਰੋਧ ਕਰਨ ਵਾਲੇ ਵਿਅਕਤੀ ਬਾਰੇ ਕਿਹਾ ਕਿ ਅਜਿਹੇ ਵਿਅਕਤੀ ਨਾ ਤਾਂ ਆਪਣੇ ਦੇਸ਼ ਨੂੰ ਪਿਆਰ ਕਰਦੇ ਹਨ ਤੇ ਨਾ ਹੀ ਸਿੱਖਾਂ ਨੂੰ ਪਿਆਰ ਕਰਦੇ ਹਨ। ਇਹੋ ਜਿਹੇ ਲੋਕਾਂ ਦਾ ਕਿਸੇ ਨਾਲ ਕੋਈ ਵਾਸਤਾ ਨਹੀਂ ਹੁੰਦਾ। ਇਹ ਲੋਕ ਪੈਸੇ ਦੇ ਕੇ ਲਿਆਂਦੇ ਗਏ ਹੁੰਦੇ ਹਨ। ਇਹ ਦਿਹਾੜੀ 'ਤੇ ਲਿਆਂਦੇ ਗਏ ਲੋਕ ਆਪਣਾ ਕੰਮ ਕਰਦੇ ਹਨ ਤੇ ਰੌਲਾ ਪਾ ਕੇ ਚਲੇ ਜਾਂਦੇ ਹਨ। ਉਕਤ ਵਿਅਕਤੀ ਝੂਠੇ ਦੋਸ਼ ਲਗਾ ਰਿਹਾ ਹੈ ਕਿ ਰਾਜਾ ਵੜਿੰਗ ਭੱਜ ਗਿਆ ਰੈੱਡ ਲਾਈਟ ਜੰਪ ਕਰ ਦਿੱਤੀ ਪਰ ਅਮਰੀਕਾ ਵਰਗੇ ਮੁਲਕ ਵਿੱਚ ਰੈੱਡ ਲਾਈਟ ਜੰਪ ਨਹੀਂ ਕੀਤੀ ਜਾ ਸਕਦੀ। ਇਹ ਲੋਕ ਹਿੰਦੁਸਤਾਨ ਦੀ ਧਰਤੀ 'ਤੇ ਤਾਂ ਜਾ ਨਹੀਂ ਸਕਦੇ ਇਸ ਲਈ ਇਥੇ ਹੀ ਮਾਹੌਲ ਖ਼ਰਾਬ ਕਰ ਰਹੇ ਹਨ। ਨਾ ਤਾਂ ਉਹ ਭੱਜਿਆ ਹੈ ਤੇ ਨਾ ਹੀ ਭੱਜਣ ਵਾਲਿਆਂ ਵਿੱਚੋਂ ਹੈ।

***

## ਸਪਰਿੰਗਫੀਲਡ ਵਿਖੇ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ

ਕੀਤੇ ਗਏ ਇਸ ਉਦਮ ਨਾਲ ਹੁਣ ਸਿੱਖ ਸੋਸਾਇਟੀ ਆਫ ਡੇਟਨ ਦੀ ਸੰਗਤ, ਨਾਲ ਲੱਗਦੇ ਸ਼ਹਿਰ ਸਿਨਸਿਨਾਟੀ, ਕੋਲੰਬਸ ਅਤੇ ਇੰਡੀਆਨਾ ਸੂਬੇ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਵੀ ਇਸ ਵਿੱਚ ਭਾਗ ਲੈਂਦਾ ਹੈ। ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਵਾਰ 1999 ਵਿੱਚ ਪਰਿਵਾਰ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ ਤੇ ਉਹਨਾਂ ਨੂੰ ਇਸ ਕਮਿਊਨਿਟੀ ਦਾ ਹਿੱਸਾ ਹੋਣ 'ਤੇ ਮਾਣ ਹੈ। ਉਹਨਾਂ ਕਿਹਾ ਕਿ ਪਰੇਡ ਵਿੱਚ ਸ਼ਮੂਲੀਅਤ ਸਾਨੂੰ ਵਿਸ਼ਵ ਯੁਧਾਂ ਵਿੱਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਅਮਰੀਕੀ ਲੋਕਾਂ ਨੂੰ ਸਿੱਖਾਂ ਵੱਲੋਂ ਵਿਸ਼ਵ ਅਤੇ ਹੋਰਨਾਂ ਯੁੱਧਾਂ ਵਿੱਚ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਦਿੰਦੀ ਹੈ।

ਕਮਿਊਨਿਟੀ ਕਾਰਕੁੰਨ ਸਮੀਪ ਸਿੰਘ ਗੁਮਟਾਲਾ, ਜੋ ਕਿ ਪਿਛਲੇ ਕਈ ਸਾਲਾਂ ਤੋਂ ਇਸ ਪਰੇਡ ਅਤੇ ਹੋਰਨਾਂ ਕਮਿਊਨਿਟੀ ਸਮਾਗਮਾਂ ਵਿੱਚ ਸ਼ਮੂਲੀਅਤ ਕਰ ਰਹੇ ਹਨ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸਤੰਬਰ 2001 ਦੇ ਹਮਲੇ ਤੋਂ ਬਾਅਦ ਸਿੱਖਾਂ ਨੂੰ ਬਹੁਤ ਸਾਰੇ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਲਈ ਇਹ ਹੋਰ ਵੀ ਜ਼ਰੂਰੀ ਹੋ ਗਿਆ ਕਿ ਅਸੀਂ ਇਹਨਾਂ ਪ੍ਰੋਗਰਾਮਾਂ ਵਿੱਚ ਭਾਗ ਲਈਏ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲ ਸਕੇ। ਅਮਰੀਕਨ ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਪੈਂਫਲੈਟ ਵੰਡੇ ਗਏ।

***

## ਐਲਸਬਰਾਂਟੇ ਗੁਰਦੁਆਰਾ ਸਾਹਿਬ ਕੈਲੀਫ਼ੋਰਨੀਆ ਵਿਖੇ

ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਪ੍ਰੋਗਰਾਮ ਦਾ ਆਨੰਦ ਮਾਣਿਆ ਗਿਆ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਉਚੇਚੇ ਤੌਰ ਤੇ ਆ ਕੇ ਧਾਰਮਿਕ ਕਵੀ ਦਰਬਾਰ ਸਜਾਉਣ ਦੀ ਸ਼ਲਾਘਾ ਕੀਤੀ ਗਈ। ਪ੍ਰਧਾਨ ਵੱਲੋਂ ਅਜਿਹੇ ਪ੍ਰੋਗਰਾਮ ਸਜਾਉਣ ਦੀ ਤਾਕੀਦ ਕੀਤੀ ਗਈ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿੱਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੀ ਅਜਿਹੇ ਪ੍ਰੋਗਰਾਮ ਸਫ਼ਲ ਹੁੰਦੇ ਹਨ। ਹਾਜ਼ਰ ਕਵੀਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋ ਗਿਆ।

***

## ਭਾਰਤ 'ਚ ਘੱਟ ਗਿਣਤੀਆਂ ਦੇ ਅਧਿਕਾਰੀ

ਇਹ ਕਹਿ ਚੁੱਕੇ ਹਨ ਕਿ ਭਾਰਤ 'ਚ ਸਿੱਖਾਂ ਦੇ ਅਧਿਕਾਰ ਸੁਰੱਖਿਅਤ ਨਹੀਂ ਹਨ।

ਸਿੱਖ ਆਗੂ ਕਹਿੰਦੇ ਹਨ ਕਿ ਭਾਰਤ 'ਚ ਜੂਨ 1984 ਅਤੇ ਨਵੰਬਰ 1984 ਦੌਰਾਨ ਸਿੱਖਾਂ ਖ਼ਿਲਾਫ਼ ਵਾਪਰੀਆਂ ਘਟਨਾਵਾਂ, ਉਸ ਤੋਂ ਬਾਅਦ ਅੱਤਵਾਦ ਨੂੰ ਖ਼ਤਮ ਕਰਨ ਦੇ ਨਾਂਅ 'ਤੇ ਪੰਜਾਬ 'ਚ ਪੁਲਿਸ ਅਤੇ ਸੁਰੱਖਿਆ ਦਸਤਿਆਂ ਦੁਆਰਾ ਸਿੱਖ ਨੌਜਵਾਨਾਂ ਵਿਰੁੱਧ ਚਲਾਇਆ ਗਿਆ ਦਮਨ ਚੱਕਰ, ਪਿਛਲੇ ਦਿਨਾਂ ਦੌਰਾਨ ਅੰਮ੍ਰਿਤਪਾਨ ਕਰਵਾਉਣ ਵਾਲੇ ਅੰਮ੍ਰਿਤਪਾਲ ਮਾਮਲੇ ਨੂੰ ਤੂਲ ਦੇ ਕੇ ਸਿੱਖ ਨੌਜਵਾਨਾਂ ਦੀ ਫੜੋ-ਫੜੀ, ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਹੋਰ ਘਟਨਾਵਾਂ ਕਾਰਨ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਹੋ ਰਿਹਾ ਹੈ। ਸਿੱਖਾਂ ਵਾਂਗ ਹੀ ਮੁਸਲਮਾਨ ਵੀ ਅਕਸਰ ਭਾਰਤ 'ਚ ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੇ ਜਾਣ ਦਾ ਮੁੱਦਾ ਉਠਾਉਂਦੇ ਹਨ। ਹਿਜਾਬ ਪਹਿਨਣ ਵਾਲੀਆਂ ਸਕੂਲੀ ਕੁੜੀਆਂ ਤੇ ਉਨ੍ਹਾਂ ਲਈ ਸਕੂਲ ਦੇ ਦਰਵਾਜ਼ੇ ਬੰਦ, ਪ੍ਰਸ਼ਾਸਨ ਬੁਲਡੋਜ਼ਰ ਚਲਾ ਕੇ ਲੋਕਾਂ ਦੇ ਘਰ ਤੋੜ ਰਿਹਾ ਹੈ, ਜਾਤੀ ਹਿੰਸਾ, ਲਿੰਚਿੰਗ, ਧਾਰਮਿਕ ਹਿੰਸਾ, ਲਿੰਗਕ ਹਿੰਸਾ, ਪਤਾ ਨਹੀਂ ਕਿੰਨੀਆਂ ਖ਼ਬਰਾਂ ਭਾਰਤ ਵਿੱਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਤਸਵੀਰ ਪੇਸ਼ ਕਰਦੀਆਂ ਹਨ। ਨਿਯਮ ਅਤੇ ਅਧਿਕਾਰ ਹੁਣ ਭਾਰਤ ਵਿੱਚ ਅਪਵਾਦ ਬਣਦੇ ਜਾ ਰਹੇ ਹਨ। ਖਾਸ ਤੌਰ 'ਤੇ ਜਦੋਂ ਘੱਟ ਗਿਣਤੀਆਂ ਜਾਂ ਲੋਕ ਅਧਿਕਾਰਾਂ 'ਤੇ ਸਵਾਲ ਉਠਾਉਂਦੇ ਹਨ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਮੁਤਾਬਕ ਬੁਲਡੋਜ਼ਰ ਸ਼ਾਂਤੀ ਦਾ ਪ੍ਰਤੀਕ ਹੈ।

ਅਨੇਕਾਂ ਮੁਸਲਿਮ ਆਗੂਆਂ ਦਾ ਕਹਿਣਾ ਹੈ ਕਿ ਜਦੋਂ ਤੋਂ ਭਾਰਤ 'ਚ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਮੁਸਲਮਾਨਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਨੂੰ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਮੁਸਲਿਮ ਆਗੂ ਵੀ ਕਹਿੰਦੇ ਹਨ ਕਿ ਭਾਰਤ ਵਿੱਚ ਘੱਟ ਗਿਣਤੀਆਂ ਦੇ ਅਧਿਕਾਰ ਸੁਰਖਿਅਤ ਨਹੀਂ ਹਨ।

***

## ਹਿਊਮਨ ਰਾਈਟਸ ਵਾਚ ਦੀ ਰਿਪੋਰਟ

ਮਨੁੱਖੀ ਅਧਿਕਾਰ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਵਿਅਕਤੀਆਂ ਦੇ ਖ਼ਿਲਾਫ਼ ਅਪਰਾਧਿਕ ਦੋਸ਼ਾਂ ਦੀਆਂ ਵੱਖੋ-ਵੱਖਰੀਆਂ ਘਟਨਾਵਾਂ ਸ਼ਾਮਲ ਹਨ। ਰਿਪੋਰਟ ਵਿੱਚ ਜੰਮੂ-ਕਸ਼ਮੀਰ ਦੀ ਸਥਿਤੀ, ਪੁਲਿਸ ਹਿੰਸਾ, ਦਲਿਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਆਦਿਵਾਸੀਆਂ ਵਿਰੁੱਧ ਕੀਤੀ ਗਈ ਕਾਰਵਾਈ ਦਾ ਜ਼ਿਕਰ ਹੈ। ਇਸ ਰਿਪੋਰਟ ਨੇ ਭਾਰਤ ਦੇ ਮੌਜੂਦਾ ਧਾਰਮਿਕ ਸਿਆਸੀ ਮਾਹੌਲ 'ਤੇ ਸਵਾਲ ਖੜ੍ਹੇ ਕੀਤੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਨੇ ਈਸਾਈਆਂ ਖਾਸ ਕਰਕੇ ਦਲਿਤ ਅਤੇ ਆਦਿਵਾਸੀ ਭਾਈਚਾਰਿਆਂ 'ਤੇ ਜ਼ਬਰਦਸਤੀ ਧਰਮ ਪਰਿਵਰਤਨ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ।

### ਘੱਟ ਗਿਣਤੀਆਂ ਨੂੰ ਸੁਚੇਤ ਹੋਣ ਦੀ ਲੋੜ

ਭਾਰਤ 'ਚ ਰਹਿ ਰਹੇ ਘੱਟ ਗਿਣਤੀ ਭਾਈਚਾਰਿਆਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਖੁਦ ਹੀ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਕਿਸੇ ਵੀ ਧਿਰ ਵੱਲੋਂ ਉਲੰਘਣਾ ਨਾ ਕੀਤੀ ਜਾ ਸਕੇ। ਇਸ ਲਈ ਵੱਖ ਵੱਖ ਘੱਟ ਗਿਣਤੀ ਭਾਈਚਾਰਿਆਂ 'ਚ ਆਪਸੀ ਏਕਤਾ ਅਤੇ ਸਹਿਯੋਗ ਲਈ ਵੀ ਯਤਨ ਕਰਨੇ ਚਾਹੀਦੇ ਹਨ। ਘੱਟ ਗਿਣਤੀ ਭਾਈਚਾਰਿਆਂ ਦੇ ਦੇਸ਼ ਦੇ ਵਿਕਾਸ 'ਚ ਵੱਡਾ ਯੋਗਦਾਨ ਹੈ, ਇਸ ਲਈ ਭਾਰਤ 'ਚ ਉਹਨਾਂ ਦੀ ਮਹੱਤਤਾ ਅਨੁਸਾਰ ਉਹਨਾਂ ਨੂੰ ਬਣਦਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ।

***

## ਘੱਟ ਗਿਣਤੀ ਦੀ ਪਰਿਭਾਸ਼ਾ

ਇਸ ਲਈ ਘੱਟ ਗਿਣਤੀ ਕਮਿਸ਼ਨ ਨੂੰ ਪਰਿਭਾਸ਼ਾ ਦੇ ਅਜਿਹੇ ਆਧਾਰ ਤੈਅ ਕਰਨੇ ਚਾਹੀਦੇ ਹਨ ਤਾਂ ਜੋ ਕਿਸੇ ਵੀ ਭਾਈਚਾਰੇ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਉਲੰਘਣਾ ਨਾ ਹੋਵੇ। ਲੋੜ ਹੈ ਕਿ ਘੱਟ ਗਿਣਤੀ ਕਮਿਸ਼ਨ ਵੱਲੋਂ ਅਜਿਹੇ ਉਪਰਾਲੇ ਕੀਤੇ ਜਾਣ, ਜਿਸ ਨਾਲ ਦੇਸ਼ ਦਾ ਹਰ ਨਾਗਰਿਕ ਸਨਮਾਨਜਨਕ ਜੀਵਨ ਜੀਅ ਸਕੇ।

***

## ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਗਵਾਈ 'ਚ ਸਿੱਖ

ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੱਖਰੇ ਤੌਰ 'ਤੇ ਸ਼ਹੀਦੀ ਯਾਦਗਾਰ ਦੀਆਂ ਪੌੜੀਆਂ ਵਿੱਚ ਖੜ੍ਹੇ ਹੋ ਕੇ ਆਖਿਆ ਕਿ ਅੱਜ ਦਾ ਦਿਹਾੜਾ ਚਿੰਤਨ ਅਤੇ ਮੰਥਨ ਕਰਨ ਦਾ ਵੀ ਹੈ ਪਰ ਇਸ ਮੌਕੇ ਇੱਥੇ ਆਉਂਦੇ ਸਮੂਹ ਸਿੱਖ ਆਗੂ ਸਿਰਫ ਸਿਆਸੀ ਰੋਟੀਆਂ ਸੇਕ ਕੇ ਚਲੇ ਜਾਂਦੇ ਹਨ। ਅੱਜ ਤੱਕ ਕਦੇ ਵੀ ਭਵਿੱਖ ਦੀ ਚਿੰਤਾ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਫੌਜੀ ਹਮਲੇ ਤੋਂ ਸਬਕ ਸਿੱਖਣ ਦੀ ਲੋੜ ਹੈ।

ਇਸ ਮੌਕੇ ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਸਾਰੇ ਰਸਤਿਆਂ ਅਤੇ ਆਲੇ-ਦੁਆਲੇ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਆਦਿ ਹਾਜ਼ਰ ਸਨ।

***

## ਖੇਡ ਮੰਤਰੀ ਅਨੁਰਾਗ ਠਾਕੁਰ ਨੂੰ ਮਿਲੇ ਪਹਿਲਵਾਨ

ਰਿਹਾ ਸੀ ਕਿ ਸੰਘਰਸ਼ ਕਿਸੇ ਠੋਸ ਨਤੀਜੇ ਤੋਂ ਬਿਨਾਂ ਖਤਮ ਨਹੀਂ ਹੋਵੇਗਾ, ਪਰ ਪਹਿਲਵਾਨਾਂ ਨਾਲ ਗੱਲ ਕਰਨ ਤੋਂ ਬਾਅਦ ਸਥਿਤੀ ਸਪੱਸ਼ਟ ਹੋ ਗਈ ਹੈ।

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਪਹਿਲਵਾਨਾਂ ਦੀ ਗ੍ਰਹਿ ਮੰਤਰੀ ਨਾਲ ਮੀਟਿੰਗ ਹੋਈ ਸੀ। ਹੁਣ ਖੇਡ ਮੰਤਰੀ ਨੂੰ ਮਿਲੇ। ਅਸੀਂ ਪਹਿਲਾਂ ਹੀ ਕਹਿ ਰਹੇ ਸੀ ਕਿ ਗੱਲਬਾਤ ਹੋਣੀ ਚਾਹੀਦੀ ਹੈ। ਮਹਿਲਾ ਪਹਿਲਵਾਨਾਂ ਅਤੇ ਕਿਸਾਨਾਂ ਦਾ ਸਰਕਾਰ 'ਤੇ ਦਬਾਅ ਸੀ। ਅਸੀਂ ਪਹਿਲਵਾਨਾਂ ਦੇ ਹੱਕ ਵਿੱਚ ਹਾਂ। ਸਾਰੇ ਸਵਾਲ ਪਹਿਲਵਾਨਾਂ ਨੂੰ ਪੁੱਛੇ ਜਾ ਰਹੇ ਹਨ, ਜਿਸ 'ਤੇ ਦੋਸ਼ ਹੈ, ਉਸ ਦੀ ਜਾਂਚ ਹੋਣੀ ਚਾਹੀਦੀ ਹੈ। ਬ੍ਰਿਜ ਭੂਸ਼ਣ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀਅਤ

ਬ੍ਰਾਹਮਣਵਾਦੀ ਚਿੰਤਨ ਧਾਰਾ ਨੂੰ ਰਾਜੇ, ਪੁਜਾਰੀ ਅਤੇ ਸਮਾਜ ਦੇ ਅਮੀਰ ਵਰਗ ਦਾ ਸਮਰਥਨ ਪ੍ਰਾਪਤ ਹੋਇਆ, ਇਸ ਦਿਸ਼ਾ ਵਿੱਚ ਕੀਤੇ ਗਏ ਕਾਰਜਾਂ ਦਾ ਨਤੀਜਾ ਇਹ ਹੋਇਆ ਕਿ ਲੋਕ ਅੰਧ ਵਿਸ਼ਵਾਸ ਵਿਚ ਜਕੜੇ ਗਏ। ਭਾਰਤ ਵਿੱਚ ਜੋ ਧਾਰਮਿਕ ਵਿਚਾਰਧਾਰਾ ਪ੍ਰਵਾਨ ਚੜ੍ਹੀ ਹੈ, ਉਹ ਬ੍ਰਾਹਮਣਵਾਦ ਹੈ। ਇਸਨੇ ਸਮੇਂ ਦੇ ਨਾਲ ਆਪਣਾ ਨਾਮ ਬਦਲ ਲਿਆ ਜਾਂ ਦੂਜਿਆਂ ਦੁਆਰਾ ਦਿੱਤੇ ਨਾਮ ਨੂੰ ਸਵੀਕਾਰ ਕੀਤਾ। ਪਰ ਬ੍ਰਾਹਮਣਵਾਦ ਨੇ ਆਪਣੀ ਵਿਵਸਥਾ ਨੂੰ ਕਦੇ ਵੀ ਕਮਜ਼ੋਰ ਨਹੀਂ ਹੋਣ ਦਿੱਤਾ। ਇਸ ਦੇ ਨਾਲ ਹੀ ਇਸ ਬ੍ਰਾਹਮਣਵਾਦੀ ਪਰੰਪਰਾ ਵਿੱਚ ਇੱਕ ਗੱਲ ਹੋਰ ਵੀ ਨਜ਼ਰ ਆਉਂਦੀ ਹੈ, ਇਹ ਪਰੰਪਰਾ ਹਮੇਸ਼ਾ ਸਮੇਂ ਦੇ ਸ਼ਕਤੀਸ਼ਾਲੀ ਸ਼ਾਸ਼ਕ ਜਾਂ ਸਮੂਹ ਦੇ ਨਾਲ ਖੜ੍ਹੀ ਹੈ। ਚਾਹੇ ਉਹ ਬਾਦਸ਼ਾਹ ਹੋਵੇ, ਸੁਲਤਾਨ ਹੋਵੇ ਜਾਂ ਅੱਜ ਦੇ ਦੌਰ ਦੇ ਪੂੰਜੀਪਤੀ ਕਾਰਪੋਰੇਟ। ਬ੍ਰਾਹਮਣਵਾਦੀ ਪਰੰਪਰਾ ਕਦੇ ਵੀ ਲੋਕ ਭਲੇ ਲਈ ਅੱਗੇ ਨਹੀਂ ਵਧਦੀ, ਸਗੋਂ ਭਾਰਤ ਵਿੱਚ ਮੌਜੂਦ ਸੱਤਾ ਦੇ ਕੇਂਦਰ 'ਤੇ ਕਾਬਜ਼ ਹੁੰਦੀ ਹੈ ਜਾਂ ਕਾਬਜ਼ਾਂ ਦੇ ਨਾਲ ਖੜ੍ਹੀ ਹੁੰਦੀ ਹੈ ਤੇ ਆਪਣੀ ਵਿਰੋਧੀ ਵਿਚਾਰਧਾਰਾਵਾਂ ਤੇ ਕੌਮਾਂ ਨੂੰ ਦਬਾਉਂਦੀ ਹੈ।

ਭਾਰਤ ਵਿਚ ਲੱਖਾਂ ਲੋਕ ਬਿਪਰਨੀ ਕਰਮਕਾਂਡ ਅਭਿਆਸ ਵਿੱਚ ਲੱਗੇ ਹੋਏ ਹਨ ।ਇਹ ਕੰਮ ਇਸ ਦੇਸ਼ ਵਿੱਚ ਘੱਟੋ-ਘੱਟ ਤਿੰਨ ਹਜ਼ਾਰ ਸਾਲਾਂ ਤੋਂ ਚੱਲ ਰਿਹਾ ਹੈ। ਲੱਖਾਂ ਲੋਕਾਂ ਦੇ ਇਨ੍ਹਾਂ ਯਤਨਾਂ ਦੇ ਬਾਵਜੂਦ ਦੁੱਖਾਂ ਤੋਂ ਮੁਕਤ ਨਹੀਂ ਹੋ ਸਕੇ।ਗੁਰੂ ਸਾਹਿਬਾਨ ਦਾ ਮਿਸ਼ਨ ਤੇ ਧਰਮ ਲੋਕ ਪਖੀ ਹੈ।ਗੁਰਬਾਣੀ ਅਨੁਸਾਰ, ਸਭ ਤਰ੍ਹਾਂ ਦੇ ਲੋਕਾਂ ਵਿਚ ਇਕ ਜੋਤਿ ਅਤੇ ਅਕਾਲ ਪੁਰਖ ਦੀ ਹੋਂਦ ਕਾਰਨ ਬਰਾਬਰ ਹਨ:

ਬਿਰਖੈ ਹੇਠਿ ਸਭਿ ਜੰਤ ਇਕਠੇ॥
ਇਕਿ ਤਤੇ ਇਕਿ ਬੋਲਨਿ ਮਿਠੇ॥
(ਮਾਰੂ ਮਹਲਾ 5 ਪੰਨਾ 1019)

ਗੁਰਮਤਿ ਅਨੁਸਾਰ ਸਾਡਾ ਸਾਰਿਆਂ ਦਾ ਮੂਲ ਭਾਈਚਾਰਾ ਵੀ ਇੱਕੋ ਹੈ, ਅਸੀਂ ਭਿੰਨ ਭਿੰਨ ਨਹੀਂ ਹਾਂ। ਸਾਡੇ ਸਾਰਿਆਂ ਅੰਦਰ ਇਕੋ ਪਰਮ ਪਿਤਾ ਬ੍ਰਹਮ ਦਾ ਨੂਰ ਹੈ। ਸੰਪੂਰਣ ਰਚਨਾ ਦਾ ਜੀਵਨ ਦਾਤਾ ਪ੍ਰਭੂ ਪਿਤਾ ਹੀ ਹੈ ਤੇ ਉਸੇ ਦੀ ਜੀਵਨ ਰੋਹ, ਸਾਰੇ ਜੀਵਾਂ ਤੇ ਮਨੁੱਖ ਮਾਤ੍ਰ ਸਮੇਤ ਸਾਰੀ ਰਚਨਾ ਅੰਦਰ ਚੱਲ ਰਹੀ ਹੈ। ਇਸੇ ਮੂਲ ਅਗਿਆਨਤਾ ਕਾਰਨ, ਮਨੁੱਖ ਆਪਣੇ ਕੁਦਰਤੀ ਭਾਈਚਾਰੇ ਬਾਰੇ ਹੀ ਅਨਜਾਣ ਸੀ।ਮਨੁੱਖ ਮਨੁੱਖ ਵਿਚਕਾਰ ਪਈਆਂ ਜਾਂ ਪਾਈਆਂ ਹੋਈਆਂ ਅਣਗਿਣਤ ਵੰਡੀਆਂ ਹੀ ਸਨ ਜੋ ਮਨੁੱਖ-ਮਨੁੱਖ ਵਿਚਕਾਰ, ਸ਼ਾਇਦ ਕਦੇ ਨਾ ਟੁਟਣ ਵਾਲੀਆਂ ਦਿਵਾਰਾਂ ਬਣੀਆਂ ਹੋਈਆਂ ਸਨ। ਗੁਰਮਤਿ ਦੇ ਏਸ ਸਾਰਅੰਸ਼ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਉਹ ਸਿੱਖਾਂ ਦੇ ਅਧਿਆਤਮਕ ਖੁਸ਼ੀਆਂ ਲੈਣ ਖਾਤਰ ਜਪਣ ਤੇ ਮਨ ਦੀ ਇਕਾਗਰਤਾ ਪ੍ਰਾਪਤ ਕਰਨ ਵਾਸਤੇ ਕੇਵਲ ਪਾਠ ਕਰਨ ਲਈ ਨਹੀਂ ਸੀ ਰਚੀ ਗਈ। ਗੁਰਮਤਿ ਮਨੁੱਖ ਲਈ ਜੀਵਨ ਜਾਚ ਦਾ ਥੀਸਿਸ ਹੈ ਕਿ ਉਸਦਾ ਜੀਵਨ, ਰਾਜਨੀਤੀ ਤੇ ਸਮਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ ?ਆਸਾ ਦੀ ਵਾਰ ਗੁਰੂ ਸਾਹਿਬਾਨ ਦਾ ਸਭਿਆਚਾਰਕ ,ਰਾਜਸੀ ਮੈਨੀਫੈਸਟੋ ਹੈ, ਜਿਸ ਨੂੰ ਸਤਿਗੁਰੂ ਨਾਨਕ ਨੇ ਰੂਹਾਨੀਅਤ ਦੇ ਰੰਗ ਵਿੱਚ ਪੇਸ਼ ਕੀਤਾ। ਦੁਨੀਆਂ ਵਿੱਚ ਉਹੀ ਅਧਿਆਤਮਕ ਪ੍ਰਣਾਲ਼ੀ ਧਰਮ ਬਣ ਕੇ ਤੁਰ ਸਕੀ, ਜਿਸ ਨੇ ਸਿਆਸੀ ਸਰੀਰ ਧਾਰ ਕੇ ਰਾਜਸੱਤਾ ਸਥਾਪਤ ਕਰ ਲਈ। ਜਿਸ ਤਰ੍ਹਾਂ ਇਸਾਈ, ਮੁਸਲਿਮ, ਬੁੱਧ, ਹਿੰਦੂ। ਏਸੇ ਤਰ੍ਹਾਂ ਸਿੱਖੀ ਵੀ ਧਰਮਸੱਤਾ ਦਾ ਉਦੋਂ ਹੀ ਰੂਪ ਧਾਰਨ ਲੱਗੀ, ਜਦੋਂ ਇਹ ਰਾਜਸੱਤਾ ਬਣਨ ਦੇ ਰਾਹ ਸੱਚੀ ਪਾਤਸ਼ਾਹੀ ਦੇ ਸਿਧਾਂਤ ਉਪਰ ਹੋ ਤੁਰੀ। ਕੂੜ ਸਿਆਸੀ ਸਿਸਟਮ ਵਿਰੁਧ ਬਗਾਵਤ ਕਰਕੇ ਰਬੀ ਰਾਹ ਉਪਰ ਤੁਰੀ।

***

## ਪੰਜਾਬ ਦੇ ਸਨਅਤੀ ਵਿਕਾਸ ਲਈ ਕਾਰੀਡੋਰ ਨੂੰ

ਭਾਗ ਉੱਪਰ ਆਵਾਜਾਈ ਦਾ ਕੰਮ ਸ਼ੁਰੂ ਹੋ ਗਿਆ ਹੈ, ਪ੍ਰੰਤੂ ਅਜੇ ਵੀ ਕੋਈ 10 ਫ਼ੀਸਦ ਦੇ ਕਰੀਬ ਪ੍ਰਾਜੈਕਟ ਅਧੂਰਾ ਹੈ।

ਫਰੇਟ ਕਾਰੀਡੋਰ ਦੀਆਂ ਕੁਝ ਖ਼ਾਸੀਅਤਾਂ 2400 ਕਿੱਲੋਮੀਟਰ ਦੇ ਕਰੀਬ ਦੀ ਲੰਬਾਈ ਵਾਲੇ ਇਨ੍ਹਾਂ ਦੋਹਾਂ ਕਾਰੀਡੋਰਜ਼ ਉੱਪਰ ਕੋਈ 6000 ਕਿੱਲੋਮੀਟਰ ਦਾ ਰੇਲਵੇ ਟਰੈਕ ਵਿਛਾਇਆ ਗਿਆ ਹੈ ਅਤੇ ਇਹ ਦੋਹਰੀ ਲਾਈਨ ਵਾਲਾ ਹੈ। ਕਰੀਬ 9 ਰਾਜਾਂ ਵਿਚੋਂ ਹੋ ਕੇ ਲੰਘਣ ਵਾਲੇ ਇਸ ਕਾਰੀਡੋਰ ਵਾਸਤੇ ਕੋਈ 12 ਹਜ਼ਾਰ ਏਕੜ ਜ਼ਮੀਨ ਹਾਸਿਲ ਕਰਨੀ ਪਈ ਅਤੇ ਪ੍ਰਾਜੈਕਟ ਦੇ ਮੁਕੰਮਲ ਹੋਣ 'ਚ ਹੋਣ ਵਾਲੀ ਦੇਰੀ ਲਈ ਜ਼ਮੀਨ ਹਾਸਿਲ ਕਰਨ ਵਿਚ ਹੋਈ ਦੇਰੀ ਹੀ ਪ੍ਰਮੁੱਖ ਸੀ। ਇਸ 'ਚ ਸੈਂਕੜੇ ਵੱਡੇ ਅਤੇ ਹਜ਼ਾਰਾਂ ਹੀ ਛੋਟੇ ਪੁਲ ਬਣਾਏ ਗਏ ਹਨ, ਜਿਸ ਨਾਲ ਕਿ 'ਲੈਵਲ ਕਰਾਸਿੰਗ' ਭਾਵ ਸੜਕਾਂ ਉੱਪਰ ਬਣਨ ਵਾਲੇ ਫਾਟਕ ਨਹੀਂ ਹੋਣਗੇ। ਇਸ ਟਰੈਕ ਉੱਪਰ ਚੱਲਣ ਵਾਲੀ ਮਾਲ ਗੱਡੀ, ਜੋ ਕਿ ਇਸ ਵੇਲੇ ਕੋਈ 700 ਮੀਟਰ ਦੇ ਕਰੀਬ ਲੰਬੀ ਹੁੰਦੀ ਹੈ, ਦੀ ਲੰਬਾਈ ਦੁੱਗਣੇ ਤੋਂ ਵੀ ਵਧੇਰੇ 1500 ਮੀਟਰ ਭਾਵ ਕਿ ਡੇਢ ਕਿੱਲੋਮੀਟਰ ਹੋਵੇਗੀ। ਇਸ ਟਰੈਕ ਉੱਪਰ ਚੱਲਣ ਵਾਲੀਆਂ ਵੈਗਨਜ਼ ਦੀ ਉੱਚਾਈ ਮੌਜੂਦਾ ਵੈਗਨਜ਼ ਦੇ ਸਵਾ ਚਾਰ ਮੀਟਰ ਦੇ ਮੁਕਾਬਲੇ ਡੇਢ ਗੁਣਾ ਹੋਵੇਗੀ ਅਤੇ ਐਕਸਲ ਲੋਡ ਵੀ 30 ਫ਼ੀਸਦੀ ਵਧੇਰੇ ਹੋਵੇਗਾ। ਇਸ ਦੇ ਨਾਲ ਹੀ ਇਕ ਵੈਗਨ ਦੀ ਸਾਮਾਨ ਢੋਣ ਦੀ ਸਮਰੱਥਾ ਦੁਗਣੇ ਤੋਂ ਵੀ ਵਧੇਰੇ ਹੋਵੇਗੀ। ਪੂਰਾ ਹਿਸਾਬ-ਕਿਤਾਬ ਲਗਾਇਆ ਜਾਵੇ ਤਾਂ ਇਕ ਮਾਲ ਗੱਡੀ ਇਸ ਵੇਲੇ ਨਾਲੋਂ 4 ਗੁਣਾਂ ਦੇ ਕਰੀਬ ਸਾਮਾਨ ਓਨ੍ਹੇ ਹੀ ਖ਼ਰਚ ਵਿਚ ਲਿਜਾ ਸਕੇਗੀ। ਇਸ ਦੇ ਨਾਲ ਹੀ ਇਸ ਵਕਤ ਮਾਲ ਗੱਡੀ ਦੇ ਚੱਲਣ ਦੀ ਰਫ਼ਤਾਰ, ਜੋ ਕਿ ਔਸਤ 25 ਕਿੱਲੋਮੀਟਰ ਪ੍ਰਤੀ ਘੰਟਾ ਹੈ, ਵਧ ਕੇ 65 ਕਿੱਲੋਮੀਟਰ ਪ੍ਰਤੀ ਘੰਟਾ ਹੋ ਜਾਵੇਗੀ ਅਤੇ ਮਾਲ ਗੱਡੀ 100 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜ ਸਕਣ ਦੇ ਕਾਬਿਲ ਹੋਵੇਗੀ। ਇਸ ਟਰੈਕ 'ਤੇ ਚੱਲਣ ਵਾਲੀਆਂ ਮਾਲ ਗੱਡੀਆਂ ਦਾ ਸਿਗਨਲ ਪੂਰੀ ਤਰ੍ਹਾਂ ਨਾਲ ਆਟੋਮੈਟਿਕ ਹੋਵੇਗਾ ਅਤੇ ਰਸਤੇ 'ਚ ਰੁਕਾਵਟਾਂ ਦੇ ਮੌਕੇ ਬਹੁਤ ਹੀ ਘੱਟ ਹੋਣਗੇ।

**ਪੰਜਾਬ ਲਈ ਯੋਗਦਾਨ**

ਜਿਸ ਵੇਲੇ ਇਸ ਡੈਡੀਕੇਟਡ ਫਰੇਟ ਕਾਰੀਡੋਰ ਦਾ ਪ੍ਰਾਜੈਕਟ ਉਲੀਕਿਆ ਗਿਆ ਅਤੇ ਇਸ ਨੂੰ ਉੱਤਰੀ ਭਾਰਤ ਵਿੱਚ ਪੰਜਾਬ ਦੇ ਸ਼ਹਿਰ ਲੁਧਿਆਣਾ ਤੀਕਰ ਲਿਆ ਕੇ ਖ਼ਤਮ ਕਰ ਦਿੱਤੇ ਜਾਣ ਦੀ ਤਜਵੀਜ਼ ਤਿਆਰ ਹੋਈ ਸੀ, ਤਾਂ ਪੰਜਾਬ 'ਚੋਂ ਇਹ ਮੰਗ ਉਠਾਈ ਗਈ ਸੀ ਕਿ ਇਸ ਨੂੰ ਅੰਮ੍ਰਿਤਸਰ ਤੀਕਰ ਵਧਾਇਆ ਜਾਵੇ। ਇਸ ਉਪਰੰਤ ਪੰਜਾਬ 'ਚ ਰਾਜ ਕਰਦੀ ਅਕਾਲੀ-ਭਾਜਪਾ ਸਰਕਾਰ ਦੀ ਕੇਂਦਰ ਦੀ ਸਰਕਾਰ 'ਚ ਸ਼ਮੂਲੀਅਤ ਵੀ ਸੀ, ਪ੍ਰੰਤੂ ਇਹ ਇਸ ਪ੍ਰਾਜੈਕਟ ਨੂੰ ਲੁਧਿਆਣੇ ਤੋਂ ਅੱਗੇ ਅੰਮ੍ਰਿਤਸਰ ਜਾਂ ਫਿਰ ਪਠਾਨਕੋਟ ਤੱਕ ਵਧਾਏ ਜਾਣ ਵਿੱਚ ਸਫਲ ਨਾ ਹੋ ਸਕੀ। ਪਿਛਲੇ ਸਮੇਂ 'ਚ ਪੰਜਾਬ 'ਚ ਚੱਲਦੇ ਥਰਮਲ ਪਲਾਂਟਾਂ ਨੂੰ ਕੋਲੇ ਦੀ ਗੰਭੀਰ ਸਮੱਸਿਆ ਨਾਲ ਜੂਝਣਾ ਪਿਆ, ਜਿਸ ਦਾ ਕਾਰਨ ਸਿਰਫ਼ ਇਹੀ ਸੀ ਕਿ ਰੇਲਵੇ ਕੋਲ ਨਾ ਤਾਂ ਕੋਲੇ ਦੀ ਢੋਆ-ਢੁਆਈ ਲਈ ਲੋੜੀਂਦੀ ਮਾਤਰਾ ਵਿੱਚ ਰੈਕ ਉਪਲੱਬਧ ਹਨ ਅਤੇ ਨਾ ਹੀ ਰੇਲਵੇ ਲਾਈਨਾਂ ਵਿਹਲੀਆਂ ਹਨ। ਇਸੇ ਵਾਸਤੇ ਹੀ ਪੰਜਾਬ ਨੂੰ ਰੇਲ-ਸ਼ਿਪ-ਰੇਲ ਤਰੀਕੇ ਰਾਹੀਂ ਮਹਾਂ ਨਦੀ ਕੋਲਾ ਖਾਨਾਂ ਵਿਚੋਂ ਕੋਲਾ ਹਾਸਿਲ ਕਰਨ ਲਈ ਕਿਹਾ ਗਿਆ ਸੀ। ਭਾਵੇਂ ਕਿ ਪੰਜਾਬ ਸਰਕਾਰ ਵਲੋਂ ਇਸ ਨੂੰ ਰਾਜਸੀ ਕਾਰਨਾਂ ਕਰਕੇ ਪੰਜਾਬ ਨੂੰ ਨਿਸ਼ਾਨਾ ਬਣਾਏ ਜਾਣ ਦੀ ਗੱਲ ਕੀਤੀ ਗਈ ਸੀ, ਪ੍ਰੰਤੂ ਇਹ ਵੀ ਇੱਕ ਅਸਲੀਅਤ ਹੈ ਕਿ ਰੇਲਵੇ ਕੋਲ ਮੌਜੂਦਾ ਰੇਲਵੇ ਲਾਈਨਾਂ ਉੱਪਰ ਯਾਤਰੀ ਗੱਡੀਆਂ ਦੀ ਭੀੜ ਜ਼ਿਆਦਾ ਹੋਣ ਕਾਰਨ ਹੋਰ ਮਾਲ ਗੱਡੀਆਂ ਨੂੰ ਚਲਾਇਆ ਜਾਣਾ ਸੰਭਵ ਨਹੀਂ। ਜੇਕਰ ਇਹ ਡੈਡੀਕੇਟਡ ਫਰੇਟ ਕਾਰੀਡੋਰ ਲੁਧਿਆਣਾ ਤੀਕਰ ਚਾਲੂ ਹੋ ਜਾਂਦਾ ਹੈ ਅਤੇ ਅੱਗੇ ਇਸ ਨੂੰ ਅੰਮ੍ਰਿਤਸਰ ਅਤੇ ਫਿਰ ਪਠਾਨਕੋਟ ਤੀਕਰ ਵਧਾਇਆ ਜਾਂਦਾ ਹੈ ਤਾਂ ਇਸ ਦਾ ਇਸ ਖਿੱਤੇ ਨੂੰ ਬਹੁਤ ਹੀ ਵੱਡਾ ਫਾਇਦਾ ਹੋਵੇਗਾ। ਪਿਛਲੇ ਸਾਲਾਂ ਤੀਕਰ ਰੇਲਵੇ ਕੋਲ ਢੋਆ-ਢੁਆਈ ਲਈ ਲੋੜੀਂਦੀਆਂ ਵੈਗਨਜ਼ ਅਤੇ ਲਾਈਨਾਂ ਉਪਰ ਯਾਤਰੀ ਗੱਡੀਆਂ ਦੀ ਭੀੜ ਹੋਣ ਕਾਰਨ ਕਣਕ ਅਤੇ ਝੋਨੇ ਦੀ ਫ਼ਸਲ ਕਈ-ਕਈ ਸਾਲ ਪੰਜਾਬ ਦੇ ਗੋਦਾਮਾਂ ਵਿਚ ਪਈ ਖਰਾਬ ਹੁੰਦੀ ਰਹਿੰਦੀ ਸੀ, ਉਹ ਵੀ ਇਨ੍ਹਾਂ ਕਾਰੀਡੋਰਜ਼ ਦੇ ਚਾਲੂ ਹੋਣ ਨਾਲ ਜਲਦੀ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਪਹੁੰਚਾਈ ਜਾ ਸਕੇਗੀ। ਇਸ ਤੋਂ ਇਲਾਵਾ ਪੰਜਾਬ ਦੇ ਥਰਮਲ ਪਲਾਂਟ, ਜੋ ਕਿ ਗਰਮੀਆਂ ਦੇ ਦਿਨਾਂ 'ਚ ਕੋਲੇ ਦੇ ਸੰਕਟ ਨਾਲ ਜੂਝਦੇ ਹਨ, ਲਈ ਇਸ ਕਾਰੀਡੋਰ ਨਾਲ ਕੋਲਾ ਜਲਦੀ ਪਹੁੰਚ ਸਕੇਗਾ ਅਤੇ ਸਮੇਂ ਅਤੇ ਲਾਗਤ ਦੋਵਾਂ ਵਿੱਚ ਹੀ ਕਾਫ਼ੀ ਬਚਤ ਹੋਵੇਗੀ।

ਫਰੇਟ ਕਾਰੀਡੋਰ ਦੇ ਅੰਮ੍ਰਿਤਸਰ ਅਤੇ ਪਠਾਨਕੋਟ ਤੀਕਰ ਵਧਾਏ ਜਾਣ ਕਾਰਨ ਨਾ ਕੇਵਲ ਪੰਜਾਬ, ਬਲਕਿ ਹਿਮਾਚਲ ਅਤੇ ਜੰਮੂ ਕਸ਼ਮੀਰ ਨੂੰ ਵੀ ਇਸ ਤੋਂ ਚੋਖਾ ਲਾਭ ਹੋਵੇਗਾ। ਸਰਕਾਰੀ ਰਿਪੋਰਟਾਂ ਮੁਤਾਬਿਕ ਇਸ ਸਾਲ ਦੇ ਅੰਤ ਤੀਕਰ ਤਾਂ ਸ੍ਰੀਨਗਰ ਤੱਕ ਰੇਲ ਗੱਡੀ ਚਲਾ ਦਿੱਤੀ ਜਾਵੇਗੀ, ਕਿਉਂਕਿ ਜੰਮੂ ਅਤੇ ਸ੍ਰੀਨਗਰ ਨੂੰ ਜੋੜਨ ਵਾਲਾ ਚਨਾਬ ਦਰਿਆ ਉਪਰਲਾ ਰੇਲਵੇ ਪੁਲ ਲਗਭਗ ਮੁਕੰਮਲ ਹੋ ਚੁੱਕਿਆ ਹੈ। ਇਸ ਤਰ੍ਹਾਂ ਨਾਲ ਇਸ ਖੇਤਰ ਵਿੱਚ ਸਨਅਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਇਸ ਕਾਰੀਡੋਰ ਦਾ ਅੰਮ੍ਰਿਤਸਰ ਅਤੇ ਪਠਾਨਕੋਟ ਤੀਕਰ ਵਧਾਏ ਜਾਣ ਦਾ ਇਸ ਖਿੱਤੇ ਨੂੰ ਭਰਪੂਰ ਫਾਇਦਾ ਹੋਵੇਗਾ। ਇਸ ਲਈ ਇਸ ਖੇਤਰ ਦੀਆਂ ਸਮੂਹ ਰਾਜਨੀਤਕ ਪਾਰਟੀਆਂ ਨੂੰ ਸਾਂਝੇ ਰੂਪ ਵਿਚ ਯਤਨ ਕਰਨੇ ਚਾਹੀਦੇ ਹਨ ਕਿ ਸਰਕਾਰ ਦੁਆਰਾ ਨਵੀਆਂ ਤਜਵੀਜ਼ ਕੀਤੀਆਂ ਜਾ ਰਹੀਆਂ ਡੈਡੀਕੇਟਡ ਫਰੇਟ ਕਾਰੀਡੋਰਜ਼ 'ਚ ਲੁਧਿਆਣਾ ਤੋਂ ਅੰਮ੍ਰਿਤਸਰ ਅਤੇ ਜਲੰਧਰ ਤੋਂ ਪਠਾਨਕੋਟ ਅਤੇ ਅੱਗੇ ਜੰਮੂ ਕਸ਼ਮੀਰ ਤੀਕਰ ਦੇ ਕਾਰੀਡੋਰ ਪ੍ਰਾਜੈਕਟਾਂ ਨੂੰ ਇਨ੍ਹਾਂ ਵਿੱਚ ਸ਼ਾਮਿਲ ਕਰਵਾਏ ਜਾਣ ਲਈ ਕੇਂਦਰ ਸਰਕਾਰ ਤੱਕ ਸਾਕਾਰਤਮਿਕ ਪਹੁੰਚ ਕੀਤੀ ਜਾਵੇ।

****

## ਅਮਰੀਕਾ ਦੇ ਸਾਊਥ ਕੈਰੋਲੀਨਾ ਰਾਜ 'ਚ

ਉਥੇ ਹੀ ਰੱਖ ਦਿੱਤੀਆਂ ।ਉਪਰੰਤ ਸਟੋਰ ਮਾਲਕ ਨਾਲ ਤਕਰਾਰ ਤੋਂ ਬਾਅਦ ਉਹ ਸਟੋਰ ਤੋਂ ਬਾਹਰ ਚਲਾ ਗਿਆ। ਇਸੇ ਦੌਰਾਨ ਰਿਚਲੈਂਡ ਕਾਉਂਟੀ ਦੇ ਕੋਰੋਨਰ ਨਾਈਡਾ ਰੁਦਰਫੋਰਡ ਨੇ ਇੰਸਟਗਰਾਮ ਉਪਰ ਪਾਈ ਇਕ ਵੀਡੀਓ ਵਿੱਚ ਕਿਹਾ ਹੈ ਕਿ ਸਟੋਰ ਦੀ ਵੀਡੀਓ ਰਿਕਾਰਡਿੰਗ ਵੇਖਣ ਤੋਂ ਪਤਾ ਲੱਗਦਾ ਹੈ ਕਿ ਲੜਕਾ ਵਸਤਾਂ ਚੋਰੀ ਨਹੀਂ ਕਰ ਰਿਹਾ ਬਲਕਿ ਕੁਝ ਵਸਤਾਂ ਚੁੱਕ ਰਿਹਾ ਹੈ ਪਰੰਤੂ ਇਸ ਦੇ ਤੁਰੰਤ ਬਾਅਦ ਉਸ ਨੇ ਵਸਤਾਂ ਉਥੇ ਹੀ ਰੱਖ ਦਿੱਤੀਆਂ ਜਿਥੋਂ ਉਸ ਨੇ ਚੁੱਕੀਆਂ ਸਨ। ਸਟੋਰ ਮਾਲਕ ਨੇ ਲੜਕੇ ਕੋਲ ਗੰਨ ਹੋਣ ਦੀ ਗੱਲ ਕਹੀ ਹੈ ਪਰੰਤੂ ਪੁਲਿਸ ਦਾ ਕਹਿਣਾ ਹੈ ਕਿ ਲੜਕੇ ਦੀ ਲਾਸ਼ ਕੋਲੋਂ ਗੰਨ ਜਰੂਰ ਮਿਲੀ ਹੈ ਪਰੰਤੂ ਅਜਿਹਾ ਕੋਈ ਵੀ ਸਬੂਤ ਨਹੀਂ ਮਿਲਿਆ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਲੜਕੇ ਨੇ ਮਰਨ ਤੋਂ ਪਹਿਲਾਂ ਸਟੋਰ ਮਾਲਕ 'ਤੇ ਬੰਦੂਕ ਤਾਣੀ ਸੀ।

***

## ਬਹੁਤ ਪੁਰਾਣਾ ਹੈ ਭਾਰਤ ਵਿੱਚ ਰੇਲ ਹਾਦਸਿਆਂ ਦਾ ਇਤਿਹਾਸ

-10 ਜੁਲਾਈ 2011: ਕਾਲਕਾ ਮੇਲ ਪਟੜੀ ਤੋਂ ਉੱਤਰਨ ਕਾਰਨ 70 ਮੌਤਾਂ, 300 ਜ਼ਖ਼ਮੀ

-12 ਜੁਲਾਈ 2011 ਪਟਨਾ ਰਾਜਧਾਨੀ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ

-22 ਜੁਲਾਈ 2011 ਮਾਲ ਗੱਡੀ ਪਟੜੀ ਤੋਂ ਉਤਰ ਗਈ

-23 ਜੁਲਾਈ 2011 ਨੂੰ ਵੀ ਮਾਲ ਗੱਡੀ ਪਟੜੀ ਤੋਂ ਉਤਰ ਗਈ ਸੀ

-31 ਜੁਲਾਈ 2011 ਨੂੰ ਗੁਹਾਟੀ-ਬੰਗਲੌਰ ਐਕਸਪ੍ਰੈੱਸ ਪਟੜੀ ਤੋਂ ਉੱਤਰੀ, 3 ਦੀ ਮੌਤ, 200 ਜ਼ਖ਼ਮੀ

-2 ਸਤੰਬਰ 2011 ਨੂੰ ਮਾਲ ਗੱਡੀ ਦੇ ਦੋ ਡੱਬੇ ਪਟੜੀ ਤੋਂ ਉਤਰ ਗਏ ਸਨ।

-13 ਸਤੰਬਰ 2011 ਨੂੰ ਚੇਨਈ ਵਿੱਚ ਮੇਮੂ ਰੇਲ ਹਾਦਸੇ ਵਿੱਚ 10 ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਜ਼ਖ਼ਮੀ ਹੋ ਗਏ ਸਨ।

-ਹਾਵੜਾ-ਦੇਹਰਾਦੂਨ ਐਕਸਪ੍ਰੈੱਸ ਨੂੰ 22 ਨਵੰਬਰ 2011 ਨੂੰ ਲੱਗੀ ਅੱਗ, 7 ਯਾਤਰੀ ਸੜ ਕੇ ਮਰੇ

-11 ਜਨਵਰੀ 2012 ਨੂੰ ਬ੍ਰਹਮਪੁੱਤਰ ਮੇਲ ਦੀ ਮਾਲ ਗੱਡੀ ਨਾਲ ਟੱਕਰ ਕਾਰਨ 5 ਯਾਤਰੀਆਂ ਦੀ ਮੌਤ ਹੋ ਗਈ ਸੀ।

-5 ਫਰਵਰੀ 2012 ਨੂੰ ਗਵਾਲੀਅਰ ਨੇੜੇ ਰੇਲ ਹਾਦਸਾ

-26 ਫਰਵਰੀ 2012 ਨੂੰ ਰੇਲ ਹਾਦਸੇ ਵਿੱਚ 3 ਲੋਕਾਂ ਦੀ ਮੌਤ ਹੋ ਗਈ ਸੀ

-19 ਮਾਰਚ 2012 ਨੂੰ ਪਟਨਾ 'ਚ ਰੇਲ ਹਾਦਸੇ 'ਚ 7 ਯਾਤਰੀ ਜ਼ਖਮੀ ਹੋ ਗਏ ਸਨ।

-ਇਸੇ ਤਰ੍ਹਾਂ ਸਾਲ 2012 ਵਿੱਚ 9 ਹੋਰ ਰੇਲ ਹਾਦਸੇ ਹੋਏ।

ਸਾਲ 2013 'ਚ 6 ਰੇਲ ਹਾਦਸੇ ਦਰਜ ਕੀਤੇ ਗਏ ਸਨ, ਜਿਨ੍ਹਾਂ 'ਚ ਕਈ ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਯਾਤਰੀ ਜ਼ਖਮੀ ਹੋਏ ਸਨ।

2014 'ਚ 7 ਰੇਲ ਹਾਦਸੇ ਦਰਜ ਕੀਤੇ ਗਏ ਸਨ, ਜਿਨ੍ਹਾਂ 'ਚ ਕਈ ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਯਾਤਰੀ ਜ਼ਖਮੀ ਹੋਏ ਸਨ।

ਸਾਲ 2015 'ਚ ਕੁੱਲ 11 ਰੇਲ ਹਾਦਸੇ ਦਰਜ ਕੀਤੇ ਗਏ ਸਨ, ਜਿਨ੍ਹਾਂ 'ਚ ਕਈ ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ ਕਈ ਯਾਤਰੀ ਜ਼ਖਮੀ ਹੋਏ ਸਨ।

- 20 ਮਾਰਚ 2015 ਨੂੰ ਦੇਹਰਾਦੂਨ ਤੋਂ ਵਾਰਾਣਸੀ ਜਾ ਰਹੀ ਜਨਤਾ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ। ਇਸ ਹਾਦਸੇ 'ਚ 34 ਲੋਕਾਂ ਦੀ ਮੌਤ ਹੋ ਗਈ ਸੀ।

ਸਾਲ 2016 ਵਿੱਚ 6 ਰੇਲ ਹਾਦਸੇ ਦਰਜ ਕੀਤੇ ਗਏ ਸਨ। ਜਿਸ ਵਿੱਚ 20 ਨਵੰਬਰ 2016 ਦੀ ਘਟਨਾ ਵੀ ਸ਼ਾਮਲ ਹੈ। ਕਾਨਪੁਰ ਨੇੜੇ ਪੁਖਰਯਾਨ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਜਿਸ ਵਿੱਚ ਘੱਟੋ-ਘੱਟ 150 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ।

-ਜਨਵਰੀ 2017 ਵਿੱਚ, ਹੀਰਾਖੰਡ ਐਕਸਪ੍ਰੈੱਸ ਵਿਜ਼ਿਆਨਗਰਮ ਦੇ ਨੇੜੇ ਪਟੜੀ ਤੋਂ ਉਤਰ ਗਈ ਸੀ, ਜਿਸ ਵਿੱਚ 41 ਲੋਕ ਮਾਰੇ ਗਏ ਸਨ ਅਤੇ 69 ਜ਼ਖਮੀ ਹੋ ਗਏ ਸਨ।

-2018 ਵਿੱਚ, ਨਿਊ ਫਰੱਕਾ ਐਕਸਪ੍ਰੈੱਸ ਇੱਕ ਹਾਦਸੇ ਵਿੱਚ ਪਟੜੀ ਤੋਂ ਉਤਰ ਗਈ ਸੀ, ਜਿਸ ਵਿੱਚ 7 ਯਾਤਰੀਆਂ ਦੀ ਮੌਤ ਹੋ ਗਈ ਸੀ।

-3 ਫਰਵਰੀ 2019 ਨੂੰ ਪਟਨਾ ਦੇ ਨੇੜੇ ਇੱਕ ਵੱਡੀ ਰੇਲਗੱਡੀ ਪਟੜੀ ਤੋਂ ਉਤਰ ਗਈ ਜਦੋਂ ਸੀਮਾਂਚਲ ਐਕਸਪ੍ਰੈੱਸ ਪਟੜੀ ਤੋਂ ਉਤਰ ਗਈ। ਇਸ ਹਾਦਸੇ 'ਚ ਘੱਟੋ-ਘੱਟ 7 ਯਾਤਰੀਆਂ ਦੀ ਮੌਤ ਹੋ ਗਈ ਸੀ।

***

## ਅਕਾਲੀ ਦਲ ਦੇ ਏਜੰਡੇ ਬਾਰੇ ਜਥੇਦਾਰ ਅਕਾਲ ਤਖ਼ਤ ਦਾ

ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਇਹਨਾਂ ਦੇ ਹੱਥੋਂ ਤਾਕਤ ਦਾ ਆਖਰੀ ਹਥਿਆਰ ਵੀ ਖਤਮ ਹੋ ਜਾਵੇਗਾ। ਹਰਿਆਣਾ ਵਿੱਚ ਪ੍ਰਬੰਧਕ ਕਮੇਟੀ ਵੀ ਅਸਿਧੇ ਤੌਰ 'ਤੇ ਬੀਜੇਪੀ ਦੇ ਗੋਡੇ ਹੇਠ ਹੈ। ਬਾਬਾ ਬਲਜੀਤ ਸਿੰਘ ਦਾਦੂਵਾਲ ਆਏ ਦਿਨ ਬੀਜੇਪੀ ਦੇ ਗੁਣਗਾਨ ਕਰਦੇ ਨਜ਼ਰ ਆਉਦੇ ਹਨ। ਦਿੱਲੀ ਵਿੱਚ ਵਕਤੀ ਤੌਰ 'ਤੇ ਬਾਦਲਕਿਆਂ ਕਾਰਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਿੱਖੀ ਦਾ ਪ੍ਰਬੰਧਕ ਵਜੂਦ ਖਤਮ ਹੋ ਗਿਆ ਹੈ। ਉਹ ਹੁਣ ਪੂਰੀ ਤਰ੍ਹਾਂ ਨਾਲ ਆਰ ਐਸ ਐਸ ਦੇ ਕਬਜ਼ੇ ਹੇਠ ਹੈ। ਪਾਣੀਆਂ ਦੇ ਹੱਕ ਖੁੱਸ ਕੇ ਕੇਂਦਰ ਕੋਲ ਚਲੇ ਗਏ। ਚੰਡੀਗੜ੍ਹ ਉਪਰ ਪੰਜਾਬ ਦੇ ਹੱਕ ਲਈ ਬਾਦਲਕਿਆਂ ਨੇ ਜੁਬਾਨ ਬੰਦ ਰੱਖੀ। ਬਿਜਲੀ, ਸਿੱਖਿਆ, ਕਿਸਾਨੀ ਨੂੰ ਕੇਂਦਰੀ ਸਰਕਾਰਾਂ ਦੇ ਰਹਿਮੋ ਕਰਮ ਤੇ ਛੱਡਣਾ ਵੱਡੀਆਂ ਸਿਆਸੀ ਗਲਤੀਆਂ ਸਨ।

ਅੱਜ ਦੇ ਬਿਖੜੇ ਸਮੇ ਵਿੱਚ ਸਭ ਤੋਂ ਵੱਡੀ ਜਰੂਰਤ ਸਿੱਖਾਂ ਵਿੱਚ ਸਿਰ ਜੋੜਕੇ ਇਕੱਠੇ ਹੋਣਾ ਸਮੇਂ ਦੀ ਨਜ਼ਾਕਤ ਨੂੰ ਪਹਿਚਾਨਣ ਦੀ ਹੈ। ਨਵੇਂ ਸਿਰਿਉ ਅਕਾਲੀ ਦਲ ਸਿਰਜਣ ਦੀ ਹੈ ਜਿਸ ਦਾ ਨਿਸ਼ਾਨਾ ਗੁਰੂ ਗਰੰਥ ਸਾਹਿਬ ਆਧਾਰਿਤ ਰਾਜਨੀਤੀ ਹੋਵੇ। ਦੇਸ਼ ਵਿਦੇਸ਼ਾਂ ਵਿੱਚ ਸਿੱਖਾਂ ਦੀਆਂ ਚਿੰਤਾਵਾਂ ਨੂੰ ਵੀ ਇਹ ਜਥੇਬੰਦੀ ਆਪਣੇ ਪੰਥਕ ਮਿਸ਼ਨ ਦਾ ਆਧਾਰ ਬਣਾਵੇ। ਜਥੇਦਾਰ ਜੀ ਨੂੰ ਇਹ ਅਪੀਲ ਖਾਲਸਾ ਪੰਥ ਨੂੰ ਕਰਨੀ ਚਾਹੀਦੀ ਸੀ ਕਿ ਸਮੂਹ ਖਾਲਸਾ ਪੰਥ ਨਵੀਂ ਪੰਥ ਰਾਜਸੀ ਜਥੇਬੰਦੀ ਦੀ ਮੁਹਿੰਮ ਚਲਾਵੇ ਜਿਸ ਦਾ ਮਨੋਰਥ ਗੁਰੂ ਗਰੰਥ ਸਾਹਿਬ ਦੇ ਆਧਾਰ ਉਪਰ ਰਾਜਨੀਤੀ ਖੜੀ ਕਰਨਾ ਹੋਵੇ। ਗੁਰੂ ਗਰੰਥ ਸਾਹਿਬ ਦਾ ਵਨਸਵੰਨਤਾ, ਸਰਬਤ ਦੇ ਭਲੇ, ਸਾਂਝੀਵਾਲਤਾ ਤੇ ਦਬੇ ਕੁਚਲਿਆਂ ਦੀ ਰਖਿਆ ਦੇ ਰਾਜਨੀਤਕ ਸਿਧਾਂਤ, ਉਪਰ ਖੜੀ ਪੰਥਕ ਰਾਜਨੀਤੀ ਪੰਜਾਬ ਤੇ ਖਾਲਸਾ ਪੰਥ ਉਪਰ ਰਹਿਮਤ ਦੀ ਬਾਰਸ਼ ਕਰ ਸਕੇਗੀ।

****

## ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭੰਬਲਭੂਸੇ ਵਿੱਚ

ਜਾਣਗੇ ਅਤੇ 1925 ਦੇ ਗੁਰਦੁਆਰਾ ਐਕਟ ਵਿਚ ਸੋਧ ਕੀਤੀ ਜਾਵੇਗੀ। ਇਸ ਕਾਰਣ ਚੋਣ ਦਾ ਮਾਮਲਾ ਇਕ ਵਾਰ ਫਿਰ ਲਟਕਾਇਆ ਸਕਦਾ ਹੈ।

ਇਹ ਚੰਗੀ ਗੱਲ ਹੈ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਵੋਟਾਂ ਵੀ ਵੋਟਰ ਦੀ ਤਸਵੀਰ ਲੱਗ ਕੇ ਬਣ ਰਹੀਆਂ ਹਨ ਪਰ ਪਿਛਲਾ ਤਜਰਬਾ ਦੱਸਦਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਕੁਝ ਲੋਕ ਤਾਂ ਖ਼ੁਦ ਬਣਵਾਉਂਦੇ ਹਨ ਪਰ ਬਹੁਤੀਆਂ ਵੋਟਾਂ ਬਣਵਾਉਣ ਦਾ ਕੰਮ ਸੰਭਾਵਿਤ ਉਮੀਦਵਾਰ ਹੀ ਕਰਦੇ ਹਨ, ਜੋ ਕੁਦਰਤੀ ਰੂਪ ਵਿੱਚ ਆਪਣੇ ਸਮਰਥਕਾਂ ਦੀਆਂ ਵੋਟਾਂ ਬਣਾਉਣ ਨੂੰ ਹੀ ਤਰਜੀਹ ਦਿੰਦੇ ਹਨ। ਇਸੇ ਕਰਕੇ ਬਾਦਲ ਦਲ ਜੇਤੂ ਹੁੰਦਾ ਰਿਹਾ ਹੈ। ਇਸ ਤਰ੍ਹਾਂ ਬਹੁਤੇ ਸਿੱਖ, ਵੋਟਰ ਬਣਨ ਤੋਂ ਰਹਿ ਜਾਂਦੇ ਹਨ। ਇਸ ਲਈ ਜੇਕਰ ਗੁਰਦੁਆਰਾ ਚੋਣ ਕਮਿਸ਼ਨ ਇਹ ਚਾਹੁੰਦਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਸਮੁੱਚੀ ਸੰਗਤ ਹਿੱਸਾ ਲਵੇ ਤਾਂ ਇਹ ਜ਼ਰੂਰੀ ਕੀਤਾ ਜਾਵੇ ਕਿ ਸਰਕਾਰੀ ਕਰਮਚਾਰੀ ਹੋਰ ਵੋਟਾਂ ਵਾਂਗ ਇਹ ਵੋਟਾਂ ਵੀ ਗਲੀ-ਗਲੀ, ਘਰ-ਘਰ ਜਾ ਕੇ ਬਣਾਉਣ ਤਾਂ ਜੋ ਹਰ ਯੋਗ ਸਿੱਖ ਔਰਤ-ਮਰਦ ਵੋਟਰ ਬਣ ਸਕੇ।

ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਅਕਾਲੀ ਦਲ ਬਾਦਲ ਅਤੇ ਬਾਦਲ ਵਿਰੋਧੀ ਦਲਾਂ ਦੇ ਚੋਣਾਂ ਵਿੱਚ ਭਾਗ ਲੈਣ ਦੀ ਗੱਲ ਤਾਂ ਪੂਰੀ ਤਰ੍ਹਾਂ ਸਪੱਸ਼ਟ ਹੈ, ਜਦੋਂ ਕਿ ਇਹ ਚਰਚਾ ਵੀ ਹੈ ਕਿ ਆਮ ਆਦਮੀ ਪਾਰਟੀ ਵੀ ਇਨ੍ਹਾਂ ਚੋਣਾਂ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਆਪਣਾ ਰੋਲ ਨਿਭਾਏਗੀ। ਸੰਭਾਵਨਾ ਹੋ ਸਕਦੀ ਹੈ ਕਿ ਆਪ ਕਿਸੇ ਬਾਦਲ ਵਿਰੋਧੀ ਗੁੱਟ ਨੂੰ ਮਦਦ ਦੇ ਸਕਦੀ ਹੈ ਜਾਂ ਦਿੱਲੀ ਵਾਂਗ ਵੱਖਰਾ ਧਾਰਮਿਕ ਸਿੱਖ ਧੜਾ ਬਣਾ ਸਕਦੀ ਹੈ, ਜਦੋਂ ਕਿ ਕਾਂਗਰਸ ਤੇ ਭਾਜਪਾ ਦੀ ਇਸ ਬਾਰੇ ਨੀਤੀ ਸਪਸ਼ਟ ਨਹੀਂ। ਕਿਹਾ ਜਾ ਰਿਹਾ ਹੈ ਕਿ ਭਾਜਪਾ ਵਲੋਂ ਬੀਬੀ ਜਾਗੀਰ ਕੌਰ ਤੇ ਸੰਯੁਕਤ ਅਕਾਲੀ ਦਲ ਢੀਂਡਸਾ ਨੂੰ ਥਾਪੜਾ ਦਿੱਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਲਈ ਬੀਬੀ ਜਾਗੀਰ ਕੌਰ ਨੇ ਆਪਣਾ ਨਵਾਂ ਅਕਾਲੀ ਦਲ ਵੀ ਬਣਾ ਲਿਆ ਹੈ।

***

## ਜੇਠ ਮਹੀਨੇ ਲੱਗੀ

ਹੁਣ ਇਹ ਮਾਈਨਸ 11 ਡਿਗਰੀ ਹੈ। ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਇਕ ਦਿਨ ਦਰਿਆ ਸੁੱਕ ਜਾਣਗੇ ਅਤੇ ਸਮੁੰਦਰ ਦੇ ਨਾਲ ਲੱਗਦੇ ਸ਼ਹਿਰ ਡੁੱਬ ਜਾਣਗੇ।

ਵਿਗਿਆਨੀ ਕਹਿੰਦੇ ਹਨ ਕਿ ਜਲਵਾਯੂ ਪਰਿਵਰਤਨ ਅਤੇ ਤਾਪਮਾਨ ਨੂੰ ਠੀਕ ਰੱਖਣ ਲਈ ਸਭ ਤੋਂ ਪਹਿਲਾਂ ਸਾਨੂੰ ਕਾਰਬਨ ਦੇ ਨਿਕਾਸ ਨੂੰ ਰੋਕਣਾ ਹੋਵੇਗਾ। ਇਸ ਦੇ ਨਾਲ ਹੀ ਧਰਤੀ ਨੂੰ ਵੱਧ ਤੋਂ ਵੱਧ ਹਰਿਆ ਭਰਿਆ ਬਣਾਉਣ ਦੀ ਲੋੜ ਹੈ। ਕੁਦਰਤੀ ਸੋਮਿਆਂ ਦੀ ਵੱਧ ਤੋਂ ਵੱਧ ਦੁਰਵਰਤੋਂ ਕਰਨ ਦੀ ਬਜਾਏ ਇਨ੍ਹਾਂ ਦੀ ਸੰਭਾਲ ਵੱਲ ਧਿਆਨ ਦੇਣ ਦੀ ਲੋੜ ਹੈ। ਵਾਹੀਯੋਗ ਜ਼ਮੀਨ ਨੂੰ ਖਾਲੀ ਅਤੇ ਸੁੱਕਾ ਨਹੀਂ ਰੱਖਣਾ ਚਾਹੀਦਾ। ਫ਼ੁੱਟ-ਪਾਥਾਂ 'ਤੇ ਸੀਮਿੰਟ ਦੀਆਂ ਇੱਟਾਂ ਦੀ ਬਜਾਏ ਇੰਟਰਲਾਕਿੰਗ ਟਾਈਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਮੀਂਹ ਦਾ ਪਾਣੀ ਜ਼ਮੀਨ ਵਿੱਚ ਜਾ ਸਕੇ। ਕੰਕਰੀਟ ਦੀ ਵਰਤੋਂ ਘੱਟ ਕਰਨੀ ਪਵੇਗੀ, ਕਿਉਂਕਿ ਇਮਾਰਤਾਂ ਬਣਾਉਣ ਵਿੱਚ ਵਰਤੀ ਜਾਂਦੀ ਸੀਮਿੰਟ, ਕੰਕਰੀਟ ਆਦਿ ਸਮੱਗਰੀ ਵੀ ਲੰਬੇ ਸਮੇਂ ਤੱਕ ਗਰਮੀ ਨੂੰ ਸੋਖ ਲੈਂਦੀ ਹੈ ਅਤੇ ਰਾਤ ਨੂੰ ਇਸ ਦਾ ਨਿਕਾਸ ਕਰਦੀ ਹੈ।

***

## ਸਿੰਗਾਪੁਰ ਵਿੱਚ 24 ਦੇਸ਼ਾਂ ਦੇ ਖੁਫ਼ੀਆ ਮੁਖੀਆਂ ਦੀ ਗੁਪਤ ਮੀਟਿੰਗ

ਲਈ ਸਾਈਬਰ ਸੁਰੱਖਿਆ 'ਤੇ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਇਕ ਸੂਤਰ ਮੁਤਾਬਕ ਇਸ ਬੈਠਕ 'ਚ ਕਈ ਅਜਿਹੀਆਂ ਗੱਲਾਂ ਹਨ, ਜਿਨ੍ਹਾਂ 'ਤੇ ਚਰਚਾ ਹੋਈ, ਪਰ ਉਨ੍ਹਾਂ ਦੀ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ।

ਅਮਰੀਕੀ ਖੁਫ਼ੀਆ ਏਜੰਸੀ ਸੀਆਈਏ ਦਾ ਡਾਇਰੈਕਟਰ ਸ਼ੁੱਕਰਵਾਰ ਤੱਕ ਸਿੰਗਾਪੁਰ ਵਿੱਚ ਸੀ। ਮੰਨਿਆ ਜਾ ਰਿਹਾ ਹੈ ਕਿ ਉਹ ਚੀਨ ਦੇ ਖੁਫ਼ੀਆ ਮੁਖੀ ਨੂੰ ਵੱਖਰੇ ਤੌਰ 'ਤੇ ਮਿਲੇ ਸਨ। ਅਮਰੀਕਾ ਨੇ ਚੀਨ ਨੂੰ ਕਿਹਾ ਹੈ ਕਿ ਹਰ ਪੱਧਰ 'ਤੇ ਸੰਚਾਰ ਜ਼ਰੂਰੀ ਹੈ।

## ਸ਼ੱਕ ਦੇ ਜਵਾਰਭਾਟੇ

ਨਾਲ ਪਰਿਵਾਰ ਵਿੱਚ ਏਕਤਾ ਬਣੀ ਰਹੇਗੀ ਅਤੇ ਗਲਤੀ ਕਰਨ ਵਾਲੇ ਇਨਸਾਨ ਨੂੰ ਹਮੇਸ਼ਾ ਆਪਣੀ ਗਲਤੀ ਦਾ ਅਹਿਸਾਸ ਵੀ ਹੁੰਦਾ ਰਹੇਗਾ। ਜਿੰਦਗੀ ਨੂੰ ਜਿਉਦਿਆਂ, ਕਬੀਲਦਾਰੀਆਂ ਸਾਂਭਦਿਆਂ ਮਨੁੱਖ ਕੋਲੋਂ ਸੌ ਨਫੇ , ਨੁਕਸਾਨ ਹੋ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਸਥਿਤੀ ਹੋਵੇ ਤੁਹਾਡੀ ਵਫ਼ਾਦਾਰੀ ਤੁਹਾਡੀ ਪਹਿਚਾਣ ਬਣਨੀ ਚਾਹੀਦੀ ਹੈ। ਆਪਣੇ ਰਿਸ਼ਤਿਆਂ ਦੇ ਬੂਟੇ ਨੂੰ ਪਿਆਰ, ਸਤਿਕਾਰ, ਮੁੱਹਬਤ ਦੀ ਅਜਿਹੀ ਸਿੰਚਾਈ ਕਰੋ ਕਿ ਤੁਹਾਡੇ ਰਿਸ਼ਤਿਆਂ ਦੀਆਂ ਜੜ੍ਹਾਂ ਨੂੰ ਜੀਵਨ ਦੀ ਕੋਈ ਵੀ ਚਣੌਤੀ, ਮੁਸ਼ਕਿਲ ਹਿਲਾ ਨਾ ਸਕੇ। ਆਪਣਿਆਂ ਦਾ ਭਰੋਸਾ ਜਿੱਤੋ, ਵਿਸ਼ਵਾਸ ਜਿੱਤੋ ਅਤੇ ਫਿਰ ਕੋਸ਼ਿਸ਼ ਕਰੋ ਕਿ ਇਹ ਭਰੋਸਾ ਕਦੇ ਨਾ ਟੁੱਟੇ ।

ਮਨੁੱਖ ਨੂੰ ਇਸ ਧਰਤੀ ਉੱਪਰ ਸਿਰਫ਼ ਜਿਊਣ ਲਈ ਭੇਜਿਆ ਗਿਆ ਹੈ, ਨਾ ਤਾਂ ਕਿਸੇ ਤੋਂ ਅੱਗੇ ਨਿਕਲਣ ਲਈ ਭੇਜਿਆ ਗਿਆ ਅਤੇ ਨਾ ਹੀ ਕਿਸੇ ਤੋਂ ਪਿੱਛੇ ਰਹਿਣ ਲਈ, ਮਨੁੱਖ ਨੂੰ ਸਿਰਫ਼ ਇੱਕ ਚੰਗਾ ਜੀਵਨ ਜਿਊਣ ਲਈ ਇਸ ਧਰਤ ਦੀ ਗੋਦ ਨਸੀਬ ਹੋਈ ਹੈ। ਇੱਕ ਚੰਗਾ ਸਕੂਨਮਈ ਜੀਵਨ ਦਾ ਅਹਿਸਾਸ ਓਦੋਂ ਹੀ ਹੋ ਸਕਦਾ ਹੈ ਜਦੋਂ ਸਾਡੇ ਆਪਣੇ ਸਾਡੇ ਨਾਲ ਹੁੰਦੇ ਹਨ, ਜਦੋਂ ਸਾਡੇ ਪਰਿਵਾਰ, ਰਿਸ਼ਤੇ ਸਾਨੂੰ ਡਿੱਗਿਆ ਨੂੰ ਚੁੱਕਣ ਲਈ ਭੱਜੇ ਆਉਂਦੇਹਨ ਅਤੇ ਜਦੋਂ ਸਾਡੇ ਰਿਸ਼ਤੇ ਔਖੇ ਸੌਖੇ ਸਮਿਆਂ ਵਿੱਚ ਸਾਡੇ ਲਈ ਖੁਸ਼ੀ ਦੀ ਇੱਕ ਲੀਕ ਸਾਬਿਤ ਹੁੰਦੇ ਹਨ। ਆਪਣੇ ਰਿਸ਼ਤਿਆਂ ਲਈ ਸਮਾਂ ਕੱਢੀਏ ਅਤੇ ਇੱਕ ਦੂਸਰੇ ਦੀ ਢਾਲ ਬਣੀਏ, ਰਿਸ਼ਤਿਆਂ ਨੂੰ ਬਣਦਾ ਸਤਿਕਾਰ ਅਤੇ ਪਿਆਰ ਦੇਈਏ, ਵਫ਼ਾਦਾਰੀ ਦੀਆਂ ਨੀਹਾਂ ਨੂੰ ਏਨਾਂ ਪੱਕਾ ਕਰੀਏ ਕਿ ਤੁਹਾਡੀ ਵਫ਼ਾਦਾਰੀ ਤੁਹਾਡੇ ਕਿਰਦਾਰ ਅਤੇ ਸ਼ਖਸੀਅਤ ਦੀ ਪਹਿਚਾਣ ਬਣ ਜਾਵੇ। ਆਓ ਅਜਿਹਾ ਸਮਾਜ ਸਿਰਜੀਏ ਜਿੱਥੇ ਹਰ ਰਿਸ਼ਤੇ ਮਾਂ- ਬਾਪ, ਭੈਣ - ਭਰਾ, ਪਤੀ- ਪਤਨੀ, ਮਾਮੇ ਮਾਸੀਆਂ ਵਿੱਚ ਅੰਤਾਂ ਦਾ ਸਤਿਕਾਰ ਹੋਵੇ ਤੇ ਪਿਆਰ ਬੇਸ਼ੁਮਾਰ ਹੋਵੇ।

***

## ਪਾਕਿਸਤਾਨ ਵਿੱਚ ਭੁੱਖਮਰੀ ਦੀ ਸੰਭਾਵਨਾ

ਮਿਲੇਗਾ ਜਿਸ ਕਾਰਨ ਆਰਥਿਕ ਹਾਲਤ ਸੁਧਰ ਸਕਦੀ ਹੈ। ਰੂਸ ਪਾਕਿ ਨੂੰ ਅਮਰੀਕਾ ਦੇ ਘੇਰੇ ਵਿਚੋਂ ਕਢਕੇ ਆਪਣੇ ਨਾਲ ਜੋੜਨਾ ਚਾਹੁੰਦਾ ਹੈ ਤਾਂ ਜੋ ਇਸਲਾਮੀ ਦੇਸਾਂ ਨੂੰ ਜੰਗ ਮੌਕੇ ਅਮਰੀਕਾ ਤੇ ਪੱਛਮੀ ਦੇਸਾਂ ਵਿਰੁੱਧ ਆਪਣੇ ਨਾਲ ਜੋੜਿਆ ਜਾਵੇ। ਭਾਰਤ ਨੂੰ ਵੀ ਇਸ ਮੌਕੇ ਪੰਜਾਬ ਦੇ ਬਾਰਡਰ ਵਪਾਰ ਲਈ ਖੋਲਣੇ ਚਾਹੀਦੇ ਹਨ ਤਾਂ ਜੋ ਦੱਖਣੀ ਏਸ਼ੀਆ ਵਿੱਚ ਸ਼ਾਂਤੀ ਦਾ ਮਾਹੌਲ ਕਾਇਮ ਕੀਤਾ ਜਾ ਸਕੇ। ਭਾਰਤੀ ਪੰਜਾਬ ਭੁੱਖਮਰੀ ਦੇ ਸੰਕਟ ਦੌਰਾਨ ਵੱਡੀ ਭੂਮਿਕਾ ਨਿਭਾ ਸਕਦਾ ਹੈ। ਇਹ ਭਾਰਤ ਦੀ ਆਰਥਿਕਤਾ ਲਈ ਜਰੂਰੀ ਹੈ ਕਿ ਇਥੇ ਖੇਤੀ ਇੰਡਸਟਰੀ ਉਸਾਰੀ ਜਾਵੇ।

ਅਫਗਾਨਿਸਤਾਨ, ਨਾਈਜੀਰੀਆ, ਸੋਮਾਲੀਆ, ਦੱਖਣੀ ਸੂਡਾਨ ਅਤੇ ਯਮਨ ਚਿੰਤਾਜਨਕ ਤੌਰ 'ਤੇ ਭੋਜਨ ਸੰਕਟ ਤੋਂ ਪ੍ਰਭਾਵਿਤ ਦੇਸ਼ਾਂ ਵਿੱਚ ਸ਼ਾਮਲ ਹਨ, ਜਦਕਿ ਹੈਤੀ, ਬੁਰਕੀਨਾ ਫਾਸੋ, ਮਾਲੀ, ਸੂਡਾਨ, ਇਥੋਪੀਆ, ਕੀਨੀਆ, ਕਾਂਗੋ ਅਤੇ ਸੀਰੀਆ ਵੀ ਇਸ ਸੂਚੀ ਵਿੱਚ ਸ਼ਾਮਲ ਹਨ। ਸੋ ਇਹ ਭਾਰਤੀ ਪੰਜਾਬ ਤੇ ਭਾਰਤ ਲਈ ਉਭਰਨ ਦਾ ਸਮਾਂ ਹੈ।

***

## ਪਾਣੀ: ਪਿਆਓ ਤੋਂ ਬੋਤਲਬੰਦ ਤੱਕ ਦਾ ਸਫ਼ਰ

ਛੱਪੜਾਂ ਅਤੇ ਖੂਹਾਂ ਅਤੇ ਨਦੀਆਂ ਤੋਂ ਹੀ ਪੀਤਾ ਜਾਂਦਾ ਸੀ। ਸੜਕ ਤੋਂ ਸਫ਼ਰ ਕਰਨ ਵਾਲੇ ਲੋਕਾਂ ਲਈ ਇਸ ਤੋਂ ਪਾਣੀ ਪੀਣਾ ਆਸਾਨ ਸੀ ਪਰ ਲੰਬੀ ਦੂਰੀ ਦੇ ਰੇਲ ਸਫ਼ਰ ਵਿੱਚ ਰੁਕ ਕੇ ਪਾਣੀ ਪੀਣਾ ਸੰਭਵ ਨਹੀਂ ਸੀ।

ਅਜਿਹੀ ਸਥਿਤੀ ਵਿੱਚ ਅੰਗਰੇਜ਼ਾਂ ਨੇ ਮੁੱਢਲੇ ਦੌਰ ਵਿੱਚ ਹੀ ਰੇਲਵੇ ਵਿੱਚ 'ਪਾਣੀ ਵਰਕਰ' ਰੱਖਣੇ ਸ਼ੁਰੂ ਕਰ ਦਿੱਤੇ। ਉਸ ਦਾ ਕੰਮ ਲੰਬੇ ਸਫ਼ਰ ਦੌਰਾਨ ਸਮੇਂ-ਸਮੇਂ 'ਤੇ ਹਰ ਸੀਟ 'ਤੇ ਜਾ ਕੇ ਲੋਕਾਂ ਨੂੰ ਪਾਣੀ ਪਿਲਾਉਣਾ ਸੀ। ਇਹ 'ਪਾਣੀ ਵਾਲਾ' ਬਾਅਦ ਵਿੱਚ ਆਮ ਲੋਕਾਂ ਵਿੱਚ 'ਪਾਣੀ ਵਰਕਰ' ਵਜੋਂ ਮਸ਼ਹੂਰ ਹੋਇਆ।

### 1965 'ਚ ਲਗਾਇਆ ਪਹਿਲਾ ਵਾਟਰ ਪਲਾਂਟ

ਸਾਲ 1965 ਵਿੱਚ, ਬਿਸਲੇਰੀ ਨੇ ਠਾਣੇ, ਮੁੰਬਈ ਵਿੱਚ ਦੇਸ਼ ਦਾ ਪਹਿਲਾ ਜਲ ਪਲਾਂਟ ਸਥਾਪਿਤ ਕੀਤਾ। ਉਦੋਂ ਲੋਕਾਂ ਨੂੰ ਯਕੀਨ ਨਹੀਂ ਸੀ ਆਉਂਦਾ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਵੀ ਖਰੀਦਿਆ-ਵੇਚਿਆ ਜਾ ਸਕਦਾ ਹੈ। ਸ਼ੁਰੂਆਤੀ ਦੌਰ 'ਚ ਇਸ ਕਾਰੋਬਾਰ ਦਾ ਕਾਫ਼ੀ ਮਜ਼ਾਕ ਉਡਾਇਆ ਗਿਆ ਸੀ ਪਰ 2021 ਤੱਕ ਭਾਰਤ 'ਚ ਹੀ ਬੋਤਲਬੰਦ ਪਾਣੀ ਦਾ ਕਾਰੋਬਾਰ 20 ਹਜ਼ਾਰ ਕਰੋੜ ਰੁਪਏ ਦਾ ਹੋ ਗਿਆ , ਜੋ ਕਿ ਹੁਣ ਕਾਫ਼ੀ ਵੱਧ ਚੁੱਕਿਆ ਹੈ।

***

## ਰਾਜਸ਼ਾਹੀ 'ਚ ਬਦਲਿਆ ਜਾ ਰਿਹੈ

ਸਰਕਾਰ ਵੱਲੋਂ ਦੱਸਿਆ ਜਾ ਰਿਹਾ ਹੈ ਤਾਂ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਉਸ ਪਲ ਦੇ ਗਵਾਹ ਕਿਉਂ ਨਹੀਂ ਸਨ? ਇਸ ਸਵਾਲ ਦਾ ਜਵਾਬ ਨਾ ਤਾਂ ਸਰਕਾਰ ਕੋਲ ਹੈ ਅਤੇ ਨਾ ਹੀ ਭਾਜਪਾ ਕੋਲ ਹੈ। ਇਹ ਇਸ ਲਈ ਹੈ ਕਿਉਂਕਿ ਅੱਜ ਭਾਰਤ ਮੁੜ ਉਸੇ ਪਲ ਵਿੱਚ ਜੀ ਰਿਹਾ ਹੈ ਜਿਵੇਂ ਕਿ ਇੰਦਰਾ ਗਾਂਧੀ ਦੇ ਸਮੇਂ ਵਿਚ ਸੀ। ਜਦੋਂ ਕੈਬਨਿਟ ਅਤੇ ਸਰਕਾਰ ਦਾ ਮਤਲਬ ਸਿਰਫ਼ ਇੰਦਰਾ ਗਾਂਧੀ ਸੀ। ਉਹੀ ਸਰਕਾਰ ਸੀ, ਉਹੀ ਸੰਸਦ ਸੀ ਅਤੇ ਉਹੀ ਦੇਸ਼ ਵੀ। ਅੱਜ ਮੋਦੀ ਉਹੀ ਭੂਮਿਕਾ ਨਿਭਾ ਰਿਹਾ ਹੈ। ਫਿਰ ਇੰਦਰਾ ਦੇ ਇਸ ਕੰਮ ਦਾ ਨਤੀਜਾ ਐਮਰਜੈਂਸੀ ਵਿੱਚ ਨਿਕਲਿਆ ਕਿਉਂਕਿ ਜਦੋਂ ਵੀ ਕਿਸੇ ਨੇਤਾ ਦਾ ਕਲਟ ਖੜ੍ਹਾ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸੰਸਦ ਬੌਣੀ ਹੋ ਜਾਂਦੀ ਹੈ। ਅਤੇ ਅਜਿਹੀ ਸੰਸਦ ਲੋਕ-ਤੰਤਰ ਦੀ ਰੱਖਿਆ ਨਹੀਂ ਕਰ ਸਕਦੀ। ਅੱਜ ਵੀ ਅਜਿਹਾ ਹੀ ਹੋ ਰਿਹਾ ਹੈ। ਮੋਦੀ ਸਰਕਾਰ ਦੀ ਇਹ ਇੱਕ ਹੋਰ ਵੱਡੀ ਪ੍ਰਾਪਤੀ ਹੈ!

ਤੀਜੀ ਪ੍ਰਾਪਤੀ ਦਾ ਪ੍ਰਤੀਕ ਸੇਂਗੋਲ ਹੈ! ਲੋਕ-ਤੰਤਰ ਵਿੱਚ ਰਾਜੇ ਦੇ ਦੰਡ ਦਾ ਕੀ ਕੰਮ? ਪਰ ਅੱਜ ਇਸ ਨੂੰ ਨਵੀਂ ਪਾਰਲੀਮੈਂਟ ਵਿੱਚ ਸਪੀਕਰ ਦੇ ਪਿੱਛੇ ਲਗਾਇਆ ਜਾ ਰਿਹਾ ਹੈ। ਅਤੇ ਹਿੰਦੂ ਪਰੰਪਰਾ ਦੇ ਨਾਂ 'ਤੇ ਇਸ ਦੀ ਵਡਿਆਈ ਕੀਤੀ ਜਾ ਰਹੀ ਹੈ।

ਰਾਜਦੰਡ ਕਿਸੇ ਵੀ ਦੌਰ ਵਿੱਚ ਰਾਜਸ਼ਾਹੀ ਦਾ ਪ੍ਰਤੀਕ ਹੋ ਸਕਦਾ ਹੈ, ਕਿਸੇ ਲੋਕ-ਤੰਤਰੀ ਪ੍ਰਣਾਲੀ ਦਾ ਨਹੀਂ। ਹਰ ਸੱਭਿਅਤਾ ਆਪਣੇ ਅਤੀਤ ਤੋਂ ਕੁਝ ਨਾ ਕੁਝ ਸਿੱਖਦੀ ਹੈ। ਉਹ ਆਪਣੀ ਪਰੰਪਰਾ ਨਾਲ ਜੁੜਨ ਦੀ ਭਾਵਨਾ ਨਾਲ ਊਰਜਾਵਾਨ ਹੁੰਦੀ ਹੈ। ਵੈਦਿਕ ਕਾਲ ਤੋਂ ਹੀ ਭਾਰਤੀ ਪਰੰਪਰਾ ਵਿਚਾਰਾਂ ਦੀ ਸੁਤੰਤਰਤਾ ਅਤੇ ਉਨ੍ਹਾਂ ਵਿਚਕਾਰ ਸਿਹਤਮੰਦ ਸੰਵਾਦ ਲਈ ਜਾਣੀ ਜਾਂਦੀ ਹੈ। ਇਸ ਪਰੰਪਰਾ ਵਿੱਚ ਨਿਰਗੁਣ ਨਿਰਾਕਾਰ ਬ੍ਰਹਮ ਵੀ ਹੈ ਤੇ ਸਰਗੁਣ ਪਰਮਾਤਮਾ ਵੀ ਹੈ। ਜੇਕਰ ਕਬੀਰ ਕੋਲ ਨਿਰਗੁਣ ਰਾਮ ਹੈ ਤਾਂ ਤੁਲਸੀ ਕੋਲ ਸਰਗੁਣ ਰਾਮ ਵੀ ਹੈ। ਦੋਵੇਂ ਸਾਡੇ ਵਿਸ਼ਵਾਸ ਦੇ ਪ੍ਰਤੀਕ ਹਨ। ਪਰ ਜਦੋਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਸੀਂ ਸਿਰਫ਼ ਪਰੰਪਰਾ ਨੂੰ ਇੱਕ ਖਾਸ ਢੰਗ ਨਾਲ ਢਾਲ ਕੇ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਧਰਮ ਤਾਂ ਸਿਰਫ਼ ਉਹੀ ਹੈ ਜੋ ਅਸੀਂ ਕਹਿ ਰਹੇ ਹਾਂ, ਤਾਂ ਜਾਣ ਲਓ ਕਿ ਅਜਿਹੇ ਲੋਕਾਂ ਨੂੰ ਨਾ ਤਾਂ ਆਸਥਾ ਦੀ ਪਛਾਣ ਹੈ ਅਤੇ ਨਾ ਹੀ ਭਾਰਤੀਅਤਾ ਦੀ ਸਮਝ ਹੈ।

ਸਮੱਸਿਆ ਸੇਂਗੋਲ ਦੀ ਨਹੀਂ, ਸਗੋਂ ਲੋਕ-ਤੰਤਰ ਦੇ ਮੰਦਰ ਵਿੱਚ ਉਸਦੀ ਸਥਾਪਨਾ ਨਾਲ ਹੈ, ਜਿਸ ਰਾਹੀਂ ਭਾਰਤੀ ਲੋਕ-ਤੰਤਰ ਨੂੰ ਰਾਜਸ਼ਾਹੀ ਵਿੱਚ ਬਦਲਿਆ ਜਾ ਰਿਹਾ ਹੈ ਅਤੇ ਅਜਿਹਾ ਇੱਕ ਵਿਅਕਤੀ ਲਈ ਹੋ ਰਿਹਾ ਹੈ। ਇਸ ਦੇ ਦੂਰਗਾਮੀ ਨਤੀਜੇ ਨਿਕਲਣਗੇ।

***

## ਭਾਰਤ ਦੀਆਂ ਚੋਟੀ ਦੀਆਂ ਖੇਡ

ਖੇਡਾਂ ਵਿੱਚ ਵੱਡੀ ਮਾਤਰਾ ਵਿੱਚ ਸਰਕਾਰੀ ਅਤੇ ਨਿੱਜੀ ਨਿਵੇਸ਼ ਵੀ ਠੋਸ ਨਤੀਜੇ ਦੇਣ ਵਿੱਚ ਅਸਫਲ ਰਿਹਾ ਹੈ। ਇਹਨਾਂ ਅਸਫਲਤਾਵਾਂ ਦਾ ਕਾਰਨ ਅਕਸਰ ਭਾਰਤ ਵਿੱਚ ਖੇਡ ਪ੍ਰਸ਼ਾਸਨ ਦੇ ਮਾਡਲ ਨੂੰ ਦਿੱਤਾ ਜਾਂਦਾ ਹੈ। ਭਾਈ-ਭਤੀਜਾਵਾਦ, ਜਾਗੀਰਦਾਰੀ, ਗੈਰ-ਜਵਾਬਦੇਹੀ ਅਤੇ ਵਿੱਤੀ ਬੇਨਿਯਮੀਆਂ ਦੇ ਦੋਸ਼ ਅਜਿਹੇ ਵਿਚਾਰਾਂ ਨੂੰ ਪ੍ਰਮਾਣਿਤ ਕਰਦੇ ਹਨ। ਪਰ ਅਜੋਕੇ ਸਮੇਂ ਵਿੱਚ, ਜਾਪਦਾ ਹੈ, ਭਾਰਤੀ ਰਾਜ ਨੇ ਖੇਡਾਂ ਵਿੱਚ ਡੂੰਘੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੈ। ਇਹ ਵੇਖਣਾ ਬਾਕੀ ਹੈ ਕਿ ਕੀ ਬਜਟ ਦੀ ਵੰਡ ਵਿੱਚ ਵਾਧਾ ਜ਼ਮੀਨੀ ਪੱਧਰ 'ਤੇ ਕੋਈ ਮਹੱਤਵਪੂਰਨ ਤਬਦੀਲੀ ਲਿਆਏਗਾ ਜਾਂ ਨਹੀਂ। ਭਾਰਤੀ ਖੇਡ ਫੈਡਰੇਸ਼ਨਾਂ ਕੋਲ ਜ਼ਿੰਮੇਵਾਰੀ ਤੋਂ ਬਿਨਾਂ ਸ਼ਕਤੀਆਂ ਹਨ। ਮੁੱਖ ਤੌਰ 'ਤੇ, ਇਹ ਇਸ ਲਈ ਹੈ ਕਿਉਂਕਿ ਲੋਕ ਖੇਡਾਂ ਪ੍ਰਤੀ ਉਦਾਸੀਨ ਹਨ। ਜਦੋਂ ਤੱਕ ਲੋਕ ਇਸ ਉਦਾਸੀਨਤਾ ਨੂੰ ਹੱਲ ਨਹੀਂ ਕਰਦੇ, ਕੋਈ ਬਦਲਾਅ ਨਹੀਂ ਹੋਵੇਗਾ । ਸਮੇਂ ਦੀ ਲੋੜ ਹੈ ਕਿ ਫੈਡਰੇਸ਼ਨਾਂ 'ਤੇ ਨਿਗਰਾਨੀ ਰੱਖਣ ਵਾਲੇ ਵਿਅਕਤੀਆਂ ਨੂੰ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਪਣਾ ਕੰਮ ਕਰਦੇ ਹਨ।

***

## ਕੀ ਦਿੱਲੀ ਯੂਨੀਵਰਸਿਟੀ, ਜੇਐਨਯੂ ਵਰਗੇ

ਸ਼ਾਮਲ ਕੀਤੇ ਜਾ ਰਹੇ ਹਨ। ਆਪਣੇ ਪੱਧਰ 'ਤੇ ਹਨ। ਇਨ੍ਹਾਂ ਦੇ ਨਾਲ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਬੁਨਿਆਦੀ ਕਰਤੱਵਾਂ ਜਾਂ ਭਾਵਨਾਤਮਕ ਬੁੱਧੀ ਜਾਂ ਨੈਸ਼ਨਲ ਕੈਡੇਟ ਕੋਰ ਜਾਂ ਵਿਗਿਆਨ ਅਤੇ ਸਮਾਜ ਵਰਗੇ ਪਰਚੇ ਵੀ ਹਨ।

ਅੰਗਰੇਜ਼ੀ ਵਿੱਚ ਭਾਰਤੀ ਸਾਹਿਤ ਹੈ ਜਿਸ ਵਿੱਚ ਬੰਕਿਮਚੰਦਰ ਦਾ ਆਨੰਦ ਮੱਠ ਅਤੇ ਖਾਸ ਕਰਕੇ ਵੰਦੇ ਮਾਤਰਮ ਕਵਿਤਾ ਨੂੰ ਪੜ੍ਹਨਾ ਹੈ। ਪਰ ਕੀ ਇਸ ਨੂੰ ਆਲੋਚਨਾਤਮਿਕ ਤੌਰ 'ਤੇ ਪੜ੍ਹੇ ਜਾਣਾ ਸੰਭਵ ਹੋਵੇਗਾ? ਸਾਨੂੰ ਜਵਾਬ ਪਤਾ ਹੈ। ਆਯੁਰਵੇਦ ਅਤੇ ਪੋਸ਼ਣ ਵਿੱਚ ਵਿਦਿਆਰਥੀਆਂ ਨੂੰ ਸਾਤਵਿਕ, ਤਾਮਸਿਕ ਭੋਜਨ ਦੀ ਪਛਾਣ ਕਰਨੀ ਪੈਂਦੀ ਹੈ। ਜੰਬੂ ਦੀਪ, ਆਰੀਆਵਰਤਾ, ਭਾਰਤ ਦੇਸ ਦੀ ਚਰਚਾ ਕਰਨੀ ਹੈ। ਉਸ ਨੂੰ ਨੈਤਿਕਤਾ ਆਦਿ ਲਈ ਪੁਰਾਣਾਂ ਤੋਂ ਸਬਕ ਲੈਣਾ ਪੈਂਦਾ ਹੈ।

ਯੂਨੀਵਰਸਿਟੀ ਦੇ ਵਿਹਾਰ ਤੋਂ ਜਾਪਦਾ ਹੈ ਕਿ ਬੋਧੀ, ਜੈਨ , ਸ਼੍ਰਮਣ , ਇਸਲਾਮ ਜਾਂ ਈਸਾਈ ਜਾਂ ਸਿੱਖ ਧਰਮ, ਕਿਸੇ ਕੋਲ ਵੀ ਨੈਤਿਕ ਕਦਰਾਂ-ਕੀਮਤਾਂ ਜਾਂ ਨੈਤਿਕ ਜੀਵਨ ਬਾਰੇ ਦੱਸਣ ਲਈ ਕੁਝ ਨਹੀਂ ਹੈ। ਨਾ ਹੀ ਸਾਡੀਆਂ ਕਬਾਇਲੀ ਪਰੰਪਰਾਵਾਂ ਵਿੱਚ। ਜਾਂ ਸ਼ਾਇਦ ਉਨ੍ਹਾਂ ਨੂੰ ਧਰਮ ਵਰਗੀ ਉੱਚੀ ਪਦਵੀ ਨਹੀਂ ਦਿੱਤੀ ਜਾ ਸਕਦੀ।

ਸਾਡੇ ਪ੍ਰਬੰਧਕਾਂ ਨੂੰ ਇਹ ਨਹੀਂ ਪਤਾ ਕਿ ਇਹ ਸਭ ਆਲੋਚਨਾਤਮਿਕ ਢੰਗ ਨਾਲ ਪੜ੍ਹਿਆ ਅਤੇ ਪੜ੍ਹਾਇਆ ਜਾ ਸਕਦਾ ਹੈ। ਉਨ੍ਹਾਂ ਦੇ ਨਾਲ-ਨਾਲ ਤੁਹਾਨੂੰ ਆਰ.ਐੱਸ.ਐੱਸ. ਦੇ ਪ੍ਰਚਾਰਕਾਂ ਨੂੰ ਵੀ ਅਧਿਆਪਕ ਤੌਰ ਉਪਰ ਲਿਆਉਣਾ ਹੋਵੇਗਾ ਤਾਂ ਜੋ ਉਹ ਵਿਦਿਆਰਥੀਆਂ ਨੂੰ ਸੰਘ ਦੀ ਹਿੰਦੂਤਵੀ ਵਿਚਾਰਧਾਰਾ ਨਾਲ ਜੋੜ ਸਕਣ। ਇਸੇ ਕਰਕੇ ਵੱਡੀ ਗਿਣਤੀ ਵਿੱਚ ਸੰਘੀ ਵਿਚਾਰਧਾਰਾ ਵਾਲੇ ਅਧਿਆਪਕਾਂ ਦੀ ਤੇਜ਼ੀ ਨਾਲ ਬਹਾਲੀ ਕੀਤੀ ਜਾ ਰਹੀ ਹੈ। ਦੱਸਿਆ ਜਾਂਦਾ ਹੈ ਕਿ ਜ਼ਿਆਦਾਤਰ ਨਿਯੁਕਤੀਆਂ ਸੰਘ ਦੀ ਸਿਫਾਰਿਸ਼ 'ਤੇ ਕੀਤੀਆਂ ਜਾ ਰਹੀਆਂ ਹਨ। ਇੱਥੇ ਇਹ ਵੀ ਸਮੱਸਿਆ ਹੈ ਕਿ ਇਹਨਾਂ ਵਿੱਚ ਸਾਰੇ ਕੱਟੜ ਸੰਘੀ ਨਹੀਂ ਹਨ। ਕੀ ਉਹ ਪੜ੍ਹਾਉਂਦੇ ਸਮੇਂ ਸੰਘ ਦੇ ਪ੍ਰਚਾਰਕ ਵਜੋਂ ਹਿੰਦੂਤਵ ਪ੍ਰਤੀ ਪ੍ਰਤੀਬੱਧ ਹੋਣਗੇ? ਜਾਂ ਕੀ ਉਹ ਆਪ ਗਿਆਨ ਪ੍ਰਤੀ ਆਪਣੇ ਫਰਜ਼ ਨਿਭਾ ਸਕਣਗੇ ਜਿਵੇਂ ਉਹਨਾਂ ਨੇ ਇਹ ਪ੍ਰਾਪਤ ਕੀਤਾ ਹੈ? ਮੰਨਿਆ ਜਾਂਦਾ ਹੈ ਕਿ ਜਦੋਂ ਹਿੰਦੂਤਵੀ ਅਧਿਆਪਕਾਂ ਦੀ ਗਿਣਤੀ ਕਾਫ਼ੀ ਹੋ ਜਾਵੇਗੀ ਤਾਂ ਹਰ ਜਮਾਤ ਨੂੰ ਸੰਘ ਦੀ ਸ਼ਾਖਾ ਵਾਂਗ ਚਲਾਇਆ ਜਾ ਸਕੇਗਾ। ਪੁਰਾਣੇ ਅਧਿਆਪਕ ਸੇਵਾ-ਮੁਕਤ ਹੋ ਚੁੱਕੇ ਹੋਣਗੇ ਜਾਂ ਫਿਰ ਹਟਾ ਦਿੱਤੇ ਜਾਣਗੇ।

ਜੋ ਵੀ ਹੋਵੇ, ਇਹ ਗੱਲ ਤੈਅ ਹੈ ਕਿ ਲਗਭਗ ਹਰ ਥਾਂ, ਜਿੰਨਾ ਸੰਭਵ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਪਾਠਕ੍ਰਮ ਨੂੰ ਹਿੰਦੂਤਵ ਦੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਕੋਲ ਇਸ ਲਈ ਲੋੜੀਂਦੀ ਸਮੱਗਰੀ ਵੀ ਨਹੀਂ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨਾ ਤਾਂ ਇਤਿਹਾਸਕਾਰ ਹੈ, ਨਾ ਸਮਾਜ-ਵਿਗਿਆਨੀ ਅਤੇ ਨਾ ਹੀ ਮਨੋਵਿਗਿਆਨੀ। ਇਸ ਦੀ ਪੂਰਤੀ ਕਿਵੇਂ ਹੋਵੇਗੀ? ਇੱਕ ਗੱਲ ਹੋਰ ਇਹ ਹੈ ਕਿ ਇਹਨਾਂ ਨੇ ਹੁਣ ਮੰਨੇ ਜਾਂਦੇ ਵਿਦਵਾਨਾਂ ਨੂੰ ਬਦਨਾਮ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ।

ਮੇਰੀ ਜਮਾਤ ਵਿਚ ਆਰੀਆ ਸ਼ਬਦ 'ਤੇ ਚਰਚਾ ਦੌਰਾਨ ਮੈਂ ਵਿਦਿਆਰਥੀਆਂ ਨੂੰ ਰੋਮਿਲਾ ਥਾਪਰ ਪੜ੍ਹਨ ਲਈ ਕਿਹਾ। ਉਹਨਾਂ ਦੱਸਿਆ ਕਿ ਇੱਕ ਅਧਿਆਪਕ ਨੇ ਕਿਹਾ ਕਿ ਰੋਮਿਲਾ ਥਾਪਰ ਬਿਲਕੁਲ ਵੀ ਇਤਿਹਾਸਕਾਰ ਨਹੀਂ ਹੈ। ਉਹ ਸਿਰਫ਼ ਆਪਣੇ ਇਰਾਦੇ ਨਾਲ ਲਿਖਦੇ ਹਨ। ਮੈਂ ਇਨ੍ਹਾਂ ਹੀ ਵਿਦਿਆਰਥੀਆਂ ਨੂੰ ਰੋਮਿਲਾ ਨੂੰ ਪੜ੍ਹਨ ਲਈ ਕਹਿ ਰਿਹਾ ਸੀ! ਵਿਦਿਆਰਥੀ ਇੰਨੇ ਸਿਆਣੇ ਹਨ ਕਿ ਉਹ ਜਾਣਦੇ ਹਨ ਕਿ ਕਿਸ 'ਤੇ ਭਰੋਸਾ ਕਰਨਾ ਹੈ ਪਰ ਗਿਆਨ ਦੀ ਦੁਨੀਆ ਵਿਚ ਪ੍ਰਵਾਨਿਤ ਗਿਆਨ ਬਾਰੇ ਉਨ੍ਹਾਂ ਦੇ ਮਨ ਵਿਚ ਸ਼ੱਕ ਜਾਂ ਭੰਬਲਭੂਸਾ ਪੈਦਾ ਕੀਤਾ ਜਾ ਰਿਹਾ ਹੈ। ਗਿਆਨ ਤੋਂ ਦੂਰ ਕੀਤਾ ਜਾ ਰਿਹਾ ਹੈ।

ਇਹ ਸਭ ਕੁਝ ਦਿੱਲੀ ਯੂਨੀਵਰਸਿਟੀ ਵਰਗੇ ਜਨਤਕ ਵਿੱਦਿਅਕ ਅਦਾਰੇ ਵਿੱਚ ਕੀਤਾ ਜਾ ਰਿਹਾ ਹੈ। ਅਸ਼ੋਕਾ, ਜਿੰਦਲ ਜਾਂ ਕ੍ਰਿਆ ਵਰਗੀਆਂ ਯੂਨੀਵਰਸਿਟੀਆਂ ਇਸ ਹੰਕਾਰ ਤੋਂ ਬਚ ਗਈਆਂ ਹਨ। ਇੱਥੇ ਆਉਣ ਵਾਲੀਆਂ ਵਿਦੇਸ਼ੀ ਯੂਨੀਵਰਸਿਟੀਆਂ ਵੀ ਇਹ ਕੋਰਸ ਨਹੀਂ ਪੜ੍ਹਾਉਣਗੀਆਂ। ਇਸ ਲਈ ਦਿੱਲੀ ਯੂਨੀਵਰਸਿਟੀ ਜਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਹਿੰਦੂਤਵ ਦਾ ਸਿਖਲਾਈ ਕੇਂਦਰ ਬਣੇ ਰਹਿਣਗੇ ਅਤੇ ਇਹ ਨਿਵੇਕਲੀ ਯੂਨੀਵਰਸਿਟੀਆਂ ਗਿਆਨ ਦੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਭਾਰਤ ਦੀਆਂ ਪ੍ਰਤੀਨਿਧ ਹੋਣਗੀਆਂ। ਇਨ੍ਹਾਂ ਵਿੱਚ ਭਾਰਤ ਦਾ ਆਮ ਆਦਮੀ ਕਿੱਥੇ ਹੋਵੇਗਾ, ਇਹ ਦੱਸਣਾ ਇੰਨਾ ਮੁਸ਼ਕਲ ਹੈ?

***

## ਹੌਲੀ-ਹੌਲੀ ਖ਼ੁਦਕੁਸ਼ੀ ਵੱਲ

ਸਨਸ ਕੈਨ ਵਿਕਣ ਲੱਗ ਪਏ। ਸਵੀਡਨ ਸਰਕਾਰ ਭਾਵੇਂ ਜਾਣਦੀ ਹੈ ਕਿ ਸਿਗਰਟ ਵਿਕਰੀ ਤੋਂ ਸਰਕਾਰ ਨੂੰ ਟੈਕਸ ਦੇ ਰੂਪ ਵਿੱਚ ਬਹੁਤ ਵੱਡੀ ਰਕਮ ਮਿਲਦੀ ਹੈ, ਪਰ ਆਪਣੇ ਦੇਸ਼ ਦੀ ਜਨਤਾ ਦੇ ਲਈ ਉਹਨਾਂ ਨੇ ਇਹ ਫੈਸਲਾ ਲਿਆ।

**ਨਿਊਜ਼ੀਲੈਂਡ:** ਨਿਊਜ਼ੀਲੈਂਡ ਨੇ 2025 ਤਕ ਸਿਗਰਟਨੋਸ਼ੀ ਮੁਕਤ ਦੇਸ਼ ਬਣਾਉਣ ਦਾ ਟੀਚਾ ਰਖਿਆ, ਉਥੇ ਸਿਗਰਟਨੋਸ਼ੀ ਨੂੰ ਖਤਮ ਕਰਨ ਲਈ ਪੜਾਅ ਵਾਰ ਯੋਜਨਾ ਨੂੰ ਲਾਗੂ ਕੀਤਾ ਜਾ ਰਿਹਾ ਹੈ। ਨਿਊਜੀਲੈਂਡ ਵਿੱਚ ਸਿਗਰਟ ਖ਼ਰੀਦਣ ਲਈ ਆਈ ਡੀ ਦਿਖਾਉਣਾ ਲਾਜ਼ਮੀ ਹੋਵੇਗਾ। ਜਾਰੀ ਅੰਕੜਿਆਂ ਮੁਤਾਬਿਕ ਸਟੈਟਿਸਟਿਕਸ ਨਿਊਜ਼ੀਲੈਂਡ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਿਕ 2022 ਵਿਚ ਨਿਊਜ਼ੀਲੈਂਡ ਦੇ ਲਗਭਗ 8 ਫੀਸਦੀ ਬਾਲਗ ਰੋਜ਼ਾਨਾ ਸਿਗਰਟ ਪੀਂਦੇ ਹਨ ਪਰ 10 ਸਾਲ ਪਹਿਲਾਂ ਦੇ ਮੁਕਾਬਲੇ ਇਹ 16 ਫੀਸਦੀ ਘੱਟ ਗਿਆ।

**ਆਸਟ੍ਰੇਲੀਆ:** ਆਸਟ੍ਰੇਲੀਆ ਦੀ ਸਰਕਾਰ ਨੇ ਸਿਗਰਟਨੋਸ਼ੀ ਅਤੇ ਈ ਸਿਗਰਟ 'ਤੇ ਵੱਡੀ ਕਾਰਵਾਈ ਕੀਤੀ ਹੈ ਤੇ ਕਿਹਾ ਹੈ ਕਿ ਅਗਲੇ ਚਾਰ ਸਾਲਾਂ ਦੌਰਾਨ ਉਹ ਆਪਣੇ ਤੰਬਾਕੂ ਉਤਪਾਦਕਾਂ ਤੇ ਅਰਬਾਂ ਡਾਲਰ ਦਾ ਟੈਕਸ ਵਧਾਏਗੀ। ਸਿਹਤ ਮੰਤਰੀ ਮਾਰਕ ਬਟਲਰ ਨੇ ਕਿਹਾ ਕਿ ਸਾਡਾ ਮੁੱਖ ਟੀਚਾ ਅਗਲੀ ਪੀੜ੍ਹੀ ਨੂੰ ਨਿਕੋਟੀਨ ਦੇ ਆਦੀ ਹੋਣ ਤੋਂ ਬਚਾਉਣਾ ਹੈ। ਆਸਟ੍ਰੇਲੀਅਨ ਸਰਕਾਰ ਅਗਲੇ ਚਾਰ ਸਾਲਾਂ ਵਿੱਚ ਤੰਬਾਕੂ ਪਦਾਰਥਾਂ 'ਤੇ ਟੈਕਸ 3.3 ਬਿਲੀਅਨ ਆਸਟ੍ਰੇਲੀਅਨ ਡਾਲਰ ਤਕ ਵਧਾਇਆ ਜਾਵੇਗਾ। ਇਸ ਤੋਂ ਇਲਾਵਾ ਈ ਸਿਗਰਟਾਂ 'ਤੇ ਸਖ਼ਤ ਕੰਟਰੋਲ ਕਰਕੇ 23.4 ਕਰੋੜ ਆਸਟ੍ਰੇਲੀਅਨ ਡਾਲਰ ਦਾ ਟੈਕਸ ਪ੍ਰਾਪਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪ੍ਰਚੂਨ ਵਿਕਰੀ 'ਤੇ ਪਾਬੰਦੀ ਲਗਾਈ ਜਾਵੇਗੀ। ਨਸ਼ੇ ਦੇ ਆਦੀ ਲੋਕਾਂ ਲਈ ਡਾਕਟਰੀ ਸਲਾਹ ਪ੍ਰਕਿਰਿਆ ਆਸਾਨ ਕੀਤੀ ਜਾਵੇਗੀ। ਆਸਟ੍ਰੇਲੀਆ ਸਰਕਾਰ ਕਾਫ਼ੀ ਲੰਬੇ ਸਮੇਂ ਤੋਂ ਸਿਗਰਟਨੋਸ਼ੀ ਨੂੰ ਖਤਮ ਕਰਨ ਲਈ ਕੋਸ਼ਿਸ਼ ਵਿੱਚ ਸਭ ਤੋਂ ਅੱਗੇ ਹੈ। ਸਾਲ 2012 ਵਿਚ ਸਿਗਰਟਾਂ ਲਈ ਪਲੇਨ ਪੈਕਜਿੰਗ ਕਾਨੂੰਨ ਲਾਗੂ ਕਰਨ ਵਾਲਾ ਆਸਟ੍ਰੇਲੀਆ ਪਹਿਲਾ ਦੇਸ਼ ਹੈ।

**ਬੈਲਜੀਅਮ:** ਬੈਲਜੀਅਮ ਵਿੱਚ ਵੀ ਸਟੇਸ਼ਨਾਂ ਦੇ ਉੱਤੇ ਸਖ਼ਤੀ ਦੇ ਨਾਲ ਕਿਹਾ ਗਿਆ ਹੈ ਕਿ ਸਿਗਰਟ ਦੀ ਵਰਤੋ ਨਾ ਕੀਤੀ ਜਾਵੇ ਤਾਂ ਕਿ ਤੰਬਾਕੂ ਮੁਕਤ ਵਾਤਾਵਰਨ ਬਣਿਆ ਰਹੇ ਅਤੇ ਸਟਾਫ ਨੂੰ ਕੋਈ ਨੁਕਸਾਨ ਨਾ ਪਹੁੰਚੇ।

**ਫਿਨਲੈਂਡ:** 1978 ਦੌਰਾਨ ਫਿਨਲੈਂਡ ਵਿੱਚ ਸਿਗਰਟ ਤੇ ਤੰਬਾਕੂ ਦੇ ਇਸ਼ਤਿਹਾਰਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ, 1995 ਵਿੱਚ ਜਨਤਕ ਥਾਂਵਾਂ 'ਤੇ ਸਿਗਰਟ 'ਤੇ ਪੂਰਨ ਪਾਬੰਦੀ ਲਗਾਈ ਗਈ। 2010 ਵਿੱਚ ਪੂਰਾ ਫੈਸਲਾ ਕੀਤਾ ਗਿਆ ਕਿ 2040 ਤਕ ਸਿਗਰਟਨੋਸ਼ੀ 'ਤੇ ਪੂਰਨ ਪਾਬੰਦੀ ਲਗਾਈ ਜਾਵੇਗੀ।

**ਭੂਟਾਨ :** ਭੂਟਾਨ ਨੇ 22 ਫਰਵਰੀ 2005 ਵਿੱਚ ਸਿਗਰਟ 'ਤੇ ਪਾਬੰਦੀ ਲਗਾਈ ਸੀ।

ਪੰਜਾਬ ਸਮੇਤ ਪੂਰੇ ਭਾਰਤ 'ਚ ਸਰਕਾਰਾਂ ਵੱਲੋਂ ਭਾਵੇਂ ਤੰਬਾਕੂਨੋਸ਼ੀ ਤੋਂ ਬਚਾਓ ਲਈ ਅਨੇਕਾਂ ਕਦਮ ਚੁੱਕੇ ਜਾ ਰਹੇ ਹਨ ਪਰ ਆਮ ਲੋਕਾਂ ਨੂੰ ਵੀ ਇਸ ਸਬੰਧੀ ਸੁਚੇਤ ਹੋਣਾ ਚਾਹੀਦਾ ਹੈ। ਤੰਬਾਕੂ ਦੇ ਮਾੜੇ ਪ੍ਰਭਾਵ ਅਤੇ ਮਾੜੇ ਨਤੀਜਿਆਂ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਦੀ ਲੋੜ ਹੈ। ਸਾਡਾ ਫ਼ਰਜ਼ ਵੀ ਬਣਦਾ ਹੈ ਕਿ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਸੁਚੇਤ ਕਰੀਏ।

***

### ਮਿਲਖਾ ਸਿੰਘ (ਐਥਲੀਟ)

ਭਾਰਤ ਦੇ ਦੌੜਾਕ ਮਿਲਖਾ ਸਿੰਘ, ਜਿਸ ਨੂੰ ਫਲਾਇੰਗ ਸਿੱਖ ਵਜੋਂ ਜਾਣਿਆ ਜਾਂਦਾ ਹੈ, ਦੇਸ਼ ਦਾ ਇਕਲੌਤਾ ਐਥਲੀਟ ਹੈ ਜਿਸ ਨੇ ਏਸ਼ੀਆਈ ਖੇਡਾਂ ਅਤੇ ਰਾਸ਼ਟਰ ਮੰਡਲ ਖੇਡਾਂ ਵਿੱਚ 400 ਮੀਟਰ ਵਿੱਚ ਸੋਨ ਤਗਮਾ ਜਿੱਤਿਆ ਹੈ। ਮਿਲਖਾ ਸਿੰਘ ਨੇ 1958 ਅਤੇ 1962 ਏਸ਼ਿਆਈ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ ਅਤੇ 1956, 1960 ਅਤੇ 1964 ਉਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ।

### ਪੀਟੀ ਊਸ਼ਾ (ਐਥਲੀਟ)

ਭਾਰਤੀ ਮਹਿਲਾ ਦੌੜਾਕ ਪੀਟੀ ਊਸ਼ਾ ਦੇਸ਼ ਦੀ ਸਭ ਤੋਂ ਵਧੀਆ ਐਥਲੀਟਾਂ ਵਿੱਚੋਂ ਇੱਕ ਹੈ। ਉਸ ਨੇ ਏਸ਼ਿਆਈ ਖੇਡਾਂ ਵਿੱਚ ਚਾਰ ਸੋਨ ਅਤੇ ਸੱਤ ਚਾਂਦੀ ਦੇ ਤਗਮੇ ਜਿੱਤੇ ਹਨ। ਉਸ ਦੇ ਪ੍ਰਦਰਸ਼ਨ ਨੂੰ ਦੇਖਦੇ ਹੋਏ ਉਸ ਨੂੰ ਭਾਰਤੀ ਟ੍ਰੈਕ ਐਂਡ ਫੀਲਡ ਦੀ ਰਾਣੀ ਕਿਹਾ ਜਾਂਦਾ ਹੈ। ਪੀਟੀ ਊਸ਼ਾ ਇਸ ਸਮੇਂ ਰਾਜ ਸਭਾ ਦੀ ਮੈਂਬਰ ਹੈ।

### ਸਚਿਨ ਤੇਂਦੂਲਕਰ (ਕ੍ਰਿਕਟ)

ਸਾਬਕਾ ਭਾਰਤੀ ਬੱਲੇਬਾਜ਼ ਸਚਿਨ ਤੇਂਦੁਲਕਰ ਕ੍ਰਿਕਟ ਦੇ ਮਹਾਨ ਖਿਡਾਰੀਆਂ ਵਿੱਚੋਂ ਇੱਕ ਹਨ। ਉਸਨੇ ਸਿਰਫ਼ 16 ਸਾਲ ਦੀ ਉਮਰ ਵਿੱਚ ਕ੍ਰਿਕਟ ਵਿੱਚ ਆਪਣਾ ਡੈਬਿਊ ਕੀਤਾ ਸੀ। ਸਚਿਨ ਨੇ ਭਾਰਤ ਲਈ ਛੇ ਵਿਸ਼ਵ ਕੱਪ ਖੇਡੇ ਅਤੇ ਵਿਸ਼ਵ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਰਿਕਾਰਡ ਆਪਣੇ ਨਾਂ ਕੀਤਾ। ਸਚਿਨ ਦੇ ਨਾਂ ਸਾਰੇ ਫਾਰਮੈਟਾਂ 'ਚ 100 ਸੈਂਕੜੇ ਲਗਾਉਣ ਦਾ ਰਿਕਾਰਡ ਵੀ ਹੈ, ਜਿਸ ਨੂੰ ਹੁਣ ਤੱਕ ਦੁਨੀਆ 'ਚ ਕਿਸੇ ਨੇ ਨਹੀਂ ਤੋੜਿਆ ਹੈ। ਇਸ ਤੋਂ ਇਲਾਵਾ ਉਹ ਵਨਡੇ 'ਚ ਡੈਬਿਊ 'ਤੇ ਦੋਹਰਾ ਸੈਂਕੜਾ ਲਗਾਉਣ ਵਾਲੇ ਦੁਨੀਆਂ ਦੇ ਪਹਿਲੇ ਬੱਲੇਬਾਜ਼ ਹਨ। ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਮੱਦੇ-ਨਜ਼ਰ ਉਨ੍ਹਾਂ ਨੂੰ ਦੇਸ਼ ਦੇ ਸਰਬ-ਉੱਚ ਸਨਮਾਨ ਭਾਰਤ ਰਤਨ ਨਾਲ ਵੀ ਨਿਵਾਜਿਆ ਗਿਆ ਹੈ।

### ਨੀਰਜ ਚੋਪੜਾ (ਜੈਵਲਿਨ ਥ੍ਰੋਅਰ)

ਟੋਕੀਓ ਉਲੰਪਿਕ 'ਚ ਸੋਨ ਤਮਗਾ ਜਿੱਤ ਕੇ ਇਤਿਹਾਸ ਰਚਣ ਵਾਲੇ ਭਾਰਤ ਦੇ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਪਿਛਲੇ ਕੁਝ ਸਾਲਾਂ 'ਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਨੀਰਜ ਨੇ ਟੋਕੀਓ ਉਲੰਪਿਕ 'ਚ ਸੋਨ ਤਮਗਾ ਜਿੱਤਿਆ, ਜੋ ਇਨ੍ਹਾਂ ਖੇਡਾਂ 'ਚ ਭਾਰਤ ਦਾ ਪਹਿਲਾ ਸੋਨ ਤਮਗਾ ਸੀ। ਨੀਰਜ ਉਲੰਪਿਕ 'ਚ ਸੋਨ ਤਗਮਾ ਜਿੱਤਣ ਵਾਲਾ ਪਹਿਲਾ ਟ੍ਰੈਕ ਐਂਡ ਫੀਲਡ ਐਥਲੀਟ ਬਣ ਗਿਆ ਹੈ। ਉਸ ਨੇ ਇਸ ਸਾਲ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ। ਨੀਰਜ ਦਾ ਨਿੱਜੀ ਸਰਵੋਤਮ ਪ੍ਰਦਰਸ਼ਨ 89.94 ਮੀਟਰ ਹੈ, ਜੋ ਉਸਨੇ ਇਸ ਸਾਲ ਦੇ ਸ਼ੁਰੂ ਵਿੱਚ ਸਟਾਕਹੋਮ ਡਾਇਮੰਡ ਲੀਗ ਵਿੱਚ ਬਣਾਇਆ ਸੀ। ਇਹ ਰਾਸ਼ਟਰੀ ਰਿਕਾਰਡ ਵੀ ਹੈ। ਉਲੰਪਿਕ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਗਮੇ ਜਿੱਤਣ ਤੋਂ ਇਲਾਵਾ, ਨੀਰਜ ਨੇ 2018 ਏਸ਼ੀਆਈ ਖੇਡਾਂ ਅਤੇ 2018 ਰਾਸ਼ਟਰ ਮੰਡਲ ਖੇਡਾਂ ਵਿੱਚ ਸੋਨ ਤਗਮੇ ਜਿੱਤੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com